Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 248 | Friday, December 17, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਇਹ ਵੀ ਪੜ੍ਹੋ

ਫੈਡਰਲ ਸਰਕਾਰ ਵੱਲੋਂ ਕੈਨੇਡੀਅਨਜ਼ ਨੂੰ ਗੈਰ ਜ਼ਰੂਰੀ ਇੰਟਰਨੈਸ਼ਨਲ ਟਰੈਵਲ ਨਾ ਕਰਨ ਦੀ ਸਲਾਹ


ਪੰਨਾ 03

ਕੇਜਰੀਵਾਲ ਨੇ ਪੰਜਾਬ ਦੀ ਚੰਨੀ ਸਰਕਾਰ ਨੂੰ ਸਭ ਤੋਂ ਵੱਡੀ ਡਰਾਮੇਬਾਜ਼ ਆਖਿਆ


ਪੰਨਾ 05

# ਕੰਜ਼ਰਵੇਟਿਵ ਐਮਪੀਜ਼ ਨੂੰ ਇੰਟਰਨੈਸ਼ਨਲ ਟਰੈਵਲ ਕਰਨ ਦੀ ਖੁੱਲ੍ਹ, ਲਿਬਰਲ ਤੇ ਐਨਡੀਪੀ ਐਮਪੀਜ਼ ਨਹੀਂ ਕਰ ਸਕਣਗੇ ਅਜਿਹਾ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਐਮਪੀਜ਼ ਨੂੰ ਛੁੱਟੀਆਂ ਵਿੱਚ ਕੌਮਾਂਤਰੀ ਪੱਧਰ ਉੱਤੇ ਕਿਤੇ ਵੀ ਟਰੈਵਲ ਕਰਨ ਦੀ ਖੁੱਲ੍ਹ ਹੋਵੇਗੀ ਜਦਕਿ ਲਿਬਰਲ ਤੇ ਐਨਡੀਪੀ ਐਮਪੀਜ਼ ਨੂੰ ਦੇਸ਼ ਵਿੱਚ ਹੀ ਰਹਿਣ ਦੀ ਹਦਾਇਤ ਕੀਤੀ ਗਈ ਹੈ। ਪਿਛਲੇ ਸਾਲ ਵੱਖ ਵੱਖ ਵੈਕੇਸ਼ਨ ਡੈਸਟੀਨੇਸ਼ਨ ਉੱਤੇ ਗਏ ਸਿਆਸਤਦਾਨਾਂ ਨੇ ਲੋਕਾਂ ਦਾ ਕਾਫੀ ਧਿਆਨ ਖਿੱਚਿਆ ਸੀ ਕਿਉਂਕਿ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਨੇ ਕੈਨੇਡੀਅਨਜ਼ ਨੂੰ ਟਰੈਵਲ ਕਰਨ ਤੇ ਇੱਕਠ ਵਿੱਚ ਜਾਣ ਤੋਂ ਮਨ੍ਹਾਂ ਕੀਤਾ ਸੀ। ਬੁੱਧਵਾਰ ਨੂੰ ਵੀ ਫੈਡਰਲ ਲਿਬਰਲ ਸਰਕਾਰ ਵੱਲੋਂ ਇੱਕ ਐਡਵਾਈਜ਼ਰੀ ਜਾਰੀ ਕੀਤੀ ਗਈ ਜਿਸ ਵਿੱਚ ਕੈਨੇਡੀਅਨਜ਼ ਨੂੰ ਓਮਾਈਕ੍ਰੌਨ ਵੇਰੀਐਂਟ ਦੇ ਤੇਜ਼ੀ ਨਾਲ ਵੱਧ ਰਹੇ ਮਾਮਲਿਆਂ ਕਾਰਨ ਗੈਰ ਜ਼ਰੂਰੀ ਇੰਟਰਨੈਸ਼ਨਲ ਟਰੈਵਲ ਨਾ ਕਰਨ ਲਈ ਆਖਿਆ ਗਿਆ।



ਲਿਬਰਲ ਹਾਊਸ ਲੀਡਰ ਮਾਰਕ ਹਾਲੈਂਡ ਨੇ ਆਖਿਆ ਕਿ ਜਨਵਰੀ ਵਿੱਚ ਉਨ੍ਹਾਂ ਵੱਲੋਂ ਆਪਣੇ ਕਿਸੇ ਪਰਿਵਾਰਕ ਮੈਂਬਰ ਦਾ 70ਵਾਂ ਜਨਮਦਿਨ ਮਨਾਉਣ ਲਈ ਇੰਟਰਨੈਸ਼ਨਲ ਟਰਿੱਪ ਕਰਨਾ ਸੀ ਪਰ ਹੁਣ ਉਨ੍ਹਾਂ ਇਹ ਟਰਿੱਪ ਰੱਦ ਕਰ ਦਿੱਤਾ ਹੈ।

...ਬਾਕੀ ਪੰਨਾ 6 'ਤੇ

# ਸੀ ਐਨ ਟਾਵਰ ਤੋਂ ਸ਼ੀਸ਼ਾ ਟੁੱਟ ਕੇ ਹੇਠਾਂ ਡਿੱਗਿਆ

ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : ਤੇਜ਼ ਹਵਾਵਾਂ ਚੱਲਣ ਤੋਂ ਬਾਅਦ ਵੀਰਵਾਰ ਨੂੰ ਸੀ ਐਨ ਟਾਵਰ ਤੋਂ ਇੱਕ ਸ਼ੀਸ਼ਾ ਟੁੱਟ ਕੇ ਹੇਠਾਂ ਡਿੱਗ ਗਿਆ।




ਇਸ ਘਟਨਾ ਤੋਂ ਬਾਅਦ ਤੋਂ ਹੀ ਟੋਰਾਂਟੋ ਦਾ ਇਹ ਟਾਵਰ ਬੰਦ ਕਰ ਦਿੱਤਾ ਗਿਆ ਹੈ ਤੇ ਇਸ ਇਲਾਕੇ ਵਿੱਚ ਕੁੱਝ ਸੜਕਾਂ ਨੂੰ ਵੀ ਬੰਦ ਕਰ ਦਿੱਤਾ ਗਿਆ। ਟਵਿੱਟਰ ਉੱਤੇ ਟੋਰਾਂਟੋ ਪੁਲਿਸ ਨੇ ਆਖਿਆ ਕਿ ਬ੍ਰੈਮਨਰ ਬੋਲੀਵੀਆਰਡ ਲੋਅਰ ਸਿਮਕੋਅ ਤੇ ਨੇਵੀ ਵ੍ਹਾਰਫ ਕੋਰਟ ਦਰਮਿਆਨ ਬੰਦ ਕਰ ਦਿੱਤਾ ਗਿਆ ਹੈ। ਸੀ ਐਨ ਟਾਵਰ ਦੇ ਸਟਾਫ ਵੱਲੋਂ ਇਲਾਕੇ ਨੂੰ ਸਕਿਓਰ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਇਹ ਸਲਾਹ ਦਿੱਤੀ ਜਾ ਰਹੀ ਹੈ ਕਿ ਜੇ ਉਨ੍ਹਾਂ ਨੂੰ ਇਸ ਇਲਾਕੇ ਵਿੱਚੋਂ ਲੰਘਣਾਂ ਪੈਂਦਾ ਵੀ ਹੈ ਤਾਂ ਅਹਿਤਿਆਤ ਤੋਂ ਕੰਮ ਲੈਣ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਅਜੇ ਤੱਕ ਨਹੀਂ ਮਿਲੀ ਹੈ।

# ਓਮਾਈਕ੍ਰੌਨ ਦੇ ਪਸਾਰ ਨੂੰ ਰੋਕਣ ਲਈ ਮਾਹਿਰਾਂ ਨੇ ਸੰਪਰਕ ਵਿੱਚ 50 ਫੀ ਸਦੀ ਕਟੌਤੀ ਦੀ ਦਿੱਤੀ ਸਲਾਹ

ਓਨਟਾਰੀਓ, 16 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਕੋਵਿਡ-19 ਪੈਨਲ ਦੇ ਮਾਹਿਰ ਸਲਾਹਕਾਰਾਂ ਵੱਲੋਂ ਓਮਾਈਕ੍ਰੌਨ ਵੇਰੀਐਂਟ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਵੈਕਸੀਨ ਦੀਆਂ ਬੂਸਟਰ ਡੋਜ਼ਾਂ ਨੂੰ ਵਧਾਉਣ ਤੇ ਸਖ਼ਤ ਪਬਲਿਕ ਹੈਲਥ ਮਾਪਦੰਡ ਅਪਨਾਉਣ ਦੀ ਮੰਗ ਕੀਤੀ ਜਾ ਰਹੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਸ ਪਾਸੇ ਕੁੱਝ ਨਾ ਕੀਤਾ ਗਿਆ ਤਾਂ ਕੋਵਿਡ-19 ਦੇ ਮਾਮਲੇ ਇੱਕ ਵਾਰੀ ਫਿਰ 10,000 ਰੋਜ਼ਾਨਾ ਤੱਕ ਵੱਧ ਜਾਣਗੇ।

ਓਨਟਾਰੀਓ ਸਾਇੰਸ ਟੇਬਲ ਦਾ ਕਹਿਣਾ ਹੈ ਕਿ ਪ੍ਰੋਵਿੰਸ ਭਰ ਦੀ ਹਰ ਯੂਨਿਟ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧੇ ਦੀ ਰਿਪੋਰਟ ਕਰ ਰਹੀ ਹੈ ਤੇ ਇਸ ਹਫਤੇ ਓਮਾਈਕ੍ਰੌਨ ਦੇ ਡੈਲਟਾ ਵੇਰੀਐਂਟ ਨੂੰ ਟੱਪ ਜਾਣ ਦਾ ਖਦਸ਼ਾ ਹੈ। ਕੋਵਿਡ-19 ਕਾਰਨ ਲੋਕਾਂ ਦੇ ਹਸਪਤਾਲ ਦਾਖਲ ਹੋਣ ਤੇ ਆਈਸੀਯੂ



ਦਾਖਲ ਹੋਣ ਦਾ ਸਿਲਸਿਲਾ ਵੱਧ ਰਿਹਾ ਹੈ। ਜੇ ਇਹੋ ਹਾਲ ਰਿਹਾ ਤੇ ਸਖ਼ਤ ਪਬਲਿਕ ਹੈਲਥ ਮਾਪਦੰਡ ਨਾ ਅਪਣਾਏ ਗਏ ਤਾਂ ਇਸ ਮਹੀਨੇ ਦੇ ਅੰਤ ਵਿੱਚ ਆਈਸੀਯੂ ਵਿੱਚ 600 ਤੋਂ ਵੱਧ ਲੋਕ ਦਾਖਲ ਹੋਣਗੇ। ਪੈਨਲ ਨੇ ਆਖਿਆ ਕਿ ਫੌਰੀ ਤੌਰ ਉੱਤੇ ਇਸ ਸਰਕਟ ਨੂੰ 50 ਫੀ ਸਦੀ ਦੇ ਹਿਸਾਬ ਨਾਲ ਤੋੜਨ ਦੀ ਲੋੜ ਹੈ। ਪ੍ਰੋਵਿੰਸ ਦੇ ਸਾਇੰਸ ਟੇਬਲ ਦੇ ਕੋ-ਚੇਅਰ ਡਾ. ਆਦੇਲਸਟੇਨ ਬ੍ਰਾਊਨ ਦਾ ਕਹਿਣਾ ਹੈ ਕਿ ਸਾਇੰਸ ਟੇਬਲ ਲਾਕਡਾਊਨ ਜਾਂ ਘਰੇ ਰਹਿਣ ਦੇ ਹੁਕਮ ਜਾਰੀ ਕਰਨ ਦੀ ਮੰਗ ਨਹੀਂ ਕਰ ਰਿਹਾ।

...ਬਾਕੀ ਪੰਨਾ 6 'ਤੇ

# ਪੈਨਡੈਮਿਕ ਏਡ ਬਿੱਲ ਨੂੰ ਮਨਜ਼ੂਰੀ ਦੇਣ ਦੀ ਤਿਆਰੀ ਕਰ ਰਹੀ ਹੈ ਸੈਨੇਟ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਜਲਦ ਤੋਂ ਜਲਦ ਪੈਨਡੈਮਿਕ ਏਡ ਬਿੱਲ ਉੱਤੇ ਮੋਹਰ ਲਾਉਣ ਦੀ ਕੀਤੀ ਗਈ ਬੇਨਤੀ ਨੂੰ ਮੰਨਦਿਆਂ ਸੈਨੇਟ ਨੇ ਇਸ ਬਿੱਲ ਦੇ ਨਵੇਂ ਰਾਊਂਡ ਨੂੰ ਫੌਰਨ ਮਨਜ਼ੂਰੀ ਦੇ ਦਿੱਤੀ। ਫਰੀਲੈਂਡ ਨੇ ਵਾਅਦਾ ਕੀਤਾ ਕਿ ਇਸ ਬਿੱਲ ਨੂੰ ਮਨਜ਼ੂਰੀ ਮਿਲਦੇ ਸਾਰ ਹੀ ਲੋੜਵੰਦ ਬਿਜ਼ਨਸਿਜ਼ ਤੇ ਵਰਕਰਜ਼ ਨੂੰ ਬੈਨੇਫਿਟ ਮੁਹੱਈਆ ਕਰਵਾਏ ਜਾਣਗੇ।

ਬਿੱਲ ਸੀ-2 ਉਨ੍ਹਾਂ ਚੁਣਿੰਦਾ ਬਿਜ਼ਨਸਿਜ਼ ਨੂੰ ਮਦਦ ਮੁਹੱਈਆ ਕਰਵਾਏਗਾ ਜਿਨ੍ਹਾਂ ਨੂੰ ਲੋਕਲ ਲਾਕਡਾਊਨ ਕਾਰਨ ਬੰਦ ਕਰਨ ਦੇ ਹੁਕਮ ਹੋਏ ਹਨ ਤੇ ਅਜਿਹੇ ਵਰਕਰਜ਼ ਦੀ ਮਦਦ ਲਈ ਲਿਆਂਦਾ ਗਿਆ ਹੈ ਜਿਨ੍ਹਾਂ ਨੂੰ ਘਰ ਭੇਜ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਸ ਰਾਹੀਂ ਉਨ੍ਹਾਂ ਕਾਰੋਬਾਰਾਂ ਨੂੰ ਵੇਜ ਤੇ ਰੈਂਟ ਸਬਸਿਡੀਜ਼ ਦਿੱਤੀਆਂ ਜਾਣਗੀਆਂ ਜਿਹੜੇ ਮਹਾਂਮਾਰੀ ਦੌਰਾਨ ਪਿਛਲੀਆਂ ਪਾਬੰਦੀਆਂ ਤੋਂ ਹੀ ਅਜੇ ਤੱਕ ਉਭਰ ਨਹੀਂ ਸਕੇ।

ਫਰੀਲੈਂਡ ਨੇ ਸੈਨੇਟਰਜ਼ ਨੂੰ ਦੱਸਿਆ



ਕਿ ਸਰਕਾਰ ਵੱਲੋਂ ਇਹ ਮਾਪਦੰਡ ਕੋਵਿਡ-19 ਮਹਾਂਮਾਰੀ ਦੀ ਅਗਲੀ ਵੇਵ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਤਿਆਰ ਕੀਤੇ ਗਏ ਹਨ। ਉਨ੍ਹਾਂ ਇਹ ਤਰਕ ਵੀ ਦਿੱਤਾ ਕਿ ਓਮਾਈਕ੍ਰੌਨ ਵੇਰੀਐਂਟ ਦੇ ਪਸਾਰ ਨੂੰ ਵੇਖਦਿਆਂ ਹੋਇਆਂ ਇਨ੍ਹਾਂ ਦੀ ਹੁਣ ਹੋਰ ਜ਼ਿਆਦਾ ਲੋੜ ਹੈ। ਫਰੀਲੈਂਡ ਵੱਲੋਂ ਵੀਡੀਓ ਕਾਨਫਰੰਸ ਰਾਹੀਂ ਸੈਨੇਟ ਦੇ ਸਾਹਮਣੇ ਹਾਜ਼ਰ ਹੋਣ ਤੋਂ ਪਹਿਲਾਂ ਹਾਊਸ ਆਫ ਕਾਮਨਜ਼ ਵਿੱਚ ਇਸ ਬਿੱਲ ਦੇ ਪੱਖ ਵਿੱਚ ਵੋਟ ਪਾਈ ਗਈ। ਇੱਥੇ ਦੱਸਣਾ ਬਣਦਾ ਹੈ ਕਿ ਐਮਪੀਜ਼ ਸਰਦ ਰੁੱਤ ਦੀਆਂ ਛੁੱਟੀਆਂ ਲਈ ਜਾ ਰਹੇ ਹਨ ਤੇ ਉਨ੍ਹਾਂ ਦੀਆਂ ਇਹ ਛੁੱਟੀਆਂ ਜਨਵਰੀ ਦੇ ਅੰਤ ਤੱਕ ਚੱਲਣਗੀਆਂ।

# ਸਕਾਰਬਰੋ ਡੇਅਕੇਅਰ ਵਿੱਚ ਹੋਇਆ ਧਮਾਕਾ, ਸਾਰੇ ਬੱਚੇ ਸਹੀ ਸਲਾਮਤ



ਸਕਾਰਬਰੋ, 16 ਦਸੰਬਰ (ਪੋਸਟ ਬਿਊਰੋ) : ਸਕਾਰਬਰੋ ਡੇਅਕੇਅਰ ਵਿੱਚ ਵੀਰਵਾਰ ਦੁਪਹਿਰ ਨੂੰ ਹੋਏ ਧਮਾਕੇ ਤੋਂ ਬਾਅਦ ਸਾਰੇ ਬੱਚਿਆਂ ਨੂੰ ਸਹੀ ਸਲਾਮਤ ਪਾਇਆ ਗਿਆ ਤੇ ਕਿਸੇ ਨੂੰ ਕੋਈ ਸੱਟਫੇਟ ਨਹੀਂ ਲੱਗੀ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਧਮਾਕੇ ਨਾਲ ਡੇਅਕੇਅਰ ਦੀ ਇਮਾਰਤ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ।

ਧਮਾਕੇ ਤੋਂ ਪਹਿਲਾਂ 4679 ਕਿੰਗਸਟਨ ਰੋਡ ਉੱਤੇ ਸਥਿਤ ਇਸ ਡੇਅਕੇਅਰ ਸੈਂਟਰ ਵਿੱਚੋਂ ਗੈਸ ਦੀ ਸਮੈੱਲ ਆਉਣ ਦੀ ਰਿਪੋਰਟ ਕੀਤੀ ਗਈ। ਧਮਾਕਾ ਕਾਫੀ ਜ਼ੋਰਦਾਰ ਹੋਣ ਕਾਰਨ ਖਿੜਕੀਆਂ ਦੇ ਸ਼ੀਸ਼ੇ ਚਰਮਰਾ ਕੇ ਹਵਾ ਵਿੱਚ ਉੱਡੇ ਤੇ ਜਿਸ ਕਾਰਨ ਉੱਥੇ ਮੌਜੂਦ ਕੁੱਝ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਟੀਟੀਸੀ ਦੀਆਂ ਸ਼ੈਲਟਰ ਬੱਸਾਂ ਨੂੰ ਫੌਰਨ ਘਟਨਾ ਵਾਲੀ ਥਾਂ ਉੱਤੇ ਭੇਜਿਆ ਗਿਆ ਤੇ ਪੁਲਿਸ ਨੇ ਦੱਸਿਆ ਕਿ ਬੱਚਿਆਂ ਨੂੰ ਸੁਰੱਖਿਅਤ ਢੰਗ ਨਾਲ ਨੇੜਲੀ ਲੋਕੇਸ਼ਨ ਉੱਤੇ ਲਿਜਾਇਆ ਗਿਆ ਤਾਂ ਕਿ ਮਾਪੇ ਉੱਥੋਂ ਬੱਚਿਆਂ ਨੂੰ ਲੈ ਸਕਣ।

ਪੁਲਿਸ ਨੇ ਦੱਸਿਆ ਕਿ ਜਦੋਂ ਧਮਾਕਾ ਹੋਇਆ ਉਸ ਸਮੇਂ ਵਰਕਰਜ਼ ਛੱਤ ਉੱਤੇ ਮੌਜੂਦ ਸਨ ਪਰ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਕੀ ਇਹ ਧਮਾਕਾ ਉਨ੍ਹਾਂ ਦੇ ਕੰਮ ਨਾਲ ਸਬੰਧਤ ਸੀ। ਸਮੁੱਚੇ ਪਲਾਜ਼ਾ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਫਾਇਰ ਮਾਰਸ਼ਲ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇਮੀਗ੍ਰੇਸ਼ਨ ਸੇਵਾਵਾਂ 10-20% Discount
ICCRC
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

Dubai Jewellers
Gift Prize with Every Purchase
Repair at no extra cost
Appraisal Certificate
Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca
info@dubaijewellers.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/ Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਫੈਡਰਲ ਸਰਕਾਰ ਵੱਲੋਂ ਕੈਨੇਡੀਅਨਜ਼ ਨੂੰ ਗੈਰ ਜ਼ਰੂਰੀ ਇੰਟਰਨੈਸ਼ਨਲ ਟਰੈਵਲ ਨਾ ਕਰਨ ਦੀ ਸਲਾਹ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕੈਨੇਡੀਅਨਜ਼ ਨੂੰ ਇੱਕ ਵਾਰੀ ਫਿਰ ਗੈਰ ਜ਼ਰੂਰੀ ਇੰਟਰਨੈਸ਼ਨਲ ਟਰੈਵਲ ਨਾ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ।ਅਜਿਹਾ ਕੈਨੇਡਾ ਵਿੱਚ ਕੋਵਿਡ-19 ਦੇ ਮਾਮਲਿਆਂ ਦੇ ਮੁੜ ਵਧਣ ਤੇ ਓਮਾਈਕ੍ਰੌਨ ਵੇਰੀਐਂਟ ਦੇ ਤੇਜ਼ੀ ਨਾਲ ਫੈਲਣ ਕਾਰਨ ਕੀਤਾ ਜਾ ਰਿਹਾ ਹੈ।

ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਹੋਰਨਾਂ ਮੰਤਰੀਆਂ ਤੇ ਪਬਲਿਕ ਹੈਲਥ ਅਧਿਕਾਰੀਆਂ ਨਾਲ ਬੁੱਧਵਾਰ ਨੂੰ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਇਸ ਸਬੰਧੀ ਐਲਾਨ ਕੀਤਾ।ਉਨ੍ਹਾਂ ਆਖਿਆ ਕਿ ਇਹ ਟਰੈਵਲ ਮਾਪਦੰਡ ਅਗਲੇ ਚਾਰ ਹਫਤਿਆਂ ਤੱਕ ਰਹਿਣਗੇ ਤੇ ਉਸ ਤੋਂ ਬਾਅਦ ਹਾਲਾਤ ਦਾ ਮੁਲਾਂਕਣ ਕਰਨ ਮਗਰੋਂ ਸਰਕਾਰ ਅਗਲਾ ਫੈਸਲਾ ਲਵੇਗੀ। ਉਨ੍ਹਾਂ ਆਖਿਆ ਕਿ ਕਈਆਂ ਨੂੰ ਇਹ ਸੁਣ ਕੇ ਬਹੁਤ ਦੁੱਖ ਹੋ ਰਿਹਾ ਹੋਵੇਗਾ ਪਰ ਅਸੀਂ ਆਪਣੇ ਹਸਪਤਾਲਾਂ ਅਤੇ ਹੈਲਥ ਕੇਅਰ ਵਰਕਰਜ਼ ਉੱਤੇ ਹੋਰ ਬੋਝ ਨਹੀਂ



ਪਾਉਣਾ ਚਾਹੁੰਦੇ।



ਕੈਨੇਡਾ ਦੀ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਨੇ ਸੋਮਵਾਰ ਨੂੰ ਆਖਿਆ ਸੀ ਕਿ ਕੈਨੇਡਾ ਵਿੱਚ ਓਮਾਈਕ੍ਰੌਨ ਵੇਰੀਐਂਟ ਦਾ ਕਮਿਊਨਿਟੀ ਟਰਾਂਸਮਿਸ਼ਨ ਸ਼ੁਰੂ ਹੋ ਗਿਆ ਹੈ ਤੇ ਇਸ ਦੇ ਮੱਦੇਨਜ਼ਰ ਮਾਮਲਿਆਂ ਦੇ ਤੇਜ਼ੀ ਨਾਲ ਵਧਣ ਦਾ ਖਦਸ਼ਾ ਹੈ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਨੇ ਪਿਛਲੇ ਸ਼ੁੱਕਰਵਾਰ ਇਹ ਆਖਿਆ ਸੀ ਕਿ ਜੇ ਮੌਜੂਦਾ ਦਰ ਉੱਤੇ ਓਮਾਈਕ੍ਰੌਨ ਫੈਲਦਾ ਹੈ ਤਾਂ ਸਾਨੂੰ ਜਨਵਰੀ ਦੇ ਅੱਧ ਤੱਕ 12000 ਮਾਮਲੇ ਇੱਕ ਦਿਨ ਵਿੱਚ ਵੇਖਣ ਨੂੰ ਮਿਲ ਸਕਦੇ ਹਨ।

# ਟੋਰਾਂਟੋ ਮਾਸਕ ਬਾਇਲਾਅ ਅਪ੍ਰੈਲ ਤੱਕ ਰਹਿਣਗੇ ਪ੍ਰਭਾਵੀ




ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਕੇਸਾਂ ਵਿੱਚ ਹੋ ਰਹੇ ਵਾਧੇ ਦੇ ਚੱਲਦਿਆਂ ਟੋਰਾਂਟੋ ਸਿਟੀ ਕਾਊਂਸਲ ਨੇ ਨਵੇਂ ਸਾਲ ਵਿੱਚ ਵੀ ਮਾਸਕ ਸਬੰਧੀ ਬਾਇਲਾਅਜ਼ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਤਹਿਤ ਲੋਕਾਂ ਨੂੰ ਇੰਡੋਰ ਵਿੱਚ ਵੀ ਮਾਸਕ ਲਾ ਕੇ ਰੱਖਣੇ ਹੋਣਗੇ। ਰਿਹਾਇਸ਼ੀ ਇਮਾਰਤਾਂ ਲਈ ਇਨ੍ਹਾਂ ਬਾਇਲਾਅਜ਼ ਤਹਿਤ ਮੈਨੇਜਮੈਂਟ ਨੂੰ ਹੈਂਡ ਹਾਈਜੀਨ ਜਾਂ ਕਾਮਨ ਏਰੀਆਜ਼ ਵਿੱਚ ਹੈਂਡ ਸੈਨੇਟਾਈਜ਼ਰ, ਪ੍ਰੋਵਿੰਸ਼ੀਅਲ ਪਾਬੰਦੀਆਂ ਦੇ ਚੱਲਦਿਆਂ ਗੈਰ ਜ਼ਰੂਰੀ ਕੌਮਨ ਏਰੀਆਜ਼ ਨੂੰ ਬੰਦ ਕਰਨਾ ਆਦਿ ਵੀ ਸ਼ਾਮਲ ਹਨ ਤੇ ਟੋਰਾਂਟੋ ਪਬਲਿਕ ਹੈਲਥ ਕੋਵਿਡ-19 ਸਾਈਨੇਜ ਨੂੰ ਸਾਫ ਕਰਨ ਆਦਿ ਲਈ ਵੀ ਸਮਾਂ ਸੀਮਾਂ ਵਧਾ ਦਿੱਤੀ ਗਈ ਹੈ।

ਲਾਜ਼ਮੀ ਮਾਸਕ ਬਾਇਲਾਅ ਤਹਿਤ ਹੋਰ ਕਿਸੇ ਨੂੰ ਇੰਡੋਰ ਪਬਲਿਕ ਸੈਟਿੰਗਜ਼, ਜਿਨ੍ਹਾਂ ਵਿੱਚ ਕਾਰੋਬਾਰੀ ਅਦਾਰੇ ਤੇ ਅਪਾਰਟਮੈਂਟਸ ਤੇ ਕੌਂਡੋਮੀਨੀਅਮਜ਼ ਸ਼ਾਮਲ ਹਨ, ਵਿੱਚ ਮਾਸਕ ਪਾਉਣਾ ਲਾਜ਼ਮੀ ਹੋਵੇਗਾ।ਇਹ ਦੋਵੇਂ ਬਾਇਲਾਅ ਘੱਟੋ ਘੱਟ ਅਪਰੈਲ 2022 ਤੱਕ ਪ੍ਰਭਾਵੀ ਰਹਿਣਗੇ। ਮੇਅਰ ਜੌਹਨ ਟੋਰੀ ਨੇ ਆਖਿਆ ਕਿ ਇਹ ਬਾਇਲਾਅ ਮਹਾਂਮਾਰੀ ਪ੍ਰਤੀ ਆਰਜ਼ੀ ਤੇ ਜ਼ਰੂਰੀ ਕਦਮ ਹਨ ਤਾਂ ਕਿ ਜ਼ਿੰਦਗੀਆਂ ਬਚਾਈਆਂ ਜਾ ਸਕਣ ਤੇ ਲੋਕਾਂ ਦੀ ਹਿਫਾਜ਼ਤ ਹੋ ਸਕੇ।

# ਮਿਲਟਰੀ ਮੈਂਬਰਾਂ ਨੇ ਲਾਜ਼ਮੀ ਵੈਕਸੀਨੇਸ਼ਨ ਦੀ ਸ਼ਰਤ ਨੂੰ ਫੈਡਰਲ ਕੋਰਟ ਵਿੱਚ ਦਿੱਤੀ ਚੁਣੌਤੀ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਕੈਨੇਡੀਅਨ ਆਰਮਡ ਫੋਰਸਿਜ਼ ਦੇ ਚਾਰ ਮੈਂਬਰਾਂ ਵੱਲੋਂ ਵੈਕਸੀਨੇਸ਼ਨ ਕਰਵਾਉਣ ਤੋਂ ਕੀਤੇ ਇਨਕਾਰ ਕਾਰਨ ਉਨ੍ਹਾਂ ਉੱਤੇ ਅਨੁਸ਼ਾਸਨੀ ਕਾਰਵਾਈ ਕੀਤੀ ਗਈ। ਫੈਡਰਲ ਅਦਾਲਤ ਵੱਲੋਂ ਅੱਜ ਇਨ੍ਹਾਂ ਚਾਰਾਂ ਦੇ ਤਰਕ ਸੁਣੇ ਜਾਣਗੇ।

ਚੀਫ ਆਫ ਦ ਡਿਫੈਂਸ ਜਨਰਲ ਵੇਅਨ ਆਇਰ ਨੇ ਸਾਰੀਆਂ ਹਥਿਆਰਬੰਦ ਸੈਨਾਵਾਂ ਦੇ ਮੈਂਬਰਾਂ ਨੂੰ ਹੁਕਮ ਦਿੱਤੇ ਸਨ ਕਿ ਉਹ ਨਵੰਬਰ ਦੇ ਅੰਤ ਤੱਕ ਆਪਣੀ ਕੋਵਿਡ-19 ਟੀਕਾਕਰਣ ਕਰਵਾ ਲੈਣ ਜਾਂ ਫਿਰ ਉਨ੍ਹਾਂ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਤੇ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਫੌਜ ਦੀ ਨੌਕਰੀ ਤੋਂ ਹੀ ਹੱਥ ਧੁਆਉਣੇ ਪੈਣ।ਇਸ ਡੈੱਡਲਾਈਨ ਵਿੱਚ 18 ਦਸੰਬਰ ਤੱਕ ਵਾਧਾ ਕਰ ਦਿੱਤਾ ਗਿਆ ਸੀ।ਇਸ ਤਰ੍ਹਾਂ ਦੇ ਹੀ ਹੁਕਮ ਸਾਰੇ ਫੈਡਰਲ ਪਬਲਿਕ ਸਰਵੈਂਟਸ ਲਈ ਵੀ ਜਾਰੀ ਕੀਤੇ ਗਏ ਸਨ। ਲਿਬਰਲ ਸਰਕਾਰ ਸਾਰੇ ਕੈਨੇਡੀਅਨਜ਼ ਲਈ ਟੀਕਾਕਰਣ ਵਾਸਤੇ ਮਿਸਾਲ ਪੇਸ਼ ਕਰਨਾ ਚਾਹੁੰਦੀ ਸੀ। ਆਇਰ ਨੇ ਆਖਿਆ ਕਿ



ਉਹ ਮਹਾਂਮਾਰੀ ਦੌਰਾਨ ਮਿਲਟਰੀ ਦੀ ਹਿਫਾਜ਼ਤ ਕਰਨੀ ਚਾਹੁੰਦੇ ਸਨ।ਆਪਣੇ ਹਲਫਨਾਮਿਆਂ ਵਿੱਚ ਮਿਲਟਰੀ ਦੇ ਚਾਰ ਮੈਂਬਰਾਂ ਨੇ ਲਾਂਗ ਟਰਮ ਸੇਫਟੀ ਤੇ ਧਾਰਮਿਕ ਕਾਰਨ ਦੱਸਦਿਆਂ ਹੋਇਆਂ ਇਸ ਵੈਕਸੀਨੇਸ਼ਨ ਦਾ ਵਿਰੋਧ ਕੀਤਾ ਸੀ।

ਇਸ ਟੀਕਾਕਰਣ ਦਾ ਵਿਰੋਧ ਕਰਨ ਵਾਲੇ ਫੌਜ ਦੇ ਇਨ੍ਹਾਂ ਮੈਂਬਰਾਂ ਦੀ ਨੁਮਾਇੰਦਗੀ ਕਰ ਰਹੀ ਐਡਮੰਟਨ ਦੀ ਵਕੀਲ ਕੈਥਰੀਨ ਕ੍ਰਿਸਨਸੇਨ ਨੇ ਆਖਿਆ ਕਿ ਟੀਕਾ ਨਾ ਲਵਾਉਣ ਦੀ ਉਸ ਦੇ ਮੁਵੱਕਲਾਂ ਦੀ ਅਪੀਲ ਠੁਕਰਾ ਦਿੱਤੀ ਗਈ। ਚਾਰਾਂ ਸਰਵਿਸ ਮੈਂਬਰਾਂ ਨੇ ਆਖਿਆ ਕਿ ਇਸ ਨਾਲ ਨਾ ਸਿਰਫ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾਂ ਹੋਈ ਹੈ ਸਗੋਂ ਫੌਜ ਵਿੱਚੋਂ ਉਨ੍ਹਾਂ ਨੂੰ ਕੱਢਣ ਦੀ ਧਮਕੀ ਸਹੀ ਨਹੀਂ ਹੈ।

# ਕੋਵਿਡ ਆਊਟਬ੍ਰੇਕ ਤੋਂ ਬਾਅਦ ਟੋਰਾਂਟੋ ਦੇ ਸਕੂਲ ਨੇ ਵਰਚੂਅਲ ਲਰਨਿੰਗ ਦਾ ਕੀਤਾ ਫੈਸਲਾ



ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਈਸਟ ਯੌਰਕ ਵਿੱਚ ਸਥਿਤ ਮਿਡਲ ਸਕੂਲ ਨੂੰ ਕੋਵਿਡ-19 ਆਊਟਬ੍ਰੇਕ ਕਾਰਨ ਇਨ-ਪਰਸਨ ਲਰਨਿੰਗ ਲਈ ਬੰਦ ਕਰ ਦਿੱਤਾ ਗਿਆ ਹੈ। ਹੁਣ ਇਸ ਸਕੂਲ ਵਿੱਚ ਮੁੜ ਵਰਚੂਅਲ ਲਰਨਿੰਗ ਸ਼ੁਰੂ ਕੀਤੀ ਜਾਵੇਗੀ।

ਕੌਕਸਵੈਲ ਐਵਨਿਊ ਦੇ ਪੱਛਮ ਵਿੱਚ ਕੌਸਬਰਨ ਐਵਨਿਊ ਉੱਤੇ ਸਥਿਤ ਕੌਸਬਰਨ ਮਿਡਲ ਸਕੂਲ ਵਿੱਚ ਵਾਇਰਸ ਦੇ 16 ਐਕਟਿਵ ਮਾਮਲੇ ਪਾਏ ਗਏ। ਆਪਣੇ ਕੋਵਿਡ-19 ਐਡਵਾਈਜ਼ਰੀ ਪੇਜ ਉੱਤੇ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਨੇ 15 ਵਿਦਿਆਰਥੀਆਂ ਤੇ ਇੱਕ ਸਟਾਫ ਮੈਂਬਰ ਦੇ ਪਾਜ਼ੀਟਿਵ ਆਉਣ ਦੀ ਪੁਸ਼ਟੀ ਕੀਤੀ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਸਕੂਲ ਵਿੱਚ ਓਮਾਈਕ੍ਰੌਨ ਵੇਰੀਐਂਟ ਦਾ ਕੋਈ ਮਾਮਲਾ ਪਾਇਆ ਗਿਆ ਜਾਂ ਨਹੀਂ।

ਟੀਡੀਐਸਬੀ ਨੇ ਟਵਿੱਟਰ ਉੱਤੇ ਐਲਾਨ ਕੀਤਾ ਕਿ ਟੋਰਾਂਟੋ ਪਬਲਿਕ ਹੈਲਥ ਵੱਲੋਂ ਜਾਂਚ ਸ਼ੁਰੂ ਕੀਤੀ ਗਈ ਹੈ ਤੇ ਸਾਰੇ ਵਿਦਿਆਰਥੀਆਂ ਨੂੰ ਰਿਮੋਟ ਲਰਨਿੰਗ ਵੱਲ ਸ਼ਿਫਟ ਕੀਤਾ ਜਾ ਰਿਹਾ ਹੈ। ਸਾਰੀਆਂ ਐਕਸਟ੍ਰਾਕਰੀਕੁਲਰ ਐਕਟੀਵਿਟੀਜ਼ ਵੀ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਸਮੇਂ 47 ਸਕੂਲਜ਼ ਵਿੱਚ ਆਊਟਬ੍ਰੇਕ ਹੋ ਚੁੱਕੀਆਂ ਹਨ।

# ਦੂਜੀ ਡੋਜ਼ ਤੋਂ ਤਿੰਨ ਮਹੀਨੇ ਦੇ ਫਰਕ ਨਾਲ 18+ ਓਨਟਾਰੀਓ ਵਾਸੀ ਲਵਾ ਸਕਣਗੇ ਬੂਸਟਰ ਸ਼ੌਟ

ਓਨਟਾਰੀਓ, 16 ਦਸੰਬਰ (ਪ'ਸਟ ਬਿਊਰ') : ਓਨਟਾਰੀਓ ਦੇ ਸਾਰੇ ਬਾਲਗ, ਜਿਨ੍ਹਾਂ ਨੂੰ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਤਿੰਨ ਮਹੀਨੇ ਪਹਿਲਾਂ ਲੱਗ ਚੁੱਕੀ ਹੈ, ਅਗਲੇ ਹਫਤੇ ਤੋਂ ਬੂਸਟਰ ਸ਼ੌਟ ਲਈ ਯੋਗ ਹੋਣਗੇ। ਨਵੇਂ ਓਮਾਈਕ੍ਰੌਨ ਵੇਰੀਐਂਟ ਦੇ ਤੇਜ਼ੀ ਨਾਲ ਫੈਲਣ ਕਾਰਨ ਪ੍ਰੋਵਿੰਸ ਵੱਲੋਂ ਇਸ ਤੀਜੀ ਡੋਜ਼ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ।

ਪ੍ਰੋਵਿੰਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਵਿਅਕਤੀ ਸੋਮਵਾਰ 20 ਦਸੰਬਰ ਤੋਂ ਬੂਸਟਰ ਸ਼ੌਟ ਦੇ ਯੋਗ ਹੋਣਗੇ, ਬਸ਼ਰਤੇ ਉਨ੍ਹਾਂ ਦੀ ਦੂਜੀ ਡੋਜ਼ 84 ਦਿਨ ਪਹਿਲਾਂ ਲੱਗੀ ਹੋਵੇ। ਬੁੱਧਵਾਰ ਦੁਪਹਿਰ ਨੂੰ ਕੁਈਨਜ਼ ਪਾਰਕ ਵਿਖੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਹਰ ਕੋਈ, ਜਿਹੜਾ ਯੋਗ ਹੈ, ਇਹ ਬੂਸਟਰ ਸ਼ੌਟ ਜ਼ਰੂਰ ਲੁਆਵੇ। ਪ੍ਰੋਵਿੰਸ ਨੇ ਆਖਿਆ ਕਿ ਵੱਡੀਆਂ ਕੰਪਨੀਆਂ ਵਰਕਪਲੇਸ ਤੇ ਕਮਿਊਨਿਟੀ ਕਲੀਨਿਕਸ ਚਲਾਉਣ ਵਿੱਚ ਮਦਦ



ਕਰਨਗੀਆਂ ਤੇ ਫਾਰਮੇਸੀਜ਼ 18 ਸਾਲ ਤੋਂ ਉੱਪਰ ਦੇ ਵਿਅਕਤੀਆਂ ਨੂੰ ਬੂਸਟਰ ਸ਼ੌਟ ਦੇਣੇ ਸ਼ੁਰੂ ਕਰ ਸਕਦੀਆਂ ਹਨ। ਇਸ ਤੋਂ ਇਲਾਵਾ ਪ੍ਰੋਵਿੰਸ ਵੱਲੋਂ ਬੁੱਧਵਾਰ ਨੂੰ ਹਾਲੀਡੇਅ ਟੈਸਟਿੰਗ ਪਲੈਨ ਲਾਂਚ ਕੀਤਾ ਗਿਆ।ਇਸ ਤਹਿਤ ਲਾਇਬ੍ਰੇਰੀਜ਼, ਮਾਲਜ਼, ਟਰਾਂਜ਼ਿਟ ਹੱਬਜ਼ ਤੇ ਲੀਕਰ ਸਟੋਰਜ਼ ਉੱਤੇ ਦੋ ਮਿਲੀਅਨ ਰੈਪਿਡ ਟੈਸਟ ਦਾ ਟੀਚਾ ਮਿਥਿਆ ਗਿਆ। ਪ੍ਰੋਵਿੰਸ ਭਰ ਵਿੱਚ 660 ਐਲਸੀਬੀਓ ਲੋਕੇਸ਼ਨਾਂ ਉੱਤੇ ਮੁਫਤ ਵਿੱਚ ਇਹ ਰੈਪਿਡ ਟੈਸਟਸ ਉਪਲਬਧ ਹੋਣਗੇ।ਇਸ ਸਬੰਧ ਵਿੱਚ ਪ੍ਰੀਮੀਅਰ ਫੋਰਡ ਨੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ, ਸਾਲੀਸਿਟਰ ਜਨਰਲ ਸਿਲਵੀਆ ਜੋਨਜ਼ ਤੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਨਾਲ ਇਹ ਐਲਾਨ ਕੀਤਾ।

# ਪੁਲਿਸ ਨੇ ਮਨੁੱਖੀ ਸਮਗਲਿੰਗ ਕਰਨ ਵਾਲੇ ਛੇ ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ, 51 ਚਾਰਜਿਜ਼ ਲਾਏ

ਓਨਟਾਰੀਓ, 16 ਦਸੰਬਰ (ਪੋਸਟ ਬਿਊਰੋ) : ਪੁਲਿਸ ਵੱਲੋਂ ਓਨਟਾਰੀਓ ਭਰ ਵਿੱਚ ਮਨੁੱਖੀ ਸਮਗਲਿੰਗ ਨੂੰ ਰੋਕਣ ਲਈ ਇੱਕ ਨਵੀਂ ਰਣਨੀਤੀ ਲਾਂਚ ਕੀਤੀ ਗਈ ਹੈ ਤੇ ਅਜਿਹੇ ਦੋ ਪ੍ਰੋਜੈਕਟ ਹਾਈਲਾਈਟ ਕੀਤੇ ਗਏ ਜਿਨ੍ਹਾਂ ਤਹਿਤ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਮਨੁੱਖੀ ਸਮਗਲਿੰਗ ਕਰਨ ਵਾਲਿਆਂ ਖਿਲਾਫ 51 ਚਾਰਜਿਜ਼ ਲਾਏ ਗਏ।

ਬੁੱਧਵਾਰ ਨੂੰ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਨੇ ਬੈਰੀ ਤੇ ਕਿੰਗਸਟਨ ਪੁਲਿਸ ਨਾਲ ਰਲ ਕੇ ਨਵੀਂ ਪ੍ਰੋਵਿੰਸ਼ੀਅਲ ਹਿਊਮਨ ਟਰੈਫਿਕਿੰਗ ਇੰਟੈਲੀਜੈਂਸ ਦੀ ਅਗਵਾਈ ਵਾਲੀ ਜੁਆਇੰਟ ਫੋਰਸਿਜ਼ ਸਟ੍ਰੈਟੇਜੀ ( ਆਈ ਜੇ ਐਫ ਐਸ ) ਦੇ ਵੇਰਵਿਆਂ ਦਾ ਐਲਾਨ ਕੀਤਾ ਗਿਆ। ਓਪੀਪੀ ਡਿਪਾਰਟਮੈਂਟ ਦੇ ਅਧਿਕਾਰੀ ਕ੍ਰਿਸ ਕੌਕਸ ਨੇ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਕਿ ਅਸੀਂ ਪ੍ਰੋਵਿੰਸ ਪੱਧਰ ਉੱਤੇ ਕੀਤੀ ਜਾ ਰਹੀ ਮਨੁੱਖੀ ਸਮਗਲਿੰਗ ਨੂੰ ਨੱਥ ਪਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਲਈ ਅਸੀਂ ਮਨੁੱਖੀ ਸਮਗਲਿੰਗ ਕਰਨ ਵਾਲੀਆਂ ਆਰਗੇਨਾਈਜ਼ੇਸ਼ਨਜ਼ ਦੀ ਪਛਾਣ ਕਰਕੇ, ਉਨ੍ਹਾਂ ਦੀ ਜਾਂਚ




ਕਰਕੇ, ਇਸ ਮਨੁੱਖੀ ਸਮਗਲਿੰਗ ਉੱਤੇ ਰੋਕ ਲਾਉਣੀ ਚਾਹੁੰਦੇ ਹਾਂ।

ਉਨ੍ਹਾਂ ਆਖਿਆ ਕਿ ਸਾਡਾ ਟੀਚਾ ਮਨੁੱਖੀ ਸਮਗਲਿੰਗ ਦਾ ਸ਼ਿਕਾਰ ਲੋਕਾਂ ਦੀ ਮਦਦ ਕਰਨਾ ਤੇ ਸਮਗਲਿੰਗ ਕਰਨ ਵਾਲਿਆਂ ਨੂੰ ਇਸ ਜੁਰਮ ਲਈ ਜਵਾਬਦੇਹ ਠਹਿਰਾਉਣਾ ਹੈ।ਇਹ ਟਾਸਕ ਫੋਰਸ ਪ੍ਰੋਵਿੰਸ਼ੀਅਲ ਸਰਕਾਰ ਦੇ ਪੰਜ ਸਾਲਾ ਗੈਰ ਮਨੁੱਖੀ ਟਰੈਫਿਕਿੰਗ ਰਣਨੀਤੀ ਬਾਰੇ ਮਾਰਚ 2020 ਦਾ ਹੀ ਹਿੱਸਾ ਹੈ। ਪੁਲਿਸ ਨੇ ਦੱਸਿਆ ਕਿ ਆਈਜੇਐਫਐਸ ਤਹਿਤ ਪੁਲਿਸ ਨੇ ਹਾਰਵਿੱਚ ਤੇ ਰਿੱਗ ਨਾਂ ਦੇ ਦੋ ਪ੍ਰੋਜੈਕਟ ਚਲਾਏ ਸਨ। ਇਨ੍ਹਾਂ ਪ੍ਰੋਜੈਕਟਾਂ ਤਹਿਤ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਨ੍ਹਾਂ ਉੱਤੇ 51 ਚਾਰਜਿਜ਼ ਲਾਏ ਗਏ।

# ਰਿਮੋਟ ਲਰਨਿੰਗ ਦੀ ਤਿਆਰੀ ਕਰ ਰਹੇ ਹਨ ਜੀਟੀਏ ਦੇ ਸਕੂਲ ਬੋਰਡਜ਼ !

ਟੋਰਾਂਟੋ, 16 ਦਸੰਬਰ ਪੋਸਟ ਬਿਊਰੋ) : ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਸਦਕਾ ਤੇਜ਼ੀ ਨਾਲ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਇੱਕ ਵਾਰੀ ਫਿਰ ਸਕੂਲਾਂ ਵਿੱਚ ਵਰਚੂਅਲ ਪੜ੍ਹਾਈ ਕਰਵਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਜੀਟੀਏ ਦੇ ਕਈ ਸਕੂਲ ਬੋਰਡਜ਼ ਵੱਲੋਂ ਮਾਪਿਆਂ ਤੇ ਵਿਦਿਆਰਥੀਆਂ ਨੂੰ ਇਹ ਸਲਾਹ ਦਿੱਤੀ ਜਾ ਰਹੀ ਹੈ ਕਿ ਸਰਦੀਆਂ ਦੀਆਂ ਛੁੱਟੀਆਂ ਉੱਤੇ ਜਾਣ ਤੋਂ ਪਹਿਲਾਂ ਉਹ ਆਪਣਾ ਸਾਰਾ ਸਮਾਨ ਨਾਲ ਲੈ ਜਾਣ ਤੇ ਆਪਣੇ ਲਾਕਰ ਖਾਲੀ ਕਰ ਦੇਣ। ਅਜਿਹਾ ਜਨਵਰੀ ਵਿੱਚ ਸਕੂਲ ਵਰਚੂਅਲ ਢੰਗ ਨਾਲ ਸ਼ੁਰੂ ਹੋਣ ਦੀ ਤਿਆਰੀ ਵਜੋਂ ਕੀਤਾ ਜਾ ਰਿਹਾ ਹੈ। ਮਾਪਿਆਂ ਤੇ ਗਾਰਜੀਅਨਜ਼ ਨੂੰ ਭੇਜੇ ਗਏ ਇੱਕ ਲੈਟਰ ਵਿੱਚ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ( ਟੀਡੀਐਸਬੀ ) ਨੇ ਆਖਿਆ ਕਿ ਉਨ੍ਹਾਂ ਨੂੰ ਸਿੱਖਿਆ ਮੰਤਰਾਲੇ ਵੱਲੋਂ ਰਿਮੋਟ ਲਰਨਿੰਗ ਬਾਰੇ ਕੋਈ ਦਿਸ਼ਾ ਨਿਰਦੇਸ਼ ਜਾਰੀ ਨਹੀਂ ਹੋਏ ਸਗੋਂ ਉਹ ਤਾਂ



ਅਹਿਤਿਆਤਨ ਇਹ ਕਦਮ ਚੁੱਕ ਰਹੇ ਹਨ। ਪਿਛਲੇ ਹਫਤੇ ਟੀਡੀਐਸਬੀ ਦੇ ਬੁਲਾਰੇ ਰਾਇਨ ਬਰਡ ਨੇ ਇਹ ਆਖਿਆ ਸੀ ਕਿ ਉਹ ਇਸ ਗੱਲ ਤੋਂ ਜਾਣੂ ਨਹੀਂ ਹਨ ਕਿ ਰਿਮੋਟ ਲਰਨਿੰਗ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਡਫਰਿਨ ਪੀਲ ਕੈਥੋਲਿਕ ਸਕੂਲ ਬੋਰਡ, ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ, ਦਰਹਾਮ ਰੀਜਨ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਤੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਵੀ ਇਸ ਤਰ੍ਹਾਂ ਦੇ ਲੈਟਰ ਮਾਪਿਆਂ ਨੂੰ ਭੇਜੇ ਗਏ ਹਨ। ਇਸ ਤੋਂ ਇਲਾਵਾ ਪ੍ਰੀਮੀਅਰ ਫੋਰਡ ਵੱਲੋਂ ਬੁੱਧਵਾਰ ਨੂੰ ਇਹ ਆਖਿਆ ਗਿਆ ਸੀ ਕਿ 50 ਮਿਲੀਅਨ ਟੈਸਟਸ ਪ੍ਰੋਵਿੰਸ ਪੱਧਰ ਉੱਤੇ ਮੁਹੱਈਆ ਕਰਵਾਏ ਜਾਣਗੇ, ਇਨ੍ਹਾਂ ਵਿੱਚ ਐਲਸੀਬੀਓਜ ਰਾਹੀਂ ਮੁਫਤ ਟੈਸਟਸ ਵੀ ਮੁਹੱਈਆ ਕਰਵਾਏ ਜਾਣਗੇ।

ਪ੍ਰੋਵਿੰਸ ਦੇ ਕੋਵਿਡ-19 ਸਕੂਲ ਡੈਸ਼ਬੋਰਡ ਅਨੁਸਾਰ ਪਿਛਲੇ ਦੋ ਹਫਤਿਆਂ ਵਿੱਚ ਹੀ 2700 ਮਾਮਲੇ ਸਾਹਮਣੇ ਆ ਚੁੱਕੇ ਹਨ। ਓਨਟਾਰੀਓ ਦੇ ਲੱਗਭਗ ਇੱਕ ਤਿਹਾਈ ਸਕੂਲਾਂ ਵਿੱਚ ਇਸ ਸਮੇਂ ਕੋਵਿਡ-19 ਦਾ ਘੱਟੋ ਘੱਟ ਇੱਕ ਮਾਮਲਾ ਪਾਇਆ ਜਾ ਚੁੱਕਿਆ ਹੈ, ਇਸ ਸਮੇਂ 47 ਸਕੂਲ ਬੰਦ ਹੋ ਚੁੱਕੇ ਹਨ।

# 12 ਸਾਲਾ ਬੱਚੀ ਨੂੰ ਸਕੂਲ ਬੱਸ ਨੇ ਮਾਰੀ ਟੱਕਰ, ਹਾਲਤ ਗੰਭੀਰ

ਬਰੈਂਪਟਨ, 16 ਦਸੰਬਰ (ਪੋਸਟ ਬਿਊਰੋ) : ਵੀਰਵਾਰ ਨੂੰ ਬਰੈਂਪਟਨ ਵਿੱਚ ਇੱਕ ਸਕੂਲ ਬੱਸ ਵੱਲੋਂ ਟੱਕਰ ਮਾਰੇ ਜਾਣ ਕਾਰਨ 12 ਸਾਲਾ ਬੱਚੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ।

ਪੀਲ ਪੁਲਿਸ ਨੂੰ ਸਵੇਰੇ 8:00 ਵਜੇ ਦੇ ਨੇੜੇ ਤੇੜੇ ਮੈਕਲਾਫਲਿਨ ਰੋਡ ਨੇੜੇ ਮੈਕਮਰਕੀ ਐਵਨਿਊ ਤੇ ਐਲਗਿਨ ਡਰਾਈਵ ਉੱਤੇ ਸੱਦਿਆ




ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਲੜਕੀ ਦੀ ਹਾਲਤ ਗੰਭੀਰ ਹੈ ਪਰ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਹਨ।ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਹਾਦਸੇ ਸਮੇਂ ਬੱਸ ਵਿੱਚ ਕੋਈ ਬੱਚੇ ਵੀ ਸਵਾਰ ਸਨ।

# ਸੈਲਫ ਡਰਾਈਵਿੰਗ ਸ਼ਟਲ ਬੱਸ ਨੂੰ ਪੇਸ਼ ਆਇਆ ਹਾਦਸਾ, ਇੱਕ ਜ਼ਖ਼ਮੀ

ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : ਵੀਰਵਾਰ ਸ਼ਾਮ ਨੂੰ ਸੈਲਫ ਡਰਾਈਵਿੰਗ ਸ਼ਟਲ ਬੱਸ ਨੂੰ ਪੇਸ਼ ਆਏ ਹਾਦਸੇ ਕਾਰਨ ਇਸ ਬੱਸ ਉੱਤੇ ਸਵਾਰ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਦਰਹਾਮ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਵਾਟਸਨ ਸਟਰੀਟ ਵੈਸਟ ਤੇ ਵਿਕਟੋਰੀਆ ਸਟਰੀਟ ਉੱਤੇ ਵਾਪਰੀ। ਹਾਦਸਾ ਵ੍ਰਿਟਬੀ ਆਟੋਨੌਮਸ ਵ੍ਹੀਕਲ ਇਲੈਕਟ੍ਰਿਕ (ਵੇਵ) ਸ਼ਟਲ ਬੱਸ ਨੂੰ ਪੇਸ਼ ਆਇਆ। ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਪੁਲਿਸ ਨੇ ਦੱਸਿਆ ਕਿ ਉਹ ਲੇਬਰ ਮੰਤਰਾਲੇ ਨਾਲ ਰਲ ਕੇ ਇਸ ਘਟਨਾ ਦੀ ਜਾਂਚ ਕਰ ਰਹੇ ਹਨ।

ਵੇਵ ਬੱਸ ਨੂੰ ਅਜੇ ਪਿਛਲੇ ਮਹੀਨੇ ਹੀ ਵ੍ਰਿਟਬੀ ਵਿੱਚ ਸੜਕਾਂ ਉੱਤੇ ਉਤਾਰਿਆ ਗਿਆ ਸੀ। ਇਹ ਇੱਕ ਪਾਇਲਟ ਪ੍ਰੋਜੈਕਟ ਦਾ ਹਿੱਸਾ ਹੈ ਜਿਹੜਾ ਇਹ ਪਤਾ ਲਾਉਣ ਲਈ ਸ਼ੁਰੂ ਕੀਤਾ ਗਿਆ ਹੈ ਕਿ ਆਟੋਨੌਮਸ ਤਕਨਾਲੋਜੀ ਕਿੰਨੇ ਸੁਰੱਖਿਅਤ ਢੰਗ ਨਾਲ ਟਰਾਂਜ਼ਿਟ ਤੇ ਟਰੈਫਿਕ ਆਪਰੇਸ਼ਨਜ਼ ਨੂੰ ਪੂਰਾ ਕਰ ਸਕਦੀ ਹੈ। ਇਹ ਸੈਲਫ ਡਰਾਈਵਿੰਗ ਬੱਸ ਵ੍ਰਿਟਬੀ ਗੋ ਸਟੇਸ਼ਨ ਤੋਂ ਆਪਣਾ ਸਫਰ ਸ਼ੁਰੂ ਕਰਦੀ ਹੈ ਤੇ ਛੇ ਕਿਲੋਮੀਟਰ ਦੇ ਦਾਇਰੇ ਵਿੱਚ 20 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲਦੀ ਹੈ। ਇਸ ਵਿੱਚ ਰਡਾਰ ਲੱਗਿਆ ਹੋਇਆ ਹੈ ਤੇ 360 ਡਿਗਰੀ ਘੁੰਮਣ ਵਾਲਾ ਕੈਮਰਾ ਹੈ ਜਿਹੜਾ ਇਸ ਦੇ ਰਾਹ ਵਿੱਚ ਆਉਣ ਵਾਲੇ ਅੜਿੱਕਿਆਂ ਤੋਂ ਜਾਣੂ ਕਰਵਾ ਕੇ ਇਸ ਨੂੰ ਚੱਲਣ ਵਿੱਚ ਮਦਦ ਕਰਦਾ ਹੈ। ਦਰਹਾਮ ਰੀਜਨ ਟਰਾਂਜ਼ਿਟ ਅਨੁਸਾਰ ਇੱਕ ਟਰੇਨਡ ਸੇਫਟੀ ਅਟੈਂਡੈਂਟ ਇਸ ਸ਼ਟਲ ਬੱਸ ਉੱਤੇ ਮੌਜੂਦ ਹੁੰਦਾ ਹੈ ਜਿਹੜਾ ਲੋੜ ਪੈਣ ਉੱਤੇ ਇਸ ਦਾ ਕੰਟਰੋਲ ਮੈਨੂਅਲੀ ਹਾਸਲ ਕਰ ਸਕਦਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Forklift Training
Forklift $79 Recertification
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਟਰੂਡੋ ਨੇ ਪ੍ਰੀਮੀਅਰਜ਼ ਨਾਲ ਕੀਤੀ ਅਚਨਚੇਤੀ ਮੀਟਿੰਗ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਤੇਜ਼ੀ ਨਾਲ ਫੈਲ ਰਹੇ ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਤੇ ਛੁੱਟੀਆਂ ਦੇ ਮੱਦੇਨਜ਼ਰ ਟਰੈਵਲ ਨੂੰ ਲੈ ਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੰਗਲਵਾਰ ਸ਼ਾਮ ਨੂੰ ਪ੍ਰੀਮੀਅਰਜ਼ ਦੀ ਮੀਟਿੰਗ ਸੱਦੀ ਗਈ।

ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਆਖਿਆ ਕਿ ਕੈਨੇਡਾ ਵਿੱਚ ਓਮਾਈਕ੍ਰੌਨ ਵੇਰੀਐਂਟ ਦੇ ਵੱਧ ਰਹੇ ਮਾਮਲਿਆਂ ਤੇ ਟਰੈਵਲ ਸਬੰਧੀ ਕੈਬਨਿਟ ਮੀਟਿੰਗ ਵਿੱਚ ਚਿੰਤਾ ਪ੍ਰਗਟਾਈ ਗਈ ਸੀ। ਉਨ੍ਹਾਂ ਆਖਿਆ ਕਿ ਅਸੀਂ ਸਾਰੇ ਬਦਲ ਖੁੱਲ੍ਹੇ ਰੱਖ ਕੇ ਚੱਲ ਰਹੇ ਹਾਂ ਤੇ ਅਸੀਂ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ ਲਈ ਵੀ ਤਿਆਰ ਹਾਂ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਮੀਟਿੰਗ ਰਾਤੀਂ 9:00 ਵਜੇ ਦੀ ਰੱਖੀ ਗਈ ਸੀ ਤੇ ਹੁਣ ਤੱਕ ਮਿਲੀਆਂ ਰਿਪੋਰਟਾਂ ਮੁਤਾਬਕ ਇਹ ਮੀਟਿੰਗ ਸਮਾਪਤ ਹੋ ਚੁੱਕੀ ਹੈ।

ਫੈਡਰਲ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਕੋਲੋਂ ਵੀ ਟਰੈਵਲ ਸਬੰਧੀ ਮਾਪਦੰਡਾਂ ਬਾਰੇ ਪੁੱਛਿਆ ਗਿਆ। ਇਹ ਕਿਆਸਅਰਾਈਆਂ ਵੀ ਲਾਈਆਂ ਜਾ ਰਹੀਆਂ ਹਨ ਕਿ ਕੈਨੇਡਾ-ਅਮਰੀਕਾ ਸਰਹੱਦ ਉੱਤੇ ਇੱਕ ਵਾਰੀ ਫਿਰ ਪਾਬੰਦੀਆਂ ਲੱਗ ਸਕਦੀਆਂ ਹਨ ਤੇ ਗੈਰ ਜ਼ਰੂਰੀ ਟਰੈਵਲ ਉੱਤੇ ਵੀ ਪਾਬੰਦੀ ਲਾਈ ਜਾ ਸਕਦੀ ਹੈ। ਓਮਾਈਕ੍ਰੌਨ



ਵੇਰੀਐਂਟ ਦੇ ਸਿਰ ਚੁੱਕਣ ਤੋਂ ਬਾਅਦ 10 ਅਫਰੀਕੀ ਦੇਸ਼ਾਂ ਤੋਂ ਟਰੈਵਲ ਉੱਤੇ ਪਾਬੰਦੀ ਲਾਈ ਜਾ ਚੁੱਕੀ ਹੈ। ਨਵੀਂ ਟੈਸਟਿੰਗ ਤੇ ਸਰਹੱਦ ਉੱਤੇ ਆਈਸੋਲੇਸ਼ਨ ਸਬੰਧੀ ਨਿਯਮ ਲਾਗੂ ਕੀਤੇ ਜਾ ਚੁੱਕੇ ਹਨ।

ਹਾਲਾਂਕਿ ਅਜੇ ਤੱਕ ਇਸ ਮੀਟਿੰਗ ਦੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ ਪਰ ਬੁੱਧਵਾਰ ਸਵੇਰੇ ਓਟਵਾ ਤੋਂ ਕੋਈ ਐਲਾਨ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## ਫੋਰਡ ਸਰਕਾਰ ਨੇ ਮੁੜ ਲਾਂਚ ਕੀਤਾ ਇਮੀਗ੍ਰੈਂਟ ਇਨਵੈਸਟਰ ਪ੍ਰੋਗਰਾਮ

ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਅਗਲੇ ਦੋ ਸਾਲਾਂ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਰਾਹੀਂ ਪ੍ਰੋਵਿੰਸ ਵਿੱਚ 100 ਇਮੀਗ੍ਰੈਂਟਸ ਨੂੰ ਸਵੀਕਾਰ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਪ੍ਰੋਗਰਾਮ ਤਹਿਤ 200,000 ਡਾਲਰ ਦਾ ਨਿਵੇਸ਼ ਕਰਨ ਵਾਲੇ 100 ਵਿਦੇਸ਼ੀ ਕਾਰੋਬਾਰੀਆਂ ਨੂੰ ਇਮੀਗ੍ਰੇਸ਼ਨ ਲਈ ਅਪਲਾਈ ਕਰਨ ਦੀ ਇਜਾਜ਼ਤ ਹੋਵੇਗੀ।

ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਸਰਕਾਰ ਗ੍ਰੇਟਰ ਟੋਰਾਂਟੋ ਏਰੀਆ ਦੇ ਬਾਹਰਵਾਰ ਸਥਿਤ ਓਨਟਾਰੀਓ ਦੀਆਂ ਕਮਿਊਨਿਟੀਜ਼ ਵਿੱਚ ਕੌਮਾਂਤਰੀ ਕਾਰੋਬਾਰੀਆਂ ਨੂੰ ਆਕਰਸ਼ਿਤ ਕਰਨਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਕਾਰੋਬਾਰੀਆਂ ਨੂੰ ਪ੍ਰੋਵਿੰਸ ਦੇ ਇਕਨੌਮਿਕ ਇਮੀਗ੍ਰੇਸ਼ਨ ਪ੍ਰੋਗਰਾਮ ਤਹਿਤ ਨਵਾਂ ਬਿਜ਼ਨਸ ਸ਼ੁਰੂ ਕਰਨ ਜਾਂ



ਓਨਟਾਰੀਓ ਵਿੱਚ ਪਹਿਲਾਂ ਤੋਂ ਹੀ ਚੱਲ ਰਹੇ ਬਿਜ਼ਨਸ ਨੂੰ ਖਰੀਦਣ ਤੋਂ ਬਾਅਦ ਇਮੀਗ੍ਰੇਸ਼ਨ ਲਈ ਨਾਮੀਨੇਟ ਕੀਤਾ ਜਾਵੇਗਾ।

ਮੈਕਨੌਟਨ ਨੇ ਆਖਿਆ ਕਿ ਇਸ ਨਵੀਂ ਪਹਿਲਕਦਮੀ ਨਾਲ ਸਰਕਾਰ ਉੱਤੇ 6 ਮਿਲੀਅਨ ਡਾਲਰ ਦਾ ਬੋਝ ਪਵੇਗਾ। ਪਰ ਇਮੀਗ੍ਰੈਂਟਸ ਵੱਲੋਂ ਇਹ ਫੀਸ ਭਰੇ ਜਾਣ ਨਾਲ ਇਹ ਖਰਚਾ ਪੂਰਾ ਹੋ ਜਾਵੇਗਾ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਉਮੀਦ ਹੈ ਕਿ ਇਸ ਪ੍ਰੋਗਰਾਮ ਰਾਹੀਂ ਘੱਟ ਤੋਂ ਘੱਟ 20 ਮਿਲੀਅਨ ਡਾਲਰ ਦਾ ਨਿਵੇਸ਼ ਇਮੀਗ੍ਰੈਂਟਸ ਵੱਲੋਂ ਕੀਤਾ ਜਾਵੇਗਾ।

## ਓਮੀਕਰੋਨ ਦੀ ਦਹਿਸ਼ਤ: ਬ੍ਰਿਟੇਨ ਸਰਕਾਰ ਵੱਲੋਂ ਲੋਕਾਂ ਨੂੰ ਜਸ਼ਨ ਅਤੇ ਸਮਾਗਮਾਂ ਦਾ ਸਮਾਂ ਘਟਾਉਣ ਦੀ ਅਪੀਲ

ਲੰਡਨ, 16 ਦਸੰਬਰ, (ਪੋਸਟ ਬਿਊਰੋ)-ਬ੍ਰਿਟੇਨ ਦੀ ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕ੍ਰਿਸਮਸ ਜਸ਼ਨਾਂ ਅਤੇ ਸਮਾਗਮਾਂ ਵਿੱਚ ਭੀੜ-ਭੜੱਕੇ ਤੋਂ ਬਚਣ ਦਾ ਯਤਨ ਕਰਨ ਅਤੇ ਕੋਵਿਡ-19 ਦੇ ਤੇਜ਼ੀ ਨਾਲ ਫੈਲਦੇ ਰੂਪ ਓਮੀਕਰੋਨ ਦੇ ਕਾਰਨ ਇਨਫੈਕਸ਼ਨਵਿੱਚ ਵਾਧੇ ਨੂੰ ਰੋਕਣ ਵਾਸਤੇ ਸਹਿਯੋਗ ਦੇਣ।

ਇਸ ਦੌਰਾਨ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦਫਤਰ ਨੇ ਤਾਲਾਬੰਦੀ ਪਾਬੰਦੀਆਂ ਨੂੰ ਵਧਾਉਣ ਦੀ ਕਿਸੇ ਵੀ ਯੋਜਨਾ ਤੋਂ ਇਨਕਾਰ ਕੀਤਾ, ਪਰ ਘਰ ਤੋਂ ਕੰਮ ਕਰਨ ਦੇ ਨਾਲ ਮਾਸਕ ਪਾਉਣ ਅਤੇ ਦੇਸ਼ ਵਿੱਚ ਵੱਡੇ ਪ੍ਰੋਗਰਾਮਾਂ ਲਈ ਕੋਵਿਡ-19 ਟੀਕਾਕਰਨ ਸਰਟੀਫਿਕੇਟ ਨੂੰ ਲਾਜ਼ਮੀ ਬਣਾ ਦਿੱਤਾ ਹੈ।ਦੇਸ਼ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਸਰਕਾਰ ਦਾ ਬੂਸਟਰ ਡੋਜ਼ ਦ੍ਰਿਸ਼ਟੀਕੋਣ ਦੁਹਰਾਇਆ ਹੈ। ਪ੍ਰਧਾਨ ਮੰਤਰੀ ਜਾਨਸਨ ਦੀ ਅਗਵਾਈ ਵਿੱਚ ਮੰਤਰੀਆਂ ਤੇ ਮਾਹਰਾਂ ਦੀ ਟੀਮ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਜਸ਼ਨਾਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਕੋਵਿਡ-19 ਟੈਸਟ ਕਰਵਾਓ।

ਵਰਣਨ ਯੋਗ ਹੈ ਕਿ ਬੀਤੇ ਬੁੱਧਵਾਰ ਬ੍ਰਿਟੇਨ ਵਿੱਚ ਕੋਵਿਡ-19 ਦੇ 78,610 ਨਵੇਂ ਕੇਸ ਮਿਲੇ ਹਨ, ਜਿਹੜੇ ਬੀਤੇ ਸਾਲ ਮਹਾਮਾਰੀ ਸ਼ੁਰੂ ਹੋਣ ਤੋਂ ਬਾਅਦ ਇੱਕੋ ਦਿਨ ਦੀ ਇਸ ਦੇਸ਼ ਦੀ ਸਭ ਤੋਂ ਵੱਡੀ ਗਿਣਤੀ ਹਨ। ਜਾਨਸਨ ਨੇ ਕਿਹਾ ਕਿ 'ਮਾਸਕ ਪਾਓ, ਜੇ ਤੁਸੀਂ ਕਿਸੇ ਇਵੈਂਟ ਉੱਤੇ ਜਾਣਾ ਹੈ, ਜਿੱਥੇ ਬਹੁਤ ਸਾਰੇ ਲੋਕਾਂ ਨੂੰ ਮਿਲਣ ਦੀ ਸੰਭਾਵਨਾ ਹੈ ਤਾਂ ਟੈਸਟ ਕਰਵਾਓ। ਜੇ ਤੁਸੀਂ ਬਜ਼ੁਰਗਾਂ ਜਾਂ ਜੋਖਮ ਵਾਲੇ ਰਿਸ਼ਤੇਦਾਰਾਂ ਨੂੰ ਮਿਲਣ ਜਾ ਰਹੇ ਹੋ ਤਾਂ ਟੈਸਟ ਕਰਵਾਓ।'

ਬ੍ਰਿਟੇਨ ਦੇ ਚੀਫ ਮੈਡੀਕਲ ਅਫਸਰ (ਸੀਐਮ ਓ) ਪ੍ਰੋਫੈਸਰ ਕ੍ਰਿਸ ਵਿੱਟੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੇ ਲੋਕਾਂ ਨਾਲ ਗੱਲਬਾਤ ਨਾ ਕਰੋ, ਜਿਨ੍ਹਾਂ ਨੂੰ ਮਿਲਣਾ ਕੋਈ ਜ਼ਰੂਰੀ ਨਹੀਂ। ਉਨ੍ਹਾਂਸ਼ੱਕ ਜ਼ਾਹਰ ਕੀਤਾ ਕਿ ਆਉਂਦੇ ਹਫ਼ਤੇ ਵਿੱਚ ਬ੍ਰਿਟੇਨ ਵਿੱਚ ਕੋਵਿਡ-19 ਦੇ ਹੋਰ ਰਿਕਾਰਡ ਟੁੱਟ ਸਕਦੇ ਹਨ।

## ਕੈਨੇਡੀਅਨਜ਼ ਨੂੰ ਗੈਰ ਜ਼ਰੂਰੀ ਟਰੈਵਲ ਤੋਂ ਵਰਜ ਸਕਦੀ ਹੈ ਫੈਡਰਲ ਸਰਕਾਰ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਕੈਨੇਡਾ ਵੱਲੋਂ ਓਮਾਈਕ੍ਰੌਨ ਵੇਰੀਐਂਟ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਕਮਰ ਕੱਸ ਲਈ ਗਈ ਹੈ। ਫੈਡਰਲ ਸਰਕਾਰ ਨੇ ਇੱਕ ਵਾਰੀ ਫਿਰ ਕੈਨੇਡੀਅਨਜ਼ ਨੂੰ ਹੋਰਨਾਂ ਦੇਸ਼ਾਂ ਦੇ ਗੈਰ ਜ਼ਰੂਰੀ ਸਫਰ ਤੋਂ ਬਚਣ ਦੀ ਅਪੀਲ ਕੀਤੀ ਹੈ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਨਵੀਆਂ ਪਾਬੰਦੀਆਂ ਸਬੰਧੀ ਐਲਾਨ ਬੁੱਧਵਾਰ ਨੂੰ ਹੋਵੇਗਾ। ਫੈਡਰਲ ਸਰਕਾਰ ਵੱਲੋਂ ਇਸ ਤਰ੍ਹਾਂ ਦੀਆਂ ਸਿਫਾਰਸ਼ਾਂ ਮਾਰਚ 2020 ਵਿੱਚ ਉਦੋਂ



ਕੀਤੀਆਂ ਗਈਆਂ ਸਨ ਜਦੋਂ ਮਹਾਂਮਾਰੀ ਦੀ ਸ਼ੁਰੂਆਤ ਹੋਈ ਸੀ ਪਰ ਇਨ੍ਹਾਂ ਪਾਬੰਦੀਆਂ ਨੂੰ ਵੈਕਸੀਨੇਸ਼ਨ ਵੱਧ ਜਾਣ ਮਗਰੋਂ ਪਿੱਛੇ ਜਿਹੇ ਅਕਤੂਬਰ ਵਿੱਚ ਹੀ ਹਟਾਇਆ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡਾ ਆਉਣ ਵਾਲੇ ਸਾਰੇ ਵਿਅਕਤੀਆਂ ਦੇ ਏਅਰਪੋਰਟ ਉੱਤੇ ਮੁੜ ਟੈਸਟ ਸ਼ੁਰੂ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਫੈਡਰਲ ਸਰਕਾਰ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਦਾਖਲ ਹੋਣ ਤੋਂ ਵੀ ਰੋਕ ਸਕਦੀ ਹੈ। ਪਰ ਸੂਤਰਾਂ ਮੁਤਾਬਕ ਹਾਲ ਦੀ ਘੜੀ ਸਰਕਾਰ ਵੱਲੋਂ ਇਸ ਬਾਰੇ ਵਿਚਾਰ ਨਹੀਂ ਕੀਤਾ ਜਾ ਰਿਹਾ।

## ਐਲੀਮੈਂਟਰੀ ਸਕੂਲ ਬਣਾਉਣ ਲਈ ਫੋਰਡ ਸਰਕਾਰ ਕਰੇਗੀ 12.4 ਮਿਲੀਅਨ ਡਾਲਰ ਦਾ ਨਿਵੇਸ਼ : ਸੰਧੂ

ਬਰੈਂਪਟਨ, 16 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਵਰਕਿੰਗ ਪਰਿਵਾਰਾਂ ਦੀ ਮਦਦ ਲਈ ਨਵਾਂ ਮਾਊਂਟ ਪਲੈਜ਼ੈਂਟ ਕੈਥੋਲਿਕ ਐਲੀਮੈਂਟਰੀ ਸਕੂਲ ਦਾ ਨਿਰਮਾਣ ਕਰਨ ਲਈ ਓਨਟਾਰੀਓ ਸਰਕਾਰ ਡਫਰਿਨ ਪੀਲ ਡਿਸਟ੍ਰਿਕਟ ਸਕੂਲ ਬੋਰਡ 12.4 ਮਿਲੀਅਨ ਡਾਲਰ ਨਿਵੇਸ਼ ਕਰ ਰਹੀ ਹੈ।

ਇਸ ਨਿਵੇਸ਼ ਦਾ ਐਲਾਨ ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਵੱਲੋਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਫੋਰਡ ਸਰਕਾਰ ਵੱਲੋਂ ਮਾਡਰਨ, ਪਹੁੰਚ ਵਿੱਚ, ਤਕਨੀਕੀ ਪੱਖੋਂ ਮਜ਼ਬੂਤ ਸਕੂਲ ਤਿਆਰ ਕਰਨ ਪ੍ਰਤੀ ਆਪਣੀ ਵਚਨਬੱਧਤਾ ਨਿਭਾਈ ਜਾ ਰਹੀ ਹੈ ਤੇ ਇਹ ਸਕੂਲ 435 ਵਿਦਿਆਰਥੀਆਂ ਲਈ ਸਿੱਖਿਆ ਹਾਸਲ ਕਰਨ ਦੀ ਬਿਹਤਰੀਨ ਥਾਂ ਹੋਵੇਗਾ। ਇਹ ਪ੍ਰਜੈਕਟ ਪ੍ਰੋਵਿੰਸ ਪੱਧਰ ਉੱਤੇ ਸਕੂਲ ਤੇ ਚਾਈਲਡ ਕੇਅਰ ਥਾਂਵਾਂ ਤਿਆਰ ਕਰਨ ਲਈ ਨਿਵੇਸ਼ ਕੀਤੇ ਜਾਣ ਵਾਲੇ 600 ਮਿਲੀਅਨ ਡਾਲਰ ਦਾ ਹਿੱਸਾ ਹੈ। ਇਨ੍ਹਾਂ ਥਾਂਵਾਂ ਦੇ ਨਿਰਮਾਣ ਦਾ ਐਲਾਨ



ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਕੀਤਾ ਗਿਆ ਸੀ।

ਕੁੱਲ ਨਿਵੇਸ਼ ਰਾਹੀਂ 78 ਸਕੂਲਾਂ ਤੇ ਚਾਈਲਡ ਕੇਅਰ ਸਬੰਧਤ ਪ੍ਰੋਜੈਕਟ ਤਿਆਰ ਕੀਤੇ ਜਾਣਗੇ। ਇਸ ਨਿਵੇਸ਼ ਦੇ ਹਿੱਸੇ ਵਜੋਂ ਪ੍ਰੋਵਿੰਸ ਨੇ ਵਿਦਿਆਰਥੀਆਂ ਲਈ 19700 ਸਪੇਸਿਜ਼ ਕਾਇਮ ਕਰਨ ਤੇ 1500 ਚਾਈਲਡ ਕੇਅਰ ਸਪੇਸਿਜ਼ ਕਾਇਮ ਕਰਨ ਲਈ 565 ਮਿਲੀਅਨ ਡਾਲਰ ਨਿਵੇਸ਼ ਕੀਤਾ ਹੈ। ਅਗਲੇ ਦਸ ਸਾਲਾਂ ਵਿੱਚ ਸਕੂਲਾਂ ਦੇ ਨਿਰਮਾਣ ਲਈ ਫੋਰਡ ਸਰਕਾਰ ਵੱਲੋਂ 14 ਬਿਲੀਅਨ ਡਾਲਰ ਮੁਹੱਈਆ ਕਰਵਾਉਣ ਦੇ ਕੀਤੇ ਗਏ ਵਾਅਦੇ ਦਾ ਇਹ ਨਿਵੇਸ਼ ਹਿੱਸਾ ਹੈ।

ਅਮਰਜੋਤ ਸੰਧੂ ਨੇ ਆਖਿਆ ਕਿ ਮਾਊਂਟ ਪਲੈਜ਼ੈਂਟ ਕੈਥੋਲਿਕ ਐਲੀਮੈਂਟਰੀ ਸਕੂਲ ਸਾਡੀ ਕਮਿਊਨਿਟੀ ਲਈ ਬਹੁਤ ਵੱਡੀ ਖੁਸ਼ੀ ਦੀ ਗੱਲ ਹੈ। ਉਨ੍ਹਾਂ ਆਖਿਆ ਕਿ ਇਸ ਪ੍ਰੋਜੈਕਟ ਦੀਆਂ ਹੇਠ ਲਿਖੀਆਂ ਹਾਈਲਾਈਟਸ ਹੋਣਗੀਆਂ :

- 435 ਐਲੀਮੈਂਟਰੀ ਸਟੂਡੈਂਟ ਸਪੇਸਿਜ਼
- 73 ਨਵੀਆਂ ਲਾਇਸੈਂਸਡ ਚਾਈਲਡ ਕੇਅਰ ਸਪੇਸਿਜ਼
- 4 ਨਵੇਂ ਚਾਈਲਡ ਕੇਅਰ ਰੂਮਜ਼

ਡਫਰਿਨ ਪੀਲ ਕੈਥੋਲਿਕ ਡੀਐਸਬੀ ਦੇ ਡਾਇਰੈਕਟਰ ਆਫ ਐਜੂਕੇਸ਼ਨ ਮੈਰੀਐਨ ਮਾਜ਼ੋਰਾਤੋ ਨੇ ਆਖਿਆ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਬਰੈਂਪਟਨ ਦੇ ਮਾਊਂਟ ਪਲੈਜ਼ੈਂਟ ਏਰੀਆ ਵਿੱਚ ਇਹ ਸਕੂਲ ਖੁੱਲ੍ਹਣ ਜਾ ਰਿਹਾ ਹੈ। ਡੀਪੀਸੀਡੀਐਸਬੀ ਟਰੱਸਟੀ, ਜੋ ਕਿ ਬਰੈਂਪਟਨ ਦੇ ਵਾਰਡਜ਼ 2, 5 ਤੇ 6 ਦੀ ਨੁਮਾਇੰਦਗੀ ਕਰਦੇ ਹਨ, ਡੈਰਿਲ ਡਸੂਜ਼ਾ ਨੇ ਵੀ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ।

## ਓਮਾਈਕ੍ਰੌਨ ਦੇ ਪਸਾਰ ਨੂੰ ਰੋਕਣ ਲਈ ਕਿਊਬਿਕ, ਓਨਟਾਰੀਓ ਤੇ ਪੀ ਈ ਆਈ ਨੇ ਨਵੇਂ ਮਾਪਦੰਡ ਕੀਤੇ ਪੇਸ਼

ਓਨਟਾਰੀਓ, 16 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਪਸਾਰ ਨੂੰ ਕਮਿਊਨਿਟੀ ਵਿੱਚ ਫੈਲਣ ਤੋਂ ਰੋਕਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਨਵੇਂ ਮਾਪਦੰਡ ਲਿਆਉਣ ਲਈ ਪ੍ਰੀਮੀਅਰਜ਼ ਨਾਲ ਸਲਾਹ ਮਸ਼ਵਰਾ ਕੀਤਾ ਗਿਆ।

ਇਸ ਮੀਟਿੰਗ ਵਿੱਚ ਤੇਜ਼ੀ ਨਾਲ ਦੁਨੀਆ ਭਰ ਵਿੱਚ ਫੈਲ ਰਹੇ ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਬਾਰੇ ਸੱਭ ਤੋਂ ਪਹਿਲਾਂ ਗੱਲ ਕੀਤੀ ਗਈ। ਪੀਐਮਓ ਨੇ ਆਖਿਆ ਕਿ ਪ੍ਰਧਾਨ ਮੰਤਰੀ ਤੇ ਪ੍ਰੀਮੀਅਰਜ਼ ਦਰਮਿਆਨ ਇਸ ਗੱਲ ਉੱਤੇ ਸਹਿਮਤੀ ਪਾਈ ਗਈ ਕਿ ਇਸ ਵੇਰੀਐਂਟ ਕਾਰਨ ਕੈਨੇਡਾ ਵਿੱਚ ਇੱਕ ਵਾਰੀ ਫਿਰ ਕੋਵਿਡ-19 ਦੇ ਮਾਮਲਿਆਂ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ ਤੇ ਇਸ ਕਾਰਨ ਇੱਕ ਵਾਰੀ ਫਿਰ ਹੈਲਥ ਕੇਅਰ ਸਿਸਟਮ ਉੱਤੇ ਬੋਝ ਪੈ ਸਕਦਾ ਹੈ।

ਇੱਕ ਬਿਆਨ ਵਿੱਚ ਆਖਿਆ ਗਿਆ ਕਿ ਟਰੂਡੋ ਤੇ ਪ੍ਰੀਮੀਅਰਜ਼ ਇਸ ਗੱਲ ਉੱਤੇ ਵੀ ਰਾਜ਼ੀ ਹਨ ਕਿ ਇਸ ਮਹਾਂਮਾਰੀ ਤੋਂ ਪਾਰ ਪਾਉਣ ਦਾ ਢੰਗ ਇਹ ਹੈ ਕਿ ਵੱਧ ਤੋਂ ਵੱਧ ਕੈਨੇਡੀਅਨਜ਼, ਜਿਨ੍ਹਾਂ ਵਿੱਚ ਬੱਚੇ ਵੀ ਸ਼ਾਮਲ ਹੋਣ, ਵੈਕਸੀਨੇਸ਼ਨ ਕਰਵਾਉਣ ਤੇ ਬੂਸਟਰ ਸ਼ੌਟ ਲਵਾਉਣ। ਇਸ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਕਿ ਸਰਕਾਰ ਟਰੈਵਲ ਸਬੰਧੀ ਪਾਬੰਦੀਆਂ ਵਿੱਚ ਕੋਈ ਤਬਦੀਲੀ ਕਰਨਾ ਚਾਹੁੰਦੀ ਹੈ ਜਾਂ ਨਹੀਂ, ਇਨ੍ਹਾਂ ਵਿੱਚ ਉਹ 10 ਅਫਰੀਕੀ ਦੇਸ਼ ਵੀ ਸ਼ਾਮਲ ਹਨ ਜਿੱਥੇ ਓਮਾਈਕ੍ਰੌਨ



ਵੇਰੀਐਂਟ ਸੱਭ ਤੋਂ ਪਹਿਲਾਂ ਪਾਇਆ ਗਿਆ।

ਇਹ ਤੇਜ਼ੀ ਨਾਲ ਫੈਲਣ ਵਾਲਾ ਓਮਾਈਕ੍ਰੌਨ ਵੇਰੀਐਂਟ ਕੈਨੇਡਾ ਤੇ ਅਮਰੀਕਾ ਦੇ 30 ਸਟੇਟਸ ਸਮੇਤ 60 ਦੇਸ਼ਾਂ ਵਿੱਚ ਮਿਲ ਚੁੱਕਿਆ ਹੈ। ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਫੈਡਰਲ ਸਰਕਾਰ ਇਸ ਵੇਰੀਐਂਟ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ। ਇਸ ਦੌਰਾਨ ਸਰਕਾਰ ਦੇ ਹਾਊਸ ਲੀਡਰ ਮਾਰਕ ਹੌਲੈਂਡ ਨੇ ਐਲਾਨ ਕੀਤਾ ਕਿ ਲਿਬਰਲ ਚੇਂਬਰ ਵਿੱਚ ਐਮਪੀਜ਼ ਦੀ ਗਿਣਤੀ ਕਾਫੀ ਹੱਦ ਤੱਕ ਘਟਾ ਦੇਣਗੇ ਤੇ ਹਾਲ ਦੀ ਘੜੀ ਵਰਚੂਅਲ ਕਾਕਸ ਮੀਟਿੰਗ ਹੀ ਕੀਤੀਆਂ ਜਾਣਗੀਆਂ। ਐਨਡੀਪੀ ਦੇ ਬੁਲਾਰੇ ਨੇ ਆਖਿਆ ਕਿ ਪਾਰਟੀ ਦੀ ਵੀਕਲੀ ਕਾਕਸ ਮੀਟਿੰਗ ਬੁੱਧਵਾਰ ਨੂੰ ਵਰਚੂਅਲ ਹੋਵੇਗੀ ਜਦਕਿ ਬਲਾਕ ਕਿਊਬਿਕੁਆ ਤੇ ਕੰਜ਼ਰਵੇਟਿਵਾਂ ਨੇ ਆਪਣੀਆਂ ਕਾਕਸ ਮੀਟਿੰਗਜ਼ ਇਨ ਪਰਸਨ ਕਰਨ ਦੀ ਗੱਲ ਆਖੀ।

ਓਮਾਈਕ੍ਰੌਨ ਦੇ ਪਸਾਰ ਨੂੰ ਰੋਕਣ ਲਈ ਕਿਊਬਿਕ, ਓਨਟਾਰੀਓ ਤੇ ਪ੍ਰਿੰਸ ਐਡਵਰਡ ਆਈਲੈਂਡ ਲਈ ਨਵੇਂ ਮਾਪਦੰਡ ਐਲਾਨੇ ਗਏ। ਪੀ ਈ ਆਈ ਦੇ ਚੀਫ ਪਬਲਿਕ ਹੈਲਥ ਆਫੀਸਰ ਡਾ. ਹੈਦਰ ਮਰੀਸਨ ਨੇ ਆਖਿਆ ਕਿ ਆਈਲੈਂਡ ਉੱਤੇ ਸ਼ੁੱਕਰਵਾਰ ਤੋਂ ਆਉਣ ਵਾਲੇ ਲੋਕਾਂ ਨੂੰ ਕੋਵਿਡ-19 ਦਾ ਟੈਸਟ ਨੈਗੇਟਿਵ ਆਉਣ ਤੱਕ ਖੁਦ ਨੂੰ ਆਈਸੋਲੇਟ ਕਰਨਾ ਹੋਵੇਗਾ। ਓਨਟਾਰੀਓ ਵੱਲੋਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੋਵਿਡ-19 ਦੀ ਟੈਸਟਿੰਗ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਤੇ ਵਿਜ਼ੀਟਰਜ਼ ਤੇ ਰੈਜ਼ੀਡੈਂਟਸ ਦੀਆਂ ਗਤੀਵਿਧੀਆਂ ਵੀ ਸੀਮਤ ਕੀਤੀਆਂ ਜਾ ਰਹੀਆਂ ਹਨ।

ਕਿਊਬਿਕ ਵੱਲੋਂ ਇੰਪਲੌਇਰਜ਼ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਮੁਲਾਜ਼ਮਾਂ ਤੋਂ ਘਰ ਤੋਂ ਕੰਮ ਕਰਵਾਉਣ। ਇਸ ਤੋਂ ਇਲਾਵਾ ਪ੍ਰੋਵਿੰਸ ਬੂਸਟਰ ਸ਼ੌਟ ਵਿੱਚ ਵੀ ਤੇਜ਼ੀ ਲਿਆਉਣ ਬਾਰੇ ਸੋਚ ਰਹੀ ਹੈ। ਇਸ ਦੇ ਨਾਲ ਹੀ ਸਾਰੀ ਆਬਾਦੀ ਲਈ ਰੈਪਿਡ ਕੋਵਿਡ-19 ਟੈਸਟ ਉਪਲਬਧ ਕਰਵਾਏ ਜਾਣ ਵਿੱਚ ਤੇਜ਼ੀ ਕੀਤੀ ਜਾ ਰਹੀ ਹੈ।

## ਰਿਹਾਇਸ਼ੀ ਇਮਾਰਤ ਵਿੱਚ ਅੱਗ ਲੱਗਣ ਕਾਰਨ ਇੱਕ ਜ਼ਖ਼ਮੀ

ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਵੁੱਡਬਾਈਨ ਐਵਨਿਊ ਤੇ ਗੇਰਾਰਡ ਸਟਰੀਟ ਈਸਟ ਏਰੀਆ ਵਿੱਚ ਇੱਕ ਬਹੁ ਮੰਜ਼ਿਲਾ ਰਿਹਾਇਸ਼ੀ ਇਮਾਰਤ ਵਿੱਚ ਅੱਗ ਲੱਗ ਜਾਣ ਕਾਰਨ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਹ ਦੋ ਅਲਾਰਮ ਵਾਲੀ ਅੱਗ ਰਾਤੀਂ 9:40 ਦੇ ਨੇੜੇ ਤੇੜੇ ਲੱਗੀ। ਜ਼ਖ਼ਮੀ ਵਿਅਕਤੀ ਨੂੰ ਮੌਕੇ ਉੱਤੇ ਹੀ ਪੈਰਾਮੈਡਿਕਸ ਵੱਲੋਂ ਮੁੱਢਲੀ ਸਹਾਇਤਾ ਦਿੱਤੀ ਗਈ ਤੇ ਫਿਰ ਉਸ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਅੱਗ ਕਾਫੀ ਜ਼ਬਰਦਸਤ ਸੀ ਤੇ ਬਿਲਡਿੰਗ ਦਾ ਅੱਧਾ ਹਿੱਸਾ ਖਾਲੀ ਕਰਵਾ ਲਿਆ ਗਿਆ। ਟੀਟੀਸੀ ਨੇ ਇਮਾਰਤ ਖਾਲੀ ਕਰਕੇ ਆਏ ਲੋਕਾਂ ਨੂੰ ਪਨਾਹ ਦੇਣ ਲਈ ਬੱਸਾਂ ਵੀ ਭੇਜੀਆਂ।

ਅੱਗ ਉੱਤੇ ਕਾਬੂ ਪਾ ਲਿਆ ਗਿਆ ਹੈ ਪਰ ਫਾਇਰ ਕ੍ਰਿਊ ਮੌਕੇ ਉੱਤੇ ਹੀ ਮੌਜੂਦ ਰਿਹਾ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ।

## ਓਮਾਈਕ੍ਰੌਨ ਵੇਰੀਐਂਟ ਤੋਂ 33 ਫੀ ਸਦੀ ਬਚਾਅ ਕਰਦੀ ਹੈ ਫਾਈਜ਼ਰ ਵੈਕਸੀਨ : ਰਿਪੋਰਟ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਸਾਊਥ ਅਫਰੀਕਾ ਵਿੱਚ ਅੱਜ ਜਾਰੀ ਕੀਤੇ ਗਏ ਇੱਕ ਵੱਡੀ ਪੱਧਰ ਦੇ ਵਿਸ਼ਲੇਸ਼ਣ ਅਨੁਸਾਰ ਫਾਈਜ਼ਰ/ਬਾਇਓਐਨਟੈਕ ਵੈਕਸੀਨ ਦੀਆਂ ਦੋ ਡੋਜ਼ਾਂ ਭਾਵੇਂ ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਤੋਂ ਸਿਰਫ 33 ਫੀ ਸਦੀ ਹੀ ਪ੍ਰੋਟੈਕਸ਼ਨ ਮੁਹੱਈਆ ਕਰਵਾਉਂਦੀਆਂ ਹਨ ਪਰ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਹੋਣ ਤੋਂ 70 ਫੀ ਸਦੀ ਬਚਾਉਂਦੀਆਂ ਹਨ।

ਸਾਊਥ ਅਫਰੀਕਾ, ਜਿਹੜੀ ਥਾਂ ਉੱਤੇ ਇਹ ਨਵਾਂ ਵੇਰੀਐਂਟ ਪਾਇਆ ਗਿਆ, ਉੱਥੇ ਆਪਣੀ ਕਿਸਮ ਦੇ ਇਸ ਪਹਿਲੇ ਵਿਸ਼ਲੇਸ਼ਣ ਵਿੱਚ ਵੈਕਸੀਨ ਦੀ ਪ੍ਰਭਾਵਸ਼ੀਲਤਾ ਨੂੰ ਪੜਚੋਲਿਆ ਗਿਆ। ਇਸ ਵਿੱਚ ਇਹ ਵੀ ਪਾਇਆ ਗਿਆ ਕਿ



ਜਿਸ ਤਰ੍ਹਾਂ ਪਹਿਲਾਂ ਸਮਝਿਆ ਜਾ ਰਿਹਾ ਸੀ ਉਹ ਸਹੀ ਸੀ ਕਿ ਇਹ ਨਵਾਂ ਵੇਰੀਐਂਟ ਸੁਖਾਲੇ ਢੰਗ ਨਾਲ ਟਰਾਂਸਮਿਸੇਬਲ ਹੈ ਤੇ ਫਾਈਜ਼ਰ ਦਾ ਸ਼ੌਟ ਵੀ ਇਸ ਵੇਰੀਐਂਟ ਉੱਤੇ ਓਨਾ ਅਸਰਦਾਰ ਨਹੀਂ ਜਿੰਨਾ ਕਿ ਡੈਲਟਾ ਵੇਰੀਐਂਟ ਉੱਤੇ ਸੀ।

ਇਹ ਵਿਸ਼ਲੇਸ਼ਣ ਕੋਵਿਡ-19 ਦੇ 211000 ਪਾਜ਼ੀਟਿਵ ਟੈਸਟ ਨਤੀਜਿਆਂ ਉੱਤੇ ਅਧਾਰਿਤ ਹੈ, 41 ਫੀ ਸਦੀ ਅਜਿਹੇ ਬਾਲਗਾਂ ਦੇ ਨਤੀਜਿਆਂ ਉੱਤੇ ਅਧਾਰਿਤ ਹੈ ਜਿਹੜੇ ਫਾਈਜ਼ਰ ਵੈਕਸੀਨ ਦੀਆਂ ਦੋਵੇਂ ਡੋਜ਼ਾਂ ਲਵਾ ਚੁੱਕੇ ਹਨ। 15 ਨਵੰਬਰ ਤੋਂ 7 ਦਸੰਬਰ ਦਰਮਿਆਨ 78000 ਕੋਵਿਡ-19 ਪਾਜ਼ੀਟਿਵ ਨਤੀਜਿਆਂ, ਜਿਨ੍ਹਾਂ ਨੂੰ ਕਿ ਮੁੱਖ ਤੌਰ ਉੱਤੇ ਓਮਾਈਕ੍ਰੌਨ ਇਨਫੈਕਸ਼ਨ ਮੰਨਿਆ ਗਿਆ, ਉੱਤੇ ਵੀ ਅਧਾਰਿਤ ਹੈ। ਇਹ ਅਧਿਐਨ ਸਾਊਥ ਅਫਰੀਕਾ ਦੀ ਸੱਭ ਤੋਂ ਵੱਡੀ ਪ੍ਰਾਈਵੇਟ ਹੈਲਥ ਇੰਸ਼ੋਰਰ- ਡਿਸਕਵਰੀ ਹੈਲਥ, ਤੇ ਸਾਊਥ ਐਫਰੀਕਨ ਮੈਡੀਕਲ ਰਿਸਰਚ ਕਾਊਂਸਲ ਵੱਲੋਂ ਕਰਵਾਇਆ ਗਿਆ ਹੈ।




## ਫੈਡਰਲ ਸਰਕਾਰ ਵੱਲੋਂ ਘਾਟੇ ਵਿੱਚ ਕਮੀ ਆਉਣ ਦੀ ਕੀਤੀ ਗਈ ਪੇਸ਼ੀਨਿਗੋਈ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕੋਵਿਡ-19 ਖਿਲਾਫ ਲੜਾਈ ਨੂੰ ਖਤਮ ਕਰਨ ਲਈ 8.1 ਬਿਲੀਅਨ ਡਾਲਰ ਵਾਧੂ ਖਰਚ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ ਤੇ ਇਸ ਦੇ ਨਾਲ ਹੀ ਕੌਮੀ ਪੱਧਰ ਉੱਤੇ ਘਾਟੇ ਵਿੱਚ ਵੀ ਕਮੀ ਆਉਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ।

ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਮੰਗਲਵਾਰ ਨੂੰ ਦੇਸ਼ ਦੀ ਵਿੱਤੀ ਸਥਿਤੀ ਉੱਤੇ ਚਾਨਣਾ ਪਾਇਆ ਗਿਆ ਤੇ ਆਰਥਿਕ ਤੇ ਵਿੱਤੀ ਅਪਡੇਟ ਦਿੱਤੀ ਗਈ। ਅਗਲੇ ਸੱਤ ਸਾਲਾਂ ਵਿੱਚ ਬਾਰਡਰ ਉੱਤੇ 71.2 ਬਿਲੀਅਨ ਡਾਲਰ ਖਰਚਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੀ ਸ਼ੁਰੂਆਤ 28.4 ਬਿਲੀਅਨ ਡਾਲਰ ਨਾਲ 2021-22 ਵਿੱਤੀ ਵਰ੍ਹੇ ਦੌਰਾਨ ਹੋਵੇਗੀ, 4.5 ਬਿਲੀਅਨ ਡਾਲਰ ਓਮਾਈਕ੍ਰੌਨ ਵੇਰੀਐਂਟ ਨਾਲ ਸਿੱਝਣ ਲਈ ਰੱਖੇ ਗਏ ਹਨ ਤੇ 5 ਬਿਲੀਅਨ ਡਾਲਰ ਹੋਰ ਬੀਸੀ ਦੇ ਹੜ੍ਹਾਂ ਲਈ ਕੀਤੇ ਜਾਣ



ਵਾਲੇ ਯਤਨਾਂ ਵਾਸਤੇ ਰੱਖੇ ਗਏ ਹਨ।

ਮਹਾਂਮਾਰੀ ਸਬੰਧੀ ਨਵੇਂ ਪ੍ਰਸਤਾਵਾਂ ਤਹਿਤ, ਸਰਕਾਰ ਵੱਲੋਂ ਦੋ ਸਾਲਾਂ ਦੇ ਅਰਸੇ ਵਿੱਚ 2 ਬਿਲੀਅਨ ਡਾਲਰ ਦਾ ਸੁਝਾਅ ਦਿੱਤਾ ਗਿਆ ਹੈ। ਇਸ ਦੀ ਸ਼ੁਰੂਆਤ 2021-22 ਵਿੱਚ ਕੋਵਿਡ-19 ਇਲਾਜ ਨੂੰ ਸਹੇਜ ਕੇ ਰੱਖਣ ਲਈ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀਐਚਏਸੀ) ਨਾਲ ਹੋਵੇਗੀ। ਸਰਕਾਰ ਹੈਲਥ ਕੈਨੇਡਾ ਤੇ ਪੀਐਚਏਸੀ ਨੂੰ 1.7 ਬਿਲੀਅਨ ਡਾਲਰ ਮੁਹੱਈਆ ਕਰਵਾਉਣ ਬਾਰੇ ਵੀ ਸੋਚ ਰਹੀ ਹੈ ਤਾਂ ਕਿ ਰੈਪਿਡ ਟੈਸਟਸ ਤੇ ਸਪਲਾਈਜ਼ ਨੂੰ ਪੁਰ ਕਰਕੇ ਰੱਖਣ ਲਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੀ ਮਦਦ ਕੀਤੀ ਜਾ ਸਕੇ। ਲੋਅ ਇਨਕਮ ਸੀਨੀਅਰਜ਼ ਲਈ ਵੀ ਸਰਕਾਰ 742.4 ਮਿਲੀਅਨ ਡਾਲਰ ਰਾਖਵੇਂ ਰੱਖ ਰਹੀ ਹੈ। ਬਸੰਤ ਵਿੱਚ ਪੇਸ਼ ਕੀਤੇ ਗਏ ਬਜਟ ਵਿੱਚ ਇਹ ਆਖਿਆ ਗਿਆ ਸੀ ਕਿ ਇਸ ਵਾਰੀ ਘਾਟਾ 154.7 ਬਿਲੀਅਨ ਡਾਲਰ ਤੱਕ ਅੱਪੜ ਸਕਦਾ ਹੈ ਪਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਮੁਤਾਬਕ 2021-22 ਵਿੱਚ ਇਹ ਘਾਟਾ 144.5 ਬਿਲੀਅਨ ਡਾਲਰ ਹੀ ਰਿਹਾ। 2022-23 ਦੇ ਵਿੱਤੀ ਵਰ੍ਹੇ ਵਿੱਚ ਇਹ ਘਾਟਾ 58.4 ਬਿਲੀਅਨ ਡਾਲਰ ਰਹਿਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ ਇਸ ਨੂੰ ਪਹਿਲਾਂ 59.7 ਬਿਲੀਅਨ ਡਾਲਰ ਦੱਸਿਆ ਜਾ ਰਿਹਾ ਸੀ। ਇਹ ਵੀ ਦੱਸਿਆ ਗਿਆ ਕਿ ਫੈਡਰਲ ਸਰਕਾਰ ਦੀ ਆਮਦਨ ਵਿੱਚ ਹੋਏ ਵਾਧੇ ਤੇ ਖਰਚਿਆਂ ਵਿੱਚ ਹੋਈ ਕਟੌਤੀ ਕਾਰਨ ਇਹ ਘਾਟਾ ਤੇਜ਼ੀ ਨਾਲ ਘਟ ਰਿਹਾ ਹੈ।

## ਸ਼ਰਮਨ ਜੋੜੇ ਦੇ ਕਤਲ ਦੇ ਸਬੰਧ ਵਿੱਚ ਪੁਲਿਸ ਨੇ ਮਸ਼ਕੂਕ ਦਾ ਵੀਡੀਓ ਕੀਤਾ ਜਾਰੀ

ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਬਿਲੀਅਨੇਅਰਜ਼ ਬੈਰੀ ਤੇ ਹਨੀ ਸ਼ਰਮਨ ਦੇ ਕਤਲ ਦੇ ਮਾਮਲੇ ਵਿੱਚ ਪੁਲਿਸ ਵੱਲੋਂ ਮਸ਼ਕੂਕ ਦੀ ਨਵੀਂ ਫੁਟੇਜ ਜਾਰੀ ਕੀਤੀ ਗਈ ਹੈ।

ਪੁਲਿਸ ਨੇ ਆਖਿਆ ਕਿ ਦਸੰਬਰ 2017 ਵਿੱਚ ਜਦੋਂ ਸ਼ਰਮਨ ਜੋੜੇ ਦਾ ਕਤਲ ਹੋਇਆ ਸੀ ਉਸ ਟਾਈਮਫਰੇਮ ਦੌਰਾਨ ਸ਼ਰਮਨ ਦੀ ਮਲਟੀ ਮਿਲੀਅਨ ਡਾਲਰ ਵਾਲੀ ਨੌਰਥ ਯੌਰਕ ਪ੍ਰਾਪਰਟੀ ਨੇੜੇ ਸਕਿਊਰਿਟੀ ਵੀਡੀਓ ਵਿੱਚ ਇੱਕ ਅਣਪਛਾਤਾ ਵਿਅਕਤੀ ਨਜ਼ਰ ਆ ਰਿਹਾ ਹੈ। ਹੋਮੀਸਾਈਡ ਡਿਪਾਰਟਮੈਂਟ ਸਾਰਜੈਂਟ ਬ੍ਰੈਂਡਨ ਪ੍ਰਾਈਸ ਨੇ ਆਖਿਆ ਕਿ ਪੁਲਿਸ ਨੇ ਲੰਮਾਂ ਸਮਾਂ ਇਸ ਸਕਿਊਰਿਟੀ ਫੁਟੇਜ ਨੂੰ ਹੰਗਾਲਿਆ ਪਰ ਉਨ੍ਹਾਂ ਨੂੰ ਇੱਕ ਮਸ਼ਕੂਕ ਮਿਲਿਆ ਤੇ ਉਸ ਦੀ ਵੀ ਪਛਾਣ ਨਹੀਂ ਹੋ ਪਾ ਰਹੀ।

ਪ੍ਰਾਈਸ ਨੇ ਆਖਿਆ ਕਿ ਸਾਨੂੰ ਇਹ ਸਮਝ ਨਹੀਂ



ਆ ਰਿਹਾ ਕਿ ਇਸ ਵਿਅਕਤੀ ਦਾ ਇਸ ਇਲਾਕੇ ਵਿੱਚ ਕੀ ਕੰਮ ਸੀ ਤੇ ਉਹ ਇੱਥੇ ਕਿਉਂ ਘੁੰਮ ਰਿਹਾ ਸੀ। ਉਨ੍ਹਾਂ ਆਖਿਆ ਕਿ ਇਸ ਸ਼ਖਸ ਦੀਆਂ ਹਰਕਤਾਂ ਕਾਫੀ ਸ਼ੱਕੀ ਹਨ। ਪ੍ਰਾਈਸ ਨੇ ਇਹ ਵੀ ਆਖਿਆ ਕਿ ਇਹ ਵੀਡੀਓ 13 ਦਸੰਬਰ 2017 ਨੂੰ ਸ਼ਾਮ ਜਾਂ ਰਾਤ ਸਮੇਂ ਲਈ ਗਈ ਹੈ ਤੇ ਉਸ ਦਿਨ ਹੀ ਆਖਰੀ ਵਾਰੀ ਇਸ ਜੋੜੇ ਨੂੰ ਜਿਉਂਦਾ ਵੇਖਿਆ ਗਿਆ ਸੀ। ਜਾਂਚਕਾਰਾਂ ਨੇ ਦੱਸਿਆ ਕਿ ਅਟੌਪਸੀ ਦੇ ਨਤੀਜਿਆਂ ਤੋਂ ਸਾਹਮਣੇ ਆਇਆ ਸੀ ਕਿ ਇਸ ਜੋੜੇ ਨੂੰ ਗਲਾ ਘੁੱਟ ਕੇ ਮਾਰਿਆ ਗਿਆ ਸੀ। ਜ਼ਿਕਰਯੋਗ ਹੈ ਕਿ 75 ਸਾਲਾ ਬੈਰੀ ਤੇ 70 ਸਾਲਾ ਹਨੀ ਆਪਣੇ ਨੌਰਥ ਯੌਰਕ ਵਾਲੇ ਘਰ ਦੇ ਅੰਦਰ ਵਾਲੇ ਪੂਲ ਦੇ ਡੈੱਕ ਉੱਤੇ ਅੱਧੀ ਬੈਠੀ ਹੋਈ ਹਾਲਤ ਵਿੱਚ ਗਲੇ ਨਾਲ ਬੈਲਟਾਂ ਬੰਨ੍ਹੀ ਰੇਲਿੰਗ ਨਾਲ ਬੰਨ੍ਹੇ ਪਾਏ ਗਏ ਸਨ। ਪੁਲਿਸ ਵੱਲੋਂ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਮਸ਼ਕੂਕ ਨੂੰ ਪਛਾਨਣ ਦੀ ਕੋਸ਼ਿਸ਼ ਕਰਨ। ਪੁਲਿਸ ਨੇ ਇਹ ਵੀ ਆਖਿਆ ਕਿ ਮਸ਼ਕੂਕ ਆਪਣੇ ਸੱਜੇ ਪੈਰ ਨੂੰ ਲੰਗ ਮਾਰਕੇ ਤੁਰਦਾ ਹੈ। ਇਸ ਮਸ਼ਕੂਕ ਦਾ ਰੰਗ, ਭਾਰ ਤੇ ਲਿੰਗ ਆਦਿ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲੀ ਹੈ। ਪ੍ਰਾਈਸ ਨੇ ਆਖਿਆ ਕਿ ਵੀਡੀਓ ਦੇ ਵਿਸ਼ਲੇਸ਼ਣ ਤੋਂ ਇਸ ਸ਼ਖਸ ਦਾ ਕੱਦ ਪੰਜ ਫੁੱਟ ਛੇ ਇੰਚ ਤੇ ਪੰਜ ਫੁੱਟ ਨੌਂ ਇੰਚ ਦਰਮਿਆਨ ਹੈ। ਪ੍ਰਾਈਸ ਨੇ ਆਖਿਆ ਕਿ ਕਾਤਲ ਦੀ ਜਾਣਕਾਰੀ ਦੇਣ ਵਾਲੇ ਲਈ 10 ਮਿਲੀਅਨ ਡਾਲਰ ਦਾ ਇਨਾਮ ਅਜੇ ਵੀ ਉਪਲਬਧ ਹੈ।

## ਅੱਜ ਨਾਮਾ

ਜਿਹੜੇ ਪਾਸੇ ਕੋਈ ਮੰਤਰੀ ਜਾਣ ਵਾਲਾ,
ਪਹਿਲਾਂ ਉੱਠ ਤੁਰਦੇ ਓਧਰ ਲੋਕ ਬੇਲੀ।
ਕਹਿੰਦੇ ਅਸੀਂ ਹਾਂ ਸੁਣਨ ਵਿਚਾਰ ਚੱਲੇ,
ਸਕਦਾ ਕੋਈ ਨਹੀਂ ਫੇਰ ਹੈ ਰੋਕ ਬੇਲੀ।
ਮੁਸ਼ਕਲ ਓਦੋ ਪ੍ਰਸ਼ਾਸਨ ਨੂੰ ਬਣੇ ਡਾਢੀ,
ਜਾਂਦਿਆਂ ਕਿਸੇ ਨੂੰ ਦੇਣ ਜਾਂ ਟੋਕ ਬੇਲੀ।
ਜਾਵਣਾ ਮੰਤਰੀ ਦੀ ਜ਼ਿੰਦਾਬਾਦ ਕਰਦੇ,
ਛਕਦੇ ਲੋਕਾਂ ਲਈ ਰੱਖਿਆ ਕੋਕ ਬੇਲੀ।
ਉੱਠੇ ਜਦੋਂ ਫਿਰ ਮੰਤਰੀ ਕਰਨ ਭਾਸ਼ਣ,
ਓਦੋਂ ਪੈਂਦੀ ਕੋਈ ਉੱਠ ਆ ਡਾਰ ਬੇਲੀ।
ਨਾਅਰਿਆਂ ਨਾਲ ਹੈ ਗੂੰਜ ਮੈਦਾਨ ਪੈਂਦਾ,
ਬਣੀ ਹੈ ਜਾਪਦੀ ਬੌਣੀ ਸਰਕਾਰ ਬੇਲੀ।

ਤੀਸ ਮਾਰ ਖਾਂ

# ਕੇਜਰੀਵਾਲ ਨੇ ਪੰਜਾਬ ਦੀ ਚੰਨੀ ਸਰਕਾਰ ਨੂੰ ਸਭ ਤੋਂ ਵੱਡੀ ਡਰਾਮੇਬਾਜ਼ ਆਖਿਆ

*** ਚੰਨੀ ਤੇ ਸੁਖਬੀਰ ਬਾਦਲ ਇੱਕੋ ਸਿੱਕੇ ਦੇ ਦੋ ਪਹਿਲੂ : ਭਗਵੰਤ ਮਾਨ**

ਮੁਕਤਸਰ ਸਾਹਿਬ, 16 ਦਸੰਬਰ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਬਾਦਲਾਂ ਦੇ ਗੜ੍ਹ ਮੰਨੇ ਜਾਂਦੇ ਹਲਕਾ ਲੰਬੀ ਦੇ ਪਿੰਡ ਖੁੱਡੀਆਂਵਿੱਚ ਵੱਡੀ ਰੈਲੀ ਦੌਰਾਨ ਪੰਜਾਬ ਦੀ ਚਰਨਜੀਤ ਸਿੰਘ ਚੰਨੀ ਸਰਕਾਰ ਉੱਤੇ ਹਮਲਾ ਕਰਦਿਆਂ ਇਸ ਨੂੰ ਨੌਟੰਕੀਬਾਜ਼ਾਂ ਤੇ ਡਰਾਮੇਬਾਜ਼ਾਂ ਦੀ ਸਰਕਾਰ ਕਿਹਾ। ਉਨ੍ਹਾਂ ਕਿਹਾ ਕਿ ਸਰਕਸ ਬਣ ਚੁੱਕੀ ਕਾਂਗਰਸ ਵਿੱਚ ਸਾਰੇ ਆਪੋ ਵਿੱਚ ਲੜਦੇ ਹਨ। ਕੈਬਨਿਟ ਬੈਠਕ ਵਿੱਚ ਮੰਤਰੀ ਮੁੱਕੋ-ਮੁੱਕੀ ਹੋਈ ਜਾਂਦੇ ਹਨ,ਮੁੱਖ ਮੰਤਰੀਚੰਨੀ ਨਾਲ ਨਵਜੋਤ ਸਿੱਧੂ ਦੀ ਨਹੀਂ ਬਣਦੀ, ਚੰਨੀ ਦੀ ਸੁਨੀਲ ਜਾਖੜ ਨਾਲ ਨਹੀਂ ਬਣਦੀ ਤੇ ਜਾਖੜ ਦੀ ਪ੍ਰਤਾਪ ਸਿੰਘ ਬਾਜਵਾ ਨਾਲ ਨਹੀਂ ਬਣਦੀ, ਹਰ ਕੋਈ ਦੂਸਰੇ ਨਾਲ ਲੜੀ ਜਾਂਦਾ ਹੈ।

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀਨੂੰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੈਨੂੰ ਟੈਂਟ ਲਾਉਣਾ ਨਹੀਂ ਆਉਂਦਾ, ਗਾਂ ਦਾ ਦੁੱਧ ਚੋਣਾ ਨਹੀਂ ਆਉਂਦਾ, ਗੁੱਲੀ ਡੰਡਾ ਨਹੀਂ ਖੇਡਣਾ ਆਉਂਦਾ, ਪਰ ਚੰਗੇ ਸਕੂਲ ਬਣਾਉਣੇ ਆਉਂਦੇਨੇ, ਚੰਗੇ ਹਸਪਤਾਲ ਬਣਾਉਣੇ ਹਨ ਅਤੇ ਬਿਜਲੀ ਬਿੱਲ ਮੁਆਫ਼ ਕਰਨੇ ਆਉਂਦੇ ਨੇ।ਉਨ੍ਹਾਂ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਅੱਜ ਤੱਕ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਹੈ, ਏਥੇ ਸਰਕਾਰ ਨਹੀਂ, ਸਰਕਸ ਚੱਲ ਰਹੀ ਹੈ, ਇਸ ਦੇ ਆਗੂ ਆਪੋਵਿੱਚ ਲੜੀ ਜਾਂਦੇ ਹਨ।ਉਨ੍ਹਾ ਕਿਹਾ ਕਿ ਜਦੋਂ ਉਨ੍ਹਾਂ ਨੇ ਔਰਤਾਂ ਦੇ ਖਾਤੇ ਵਿੱਚ ਹਰ ਮਹੀਨੇ ਇਕ ਹਜ਼ਾਰ ਰੁਪਏ ਪਾਉਣ ਦਾ ਐਲਾਨ ਕੀਤਾ ਹੈ ਤਾਂ ਰਵਾਇਤੀ ਪਾਰਟੀਆਂ ਬੁਖ਼ਲਾ ਗਈਆਂ।ਕੇਜਰੀਵਾਲ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਬਣੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਰੋਜ਼ ਨਵੇਂ ਐਲਾਨ ਕਰੀ ਜਾਂਦੇ ਹਨ। ਉਨ੍ਹਾਂ ਕਿਹਾ ਕਿ ਦੁਨੀਆ ਦੇ ਇਤਿਹਾਸ ਵਿੱਚ ਚੰਨੀ ਪਹਿਲਾ ਮੁੱਖ ਮੰਤਰੀ ਹੋਵੇਗਾ, ਜੋ ਬਾਥਰੂਮ ਵਿੱਚ ਵੀ ਲੋਕਾਂ ਨੂੰ ਮਿਲਦਾ ਹੈ।



ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀ ਸੱਤਾ ਖਾਤਰਪਿਛਲੀ ਵਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਝੂਠੇ ਵਾਅਦੇ ਕੀਤੇ, ਜੋ ਕਦੇ ਪੂਰੇ ਨਹੀਂ ਹੋਏ।ਉਨ੍ਹਾਂ ਕਿਹਾ ਕਿ ਪੰਜਾਬ ਉੱਤੇ 3 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਪੰਜਾਬ ਦੇ ਬਜਟ ਵਿੱਚੋਂ 34 ਹਜ਼ਾਰ ਕਰੋੜ ਲੀਡਰ ਖਾ ਜਾਣ ਤਾਂਵਿਕਾਸ ਕਿੱਦਾਂ ਹੋਵੇਗਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਬਣੀ ਤਾਂ ਇਹ ਪੈਸਾ ਵਾਪਸ ਲੈ ਕੇ ਬੀਬੀਆਂ ਦੇ ਖਾਤਿਆਂ ਵਿੱਚ ਪਾਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਨੇ 25 ਸਾਲ ਕਾਂਗਰਸ ਨੂੰ ਦਿੱਤੇ ਤਾਂ ਉਨ੍ਹਾਕੁਝ ਨਹੀਂ ਕੀਤਾ, 19 ਸਾਲ ਅਕਾਲੀਆਂ ਨੂੰਦਿੱਤੇ ਤਾਂ ਉਨ੍ਹਾ ਕੁਝ ਨਹੀਂ ਕੀਤਾ, ਇੱਕ ਮੌਕਾ ਸਾਨੂੰ ਦਿਓ ਤੇ 5 ਸਾਲਾਂ ਵਿੱਚ ਵਿਕਾਸ ਦਾ ਕਾਰਜ ਨਾ ਹੋਏ ਤਾਂ ਫਿਰ ਮੌਕਾ ਨਾ ਦੇਣਾ।

ਰੈਲੀ ਵਿੱਚ ਪਾਰਲੀਮੈਂਟ ਮੈਂਬਰ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਕਾਂਗਰਸ ਸਰਕਾਰ ਸਾਢੇ ਚਾਰ ਸਾਲ ਮਹਿਲਾਂ ਵਿੱਚ ਬੈਠੀ ਰਹੀ, ਕੰਮ ਨਹੀਂ ਕੀਤਾ,ਫਿਰ ਮੁੱਖ ਮੰਤਰੀ ਬਦਲ ਦਿੱਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸੁਖਬੀਰ ਸਿੰਘ ਬਾਦਲਇੱਕੋ ਸਿੱਕੇ ਦੇ ਦੋ ਪਹਿਲੂ ਹਨ, ਦੋਵਾਂ ਦਾ ਸੁਭਾਅ ਮਿਲਦਾ ਹੈ, ਜਿੱਦਾਂ ਦੇ ਵਾਅਦੇ ਸੁਖਬੀਰ ਸਿੰਘ ਬਾਦਲ ਕਰਦਾ ਹੈ, ਓਦਾਂ ਚੰਨੀ ਸਾਹਿਬ ਕਰੀ ਜਾਂਦੇ ਹਨ।ਮਾਨ ਨੇ ਕਿਹਾ ਕਿ ਮੁੱਖ ਮੰਤਰੀ ਚੰਨੀ ਨੇ 80 ਦਿਨਾਂ ਦਾ ਰਿਪੋਰਟ ਕਾਰਡ ਤਾਂ ਪੇਸ਼ ਕੀਤਾ ਹੈ, ਪੌਣੇ ਪੰਜ ਸਾਲਾਂ ਦਾ ਹਿਸਾਬ ਕੌਣ ਦੇਵੇਗਾ? ਉਨ੍ਹਾ ਕਿਹਾਕਿ ਅੱਜ ਗੁਰਦਾਸਪੁਰ ਵਿੱਚਮੁੱਖ ਮੰਤਰੀ ਚੰਨੀ ਦੀ ਰੈਲੀਵਿੱਚ ਲੋਕ ਨਹੀਂ ਗਏ ਅਤੇ ਇਕੱਲਾ ਬਾਂਦਰ ਕਿੱਲਾ ਖੇਡ ਕੇ ਚਲਾ ਗਿਆ। ਉਨ੍ਹਾਂ ਕਿਹਾ ਕਿ ਸਮਾਂ ਤੱਕੜੀਆਂ ਅਤੇ ਪੰਜਿਆਂਤੋਂ ਨਿਕਲਣ ਦਾ ਹੈ ਅਤੇ ਜਦੋਂ ਜਨਤਾ ਇੱਕ ਵਾਰ ਤੱਕੜੀ ਅਤੇ ਪੰਜੇ ਵਿੱਚੋਂ ਨਿਕਲ ਗਈ ਤਾਂ ਦਿੱਲੀ ਵਾਂਗ ਜਨਤਾ ਨੂੰ ਸੋਚਣ ਦੀ ਲੋੜ ਨਹੀਂ ਪੈਣੀ।

ਖਾਸ ਗੱਲ ਇਹ ਹੈ ਕਿ ਪੰਜ ਵਾਰੀ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਵਿੱਚ ਰੈਲੀ ਕਰਨ ਪੁੱਜੇ ਅਰਵਿੰਦ ਕੇਜਰੀਵਾਲ ਨੇ ਆਪਣੇ ਭਾਸ਼ਣ ਵਿਚ ਨਿਸ਼ਾਨਾ ਕਾਂਗਰਸ ਪਾਰਟੀ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਬਣਾਇਆ ਅਤੇ ਪ੍ਰਕਾਸ਼ ਸਿੰਘ ਬਾਦਲ ਜਾਂ ਅਕਾਲੀ ਦਲ ਵਿਰੁੱਧ ਇੱਕ ਸ਼ਬਦ ਵੀ ਨਹੀਂ ਬੋਲਿਆ।

# ਮੁੱਖ ਮੰਤਰੀ ਚੰਨੀ ਨੇ ਲੋਕਾਂ ਨੂੰ ਕੇਜਰੀਵਾਲ ਦੇ ਹੱਥਕੰਡਿਆਂ ਵੱਲੋਂ ਸੁਚੇਤ ਰਹਿਣ ਨੂੰ ਕਿਹਾ



ਲੁਧਿਆਣਾ, 16 ਦਸੰਬਰ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਦੀ ਸੱਤਾ ਖੋਹਣ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਵਰਤੇ ਜਾਂਦੇ ਹੱਥਕੰਡਿਆਂ ਤੋਂ ਪੰਜਾਬੀਆਂ ਨੂੰ ਸੁਚੇਤ ਰਹਿਣ ਨੂੰ ਕਿਹਾ ਹੈ। ਅੱਜ ਏਥੇ ਰਵਿਦਾਸ ਆਡੀਟੋਰੀਅਮ, ਈਸਟ ਐਂਡ ਕਲੱਬ, ਸਪੈਸ਼ਲ ਪਾਰਕ ਸਟੈਟਿਕ ਕੰਪੈਕਟਰ, ਪ੍ਰਦਰਸ਼ਨੀ ਕੇਂਦਰ ਤੇ ਹੋਰ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਣ ਦੇ ਬਾਅਦਮੁੱਖ ਮੰਤਰੀ ਚੰਨੀ ਨੇ ਕਿਹਾ, 'ਕੇਜਰੀਵਾਲ ਦੇ ਵਾਅਦੇ ਝੂਠ ਦਾ ਪੁਲੰਦਾ ਹਨ। ਉਹ ਪੰਜਾਬ ਵਿੱਚ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਭੱਤਾ ਦੇਣ ਦੀ ਗੱਲ ਕਹਿੰਦਾ ਹੈ, ਪਰ ਗੋਆ ਵਿੱਚ ਉਸ ਨੇ ਇਹੀ ਭੱਤਾ 5000 ਰੁਪਏ ਦੇਣ ਦਾ ਵਾਅਦਾ ਕੀਤਾ ਹੈ'।

ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਕਾਂਗਰਸ ਸਰਕਾਰ ਆਮ ਲੋਕਾਂ ਦੀ ਭਲਾਈ ਲਈ ਕੋਈ ਕਸਰ ਨਹੀਂ ਛੱਡੇਗੀ ਤੇ ਲੋਕਾਂ ਵਿਰੁੱਧ ਸਾਜ਼ਿਸ਼ ਕਰਨ ਵਾਲੇ ਹਰ ਵਿਅਕਤੀ ਨੂੰ ਸਜ਼ਾ ਦਿਵਾਉਣਾ ਕਾਂਗਰਸ ਸਾਡਾ ਇਖ਼ਲਾਕੀ ਫਰਜ਼ ਹੈ।ਉਨ੍ਹਾਂਕਿਹਾ ਕਿ ਰੇਤ ਮਾਫੀਆ, ਬੇਅਦਬੀ, ਸਿੰਜਾਈ ਘੁਟਾਲੇ ਜਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਦੋਸ਼ੀਆਂਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਕੋਈ ਵਿਅਕਤੀ ਕਿੰਨਾ ਵੀ ਰਸੂਖ਼ਦਾਰ ਹੋਵੇ, ਇਨ੍ਹਾਂ ਅਪਰਾਧਾਂ ਲਈ ਜਵਾਬਦੇਹ ਹੋਵੇਗਾ। ਉਨ੍ਹਾਂ ਕਿਹਾ ਕਿ ਬਹੁਤ ਖੁਸ਼ਕਿਸਮਤ ਹਾਂ ਕਿ ਮੈਂ ਪੰਜਾਬ ਦੇ ਹਰ ਆਮ ਆਦਮੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨ ਕਰ ਰਿਹਾ ਹਾਂ ਅਤੇ ਅਗਲੇ ਦਿਨਾਂ ਵਿਚ ਕਈ ਹੋਰ ਵੱਡੇ ਫੈਸਲੇ ਲਏ ਜਾਣਗੇ।

# ਨਵਜੋਤ ਸਿੱਧੂ ਵੱਲੋਂ ਦਾਲਾਂ ਤੇ ਤੇਲ ਦੇ ਬੀਜਾਂ ਉੱਤੇ ਐੱਮ ਐੱਸ ਪੀ ਦੇਣ ਦਾ ਵਾਅਦਾ

ਚੰਡੀਗੜ੍ਹ, 16 ਦਸੰਬਰ, (ਪੋਸਟ ਬਿਊਰੋ)-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਰਾਏਕੋਟ ਵਿੱਚ ਕਾਂਗਰਸ ਦੀ ਰੈਲੀ ਵਿੱਚ ਵਾਅਦਾ ਕੀਤਾ ਕਿ ਪੰਜਾਬ ਵਿੱਚ ਮੁੜ ਕੇ ਕਾਂਗਰਸ ਦੀ ਸਰਕਾਰ ਬਣੀ ਤਾਂ ਦਾਲਾਂ ਅਤੇ ਤੇਲ ਦੇ ਬੀਜਾਂ ਉੱਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੇਵਾਂਗੇ। ਉਨ੍ਹਾਂ ਕਿਹਾ ਕਿ 'ਮੇਰੀ ਤੇ ਚਰਨਜੀਤ ਸਿੰਘ ਚੰਨੀ ਦੀ ਦੋ ਬਲਦਾਂ ਦੀ ਜੋੜੀ ਹੈ।ਅਸੀਂ ਜਵਾਨੀ ਅਤੇ ਕਿਸਾਨੀ ਨੂੰ ਰਲ ਕੇ ਬਚਾਵਾਂਗੇ। ਕਿਸਾਨੀ ਪੰਜਾਬ ਮਾਡਲ ਨਾਲ ਹੀ ਸੁਧਰ ਸਕੇਗੀ।' ਉਨ੍ਹਾਂ ਅਪੀਲ ਕੀਤੀ ਕਿ ਲੋਕ ਅਗਲੀ ਪੀੜ੍ਹੀ ਨੂੰ ਬਚਾਉਣ ਲਈ ਵੋਟ ਦੇਣ ਅਤੇ ਹਰ ਪੰਜਾਬੀ ਨੂੰ ਸਿਆਸਤ ਦਾ ਹਿੱਸਾ ਬਣਨਾ ਪਵੇਗਾ। ਪੰਜਾਬ ਮਾਡਲ ਨਾਲ ਅਸਲੀ ਪੰਜਾਬ ਦੀ ਹਾਲਤ ਸੁਧਰ ਸਕਦੀ ਹੈ।

ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਕਸਮਾਂ-ਵਾਅਦੇ ਨਹੀਂ ਕਰਦਾ, ਉਸਦੀ ਜ਼ੁਬਾਨ ਹੀ ਪੱਕੀ ਹੈ।ਰਾਏਕੋਟ ਪਹੁੰਚੇ ਨਵਜੋਤ ਸਿੰਘ ਨੇ ਕਿਹਾ ਕਿ 'ਪੰਜਾਬ ਦੇ ਲੋਕਾਂ ਨੂੰ ਜਾਗਰਕ ਕਰਨ ਦੀ ਲੋੜ ਹੈ। ਤੁਸੀਂ ਆਪਣੀ ਅਗਲੀ ਪੀੜ੍ਹੀ ਬਚਾਉਣ ਲਈ ਵੋਟ ਪਾਉਣੀ ਹੈ।'ਉਨ੍ਹਾ ਕਿਹਾ ਕਿ ਇਹ ਚੋਣ ਪੰਜਾਬ ਦਾ ਨਕਸ਼ਾ ਵਿਗਾੜ ਸਕਦੀ ਹੈ ਅਤੇ ਪੰਜਾਬ ਦੀ ਨੁਹਾਰ ਬਦਲ ਵੀ ਸਕਦੀ ਹੈ। ਉਨ੍ਹਾਂ ਕਿਹਾ ਕਿ ਮੈਂ ਹਰ ਆਦਮੀ ਨੂੰ ਸਿਆਸੀ ਬਣਾ ਕੇ ਪੰਜਾਬ ਨੂੰ ਬਚਾਉਣ ਦੀ ਜੰਗ ਲੜਾਂਗਾ, ਪੰਜਾਬ ਖੋਖਲਾ ਹੋ ਰਿਹਾ ਹੈ, ਭੀਖ ਮੰਗ ਕੇ ਪੰਜਾਬ ਚੱਲ ਰਿਹਾ ਹੈ, ਇਸ ਵਿੱਚ ਚੋਰੀ ਰੋਕਣੀ ਪੈਣੀ ਅਤੇ ਖ਼ਜ਼ਾਨਾ ਭਰਨਾ ਪੈਣਾ ਹੈ, ਕਿਸਾਨੀ ਤੇ ਜਵਾਨੀ ਖੜੀ ਕਰਨੀ ਪੈਣੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਚੋਭ ਲਾਉਂਦਿਆਂਨਵਜੋਤ



ਸਿੰਘਸਿੱਧੂ ਨੇ ਕਿਹਾ ਕਿ 'ਮੈਂ ਗੁਟਕਾ ਸਾਹਿਬ ਦੀ ਸਹੁੰ ਨਹੀਂ ਖਾਂਦਾ, ਬੰਦਾ ਉਹ ਚੰਗਾ ਹੈ, ਜਿਹੜਾ ਵਚਨ ਦਾ ਪੱਕਾ ਹੈ। ਮੈਂ ਆਪਣੇ ਛੋਟੇ ਵੀਰ ਚੰਨੀ ਨਾਲ ਮਿਲ ਕੇ ਕਿਸਾਨੀ ਖੜ੍ਹੀ ਕਰੂੰਗਾ, ਸਾਡੀ ਦੋ ਬਲਦਾਂ ਦੀ ਜੋੜੀ ਹੈ।ਬਾਦਲ ਪਰਿਵਾਰ ਨੇ ਪੰਜਾਬ ਨੂੰ ਹਮੇਸ਼ਾ ਲੁੱਟਿਆ ਹੈ। ਟਰਾਂਸਪੋਰਟ ਮਾਫ਼ੀਆ ਖੜਾ ਕਰਨ ਵਾਲੇ ਬਾਦਲ ਹਨ। ਬੇਅਦਬੀ ਬਾਰੇ ਇਨਸਾਫ਼ ਲੋਕਾਂ ਦੀ ਅਦਾਲਤ ਵਿੱਚ ਹੋਵੇਗਾ। ਪੰਜਾਬ ਦੇ ਲੋਕਾਂ ਨੂੰ ਪਤਾ ਹੈ ਕਿ ਨਸ਼ੇ ਲਈ ਕੌਣ ਜ਼ਿੰਮੇਵਾਰ?' ਉਨ੍ਹਾਂ ਕਿਹਾ ਕਿ ਪਹਿਲੀ ਵਾਰ ਪੰਜਾਬ ਦੀਆਂ ਸਰਕਾਰੀ ਬੱਸਾਂ ਦਾ ਮੁਨਾਫ਼ਾ ਆਇਆ ਹੈ ਅਤੇਸਾਡੇ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਰਕਾਰੀ ਬੱਸਾਂ ਲਈ ਮੁਨਾਫ਼ਾਦਿਵਾਇਆ ਹੈ। ਨਵਜੋਤ ਸਿੰਘਸਿੱਧੂ ਨੇ ਕਿਹਾ ਕਿ ਡਾਇਨਾਸੋਰ ਤਾਂ ਵਾਪਸ ਆ ਸਕਦੇ ਹਨ, ਪਰ ਸੁਖਬੀਰ-ਮਜੀਠੀਆ ਨਹੀਂ ਆਉਣਗੇ।

# ਸੁਖਬੀਰ ਸਿੰਘ ਬਾਦਲ ਕਹਿੰਦੈ: ਅਸੀਂ ਮਮਤਾ ਦੀ ਪੱਛਮੀ ਬੰਗਾਲ ਵਾਲੀ ਕਾਰਗੁਜ਼ਾਰੀ ਦੁਹਰਾਵਾਂਗੇ

ਪਠਾਨਕੋਟ, 16 ਦਸੰਬਰ, (ਪੋਸਟ ਬਿਊਰੋ)-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਏਥੇ ਕਿਹਾ ਹੈ ਕਿ ਅਕਾਲੀ ਦਲ ਪੰਜਾਬੀਆਂ ਦੀ ਇਕਲੌਤੀ ਪਾਰਟੀ ਤਿੰਨਾਂ ਸਰਕਾਰਾਂ ਨੂੰ ਹਰਾ ਸਕਦੀ ਹੈ, ਜਿਨ੍ਹਾਂ ਦੇ ਖਿਲਾਫ ਉਹ ਇਕੱਲੀ ਹੀ ਡਟੀ ਹੋਈ ਹੈ, ਭਾਵੇਂ ਉਹ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਦੀ ਸਰਕਾਰ ਹੋਵੇ, ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਜਾਂ ਫਿਰ ਕਾਂਗਰਸੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਉਂ ਨਾ ਹੋਵੇ।

ਇਥੇ ਸੁਜਾਨਪੁਰ ਵਿਚ ਅਕਾਲੀ ਉਮੀਦਵਾਰ ਰਾਜ ਕੁਮਾਰ ਗੁਪਤਾ ਲਈ ਹੋਏ ਇਕੱਠ ਨੂੰ ਸੰਬੋਧਨ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬੀ ਕਦੇ ਬਾਹਰਲਿਆਂ ਨੂੰ ਉਨ੍ਹਾਂ ਉੱਤੇ ਰਾਜ ਕਰਨ ਨਹੀਂ ਦੇਣਗੇ, ਸਗੋਂ ਅਕਾਲੀ ਦਲਦਾ ਭਰੋਸਾ



ਪ੍ਰਗਟ ਕਰਨਗੇ।ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਵਿੱਚ ਜਿਵੇਂ ਮਮਤਾ ਬੈਨਰਜੀ ਸਫਲ ਹੋਈ ਹੈ, ਅਸੀਂ ਵੀ ਸਾਡੇ ਖਿਲਾਫ ਡਟੀਆਂ ਤਿੰਨਾਂ ਤਾਕਤਾਂ ਨੂੰ ਹਰਾ ਕੇ ਚੋਣਾਂ ਜਿੱਤਾਂਗੇ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਸਵਾਗਤ ਖਾਲੀ ਕੁਰਸੀਆਂ ਕਰਦੀਆਂਹਨ ਅਤੇ ਇਸ ਤੋਂ ਚੰਨੀ ਤੇ ਕਾਂਗਰਸ ਦੋਹਾਂ ਦੀ ਹਾਲਤ ਪਤਾ ਲੱਗਦੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਦੀ ਪੁੱਠੀ ਗਿਣਤੀ ਚੱਲ ਪਈ ਹੈ ਅਤੇ ਇਸੇ ਲਈ ਉਸ ਵਿਚ ਖਾਨਾਜੰਗੀ ਛਿੜੀ ਹੋਈ ਹੈ।

ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਦੇ ਕਨਵੀਨਰਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬਾਰੇ ਕਿਹਾ ਕਿ ਉਹ ਪੰਜਾਬੀਆਂ ਨੂੰ ਦੱਸਣ ਕਿ ਉਨ੍ਹਾਂ ਸਾਡੇ ਥਰਮਲ ਪਲਾਂਟ ਬੰਦ ਕਰਾਉਣ ਲਈ ਸੁਪਰੀਮ ਕੋਰਟ ਵਿੱਚ ਐਫੀਡੇਵਿਟ ਕਿਉਂ ਦਿੱਤਾ ਤੇ ਇਸੇ ਤਰ੍ਹਾਂ ਉਸ ਦੀ ਦਿੱਲੀ ਸਰਕਾਰ ਨੇ ਐਫੀਡੇਵਿਟ ਪੇਸ਼ ਕਰ ਕੇ ਪਰਾਲੀ ਸਾੜਨ ਲਈ ਪੰਜਾਬ ਦੇ ਕਿਸਾਨਾਂ ਖਿਲਾਫ ਫੌਜਦਾਰੀ ਕੇਸ ਦਰਜ ਕਰਨ ਦੀ ਮੰਗ ਕਿਉਂ ਕੀਤੀ।ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਪੰਜਾਬ ਦਾ ਦਰਿਆਈ ਪਾਣੀ ਹਰਿਆਣਾ ਤੇ ਦਿੱਲੀ ਨੂੰ ਦੇਣ ਦੀ ਵੀ ਹਮਾਇਤ ਕੀਤੀ ਸੀ।ਛੋਟੇ ਬਾਦਲ ਨੇ ਕਿਹਾ ਕਿ ਅੱਜਕੱਲ੍ਹ ਕੇਜਰੀਵਾਲ ਪੰਜਾਬ ਦੀਆਂ ਸਾਰੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਦਾ ਡਰਾਮਾ ਕਰ ਰਿਹਾ ਹੈ, ਦਿੱਲੀ ਵਿੱਚ ਕਿਸੇ ਔਰਤ ਨੂੰ ਅੱਜ ਤੱਕ 1000 ਰੁਪਏ ਕਿਉਂ ਨਾ ਮਿਲੇ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਕਦੇ ਵੀ ਪੰਜਾਬੀਆਂ ਨੂੰ ਉਸ ਤਰ੍ਹਾਂ ਫਾਰਮ ਭਰਨ ਵਾਸਤੇ ਨਹੀਂ ਆਖੇਗਾ, ਜਿਵੇਂ ਪਹਿਲਾਂ ਕਾਂਗਰਸ ਨੇ ਭਰਵਾਏ ਅਤੇ ਐਤਕੀਂ ਆਮ ਆਦਮੀ ਪਾਰਟੀ ਵਾਲੇ ਭਰਵਾ ਰਹੇ ਹਨ।ਉਨ੍ਹਾਂ ਕਿਹਾ ਕਿ ਅਸੀਂ ਆਪਣੇ ਚੋਣ ਮਨੋਰਥ ਪੱਤਰ ਦੇ ਵਾਅਦਿਆਂਅਨੁਸਾਰ ਕਿਸਾਨਾਂ ਨੂੰ ਖੇਤੀ ਲਈ ਮੁਫਤ ਬਿਜਲੀ, ਸ਼ਗਨ ਸਕੀਮ, ਆਟਾ ਦਾਲ ਸਕੀਮ ਆਦਿ ਸ਼ੁਰੂ ਕੀਤੀਆਂ ਅਤੇ ਚਲਵਾਈਆਂ ਸਨ।

# ਚਟੋਪਾਧਿਆਏ ਪੰਜਾਬ ਪੁਲਸ ਦੇ ਨਵੇਂ ਡੀ.ਜੀ.ਪੀ. ਬਣਾਏ ਗਏ, ਸਹੋਤਾ ਦੀ ਛੁੱਟੀ

*** ਰਵੀ ਭਗਤ ਮੁੱਖ ਮੰਤਰੀ ਦੇ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਬਣੇ**

ਚੰਡੀਗੜ੍ਹ, 16 ਦਸੰਬਰ, (ਪੋਸਟ ਬਿਊਰੋ)-ਜਦੋਂ ਚਾਰ ਦਿਨਾਂ ਬਾਅਦ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀਐੱਸ ਸੀ) ਨੇ ਪੰਜਾਬ ਪੁਲਸ ਦਾ ਪੱਕਾ ਮੁਖੀ (ਡੀਜੀਪੀ) ਲਾਉਣ ਲਈ ਇੰਪੈਨਲਮੈਂਟ ਕਮੇਟੀ ਦੀ ਮੀਟਿੰਗ ਸੱਦੀ ਹੋਈ ਹੈ, ਓਦੋਂ ਪੰਜਾਬ ਸਰਕਾਰ ਨੇਅੱਜ ਵੀਰਵਾਰ ਦੇਰ ਰਾਤ ਕਾਰਜਕਾਰੀ ਡੀ ਜੀ ਪੀ ਇਕਬਾਲਪ੍ਰੀਤ ਸਿੰਘ ਸਹੋਤਾ ਦੀ ਜਗ੍ਹਾ ਸਿਧਾਰਥ ਚਟੋਪਾਧਿਆਏ ਨੂੰ ਕਾਰਜਕਾਰੀ ਡੀ ਜੀ ਪੀ ਨਿਯੁਕਤ ਕਰ ਦਿੱਤਾ ਹੈ।

ਵਰਣਨ ਯੋਗ ਹੈ ਕਿ ਚਟੋਪਾਧਿਆਏ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਸੰਦ ਹਨ ਅਤੇਸਿੱਧੂ ਉਨ੍ਹਾਂ ਦੀ ਪੈਰਵੀ ਲਗਾਤਾਰ ਕਰਦੇ ਰਹੇ ਹਨ।ਇਕਬਾਲਪ੍ਰੀਤ ਸਿੰਘ ਸਹੋਤਾਨੂੰ ਡੀ ਜੀ ਪੀਬਣਾਉਣ ਉੱਤੇਨਵਜੋਤ ਸਿੰਘ ਸਿੱਧੂ ਨੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਸੀ।ਇੰਜ ਲੱਗਦਾ ਹੈ ਕਿ ਚਟੋਪਾਧਿਆਏ ਦੀ ਨਿਯੁਕਤੀ ਤੋਂ ਬਾਅਦ ਬਹੁ-ਚਰਚਿਤ ਡਰੱਗ ਕੇਸਤੇ ਬੇਅਦਬੀ ਮਾਮਲੇ ਵਿੱਚ ਵੱਡੀ ਕਾਰਵਾਈ ਕੀਤੀ ਜਾ ਸਕਦੀ ਹੈ।ਪਿਛਲੇ ਦਿਨੀਂ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਮੁਖੀ ਐੱਸ ਕੇ ਅਸਥਾਨਾ ਦਾ ਪੱਤਰ ਲੀਕ ਹੋਣ ਤੇ ਇਸ ਬਾਰੇਮੁੱਖ ਮੰਤਰੀ ਵੱਲੋਂ ਕੇਸ ਦਰਜ ਕਰਨ ਲਈ ਕਹਿਣ ਦੇ ਬਾਵਜੂਦ ਤਿੰਨ ਦਿਨਕਾਰਵਾਈ ਨਾ ਹੋਣ ਕਾਰਨ ਹੋਈ ਤਾਜ਼ਾ ਨਿਯੁਕਤੀ ਖਾਸ ਗਿਣੀ ਜਾਂਦੀ ਹੈ। ਡਰੱਗ ਕੇਸ ਦੀ ਜਾਂਚ ਨਵੇਂ ਸਿਰਿਓਂ ਕਰਨ ਬਾਰੇ ਐੱਸਕੇ ਅਸਥਾਨਾ ਨੇ ਡੀ ਜੀ ਪੀ ਇਕਬਾਲਪ੍ਰੀਤ ਸਿੰਘ ਨੂੰ 40 ਸਫਿਆਂ ਦੀ ਚਿੱਠੀ ਲਿਖੀ ਸੀ, ਜਿਸ ਦਾ ਕੁਝ ਹਿੱਸਾ ਲੀਕ ਹੋ ਗਿਆ ਤੇ ਲੀਕ ਹੋਏ ਹਿੱਸੇ ਵਿੱਚ ਲਿਖਿਆ ਸੀ ਕਿ ਜੇ ਹਾਈ ਕੋਰਟ ਤੇ



ਇਨਫੋਰਸਮੈਂਟ ਡਾਇਰੈਕਟੋਰੇਟ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਕਾਰਵਾਈ ਨਹੀਂ ਕਰਦਾਤਾਂ ਅਸੀਂ ਕਾਰਵਾਈ ਕਿੱਦਾਂ ਕਰ ਸਕਦੇ ਹਾਂ।ਪੱਤਰ ਲੀਕ ਹੋਣ ਉੱਤੇ 14 ਦਸੰਬਰ ਨੂੰ ਮੁੱਖ ਮੰਤਰੀ ਨੇ ਕੇਸ ਦਰਜ ਕਰਨ ਦੇ ਆਦੇਸ਼ ਦਿੱਤੇ ਸਨ, ਪਰ 16 ਦਸੰਬਰ ਸ਼ਾਮ ਤਕ ਇਕਬਾਲਪ੍ਰੀਤ ਸਿੰਘ ਸਹੋਤਾ ਨੇ ਕੇਸ ਦਰਜ ਨਹੀਂ ਕੀਤਾ। ਇਸ ਕਰ ਕੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕਾਫੀ ਨਾਰਾਜ਼ ਸਨ ਅਤੇ ਉਨ੍ਹਾਂ ਨੂੰ ਡੀ ਜੀ ਪੀ ਦੇ ਅਹੁਦੇ ਤੋਂ ਹਟਾ ਦਿੱਤਾ ਹੈ।

ਦੂਸਰੇ ਪਾਸੇ ਪੌਣੇ ਤਿੰਨ ਮਹੀਨੇ ਬਾਅਦ ਯੂ ਪੀਐੱਸਸੀ ਨੇ ਪੰਜਾਬ ਪੁਲਸ ਦਾ ਨਵਾਂ ਡੀ ਜੀ ਪੀ ਤੈਅ ਕਰਨ ਲਈ ਨਾਂਅ ਵਿਚਾਰਨ ਵਾਸਤੇ 21 ਦਸੰਬਰ ਨੂੰ ਕਮੇਟੀ ਮੀਟਿੰਗ ਸੱਦੀ ਹੋਈ ਹੈ। ਇਸ ਵਿਚ ਪੰਜਾਬ ਦੇ ਚੀਫ ਸੈਕਟਰੀ ਅਨਿਰੁਧ ਤਿਵਾੜੀ, ਐਡੀਸ਼ਨਲ ਚੀਫ ਸੈਕਟਰੀ (ਹੋਮ) ਅਨੁਰਾਗ ਵਰਮਾ ਤੇ ਇਕ ਹੋਰ ਸੀਨੀਅਰ ਅਫਸਰ ਸ਼ਾਮਲ ਹੋਵੇਗਾ। ਪੰਜਾਬ ਸਰਕਾਰ ਨੇ ਯੂ ਪੀਐੱਸਸੀ ਨੂੰ ਪੈਨਲ ਤੈਅ ਕਰਨ ਲਈ 10 ਸੀਨੀਅਰ ਅਫਸਰਾਂ ਦਾ ਨਾਂ ਭੇਜਿਆ ਸੀ। ਵਰਣਣ ਯੋਗ ਹੈ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਪੰਜਾਬ ਵਿੱਚ ਨਵਾਂ ਡੀ ਜੀ ਪੀ ਲਾਉਣ ਦਾ ਮੁੱਦਾ ਭਖਿਆ ਪਿਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਪਿੱਛੋਂ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਡੀ ਜੀ ਪੀ ਦਿਨਕਰ ਗੁਪਤਾ ਨੂੰ ਹਟਾ ਕੇ ਇਕਬਾਲਪ੍ਰੀਤ ਸਿੰਘ ਸਹੋਤਾ ਨੂੰ ਕਾਰਜਕਾਰੀ ਡੀ ਜੀ ਪੀ ਲਾਇਆ ਸੀ। ਇਸ ਤੋਂਨਾਰਾਜ਼ ਹੋਏ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਨੇ 1986 ਬੈਚ ਦੇ ਆਈਪੀਐੱਸ ਅਫਸਰ ਐੱਸ ਚਟੋਪਾਧਿਆਏ ਨੂੰ ਲਾਉਣਨੂੰ ਕਿਹਾ ਸੀ। ਕਾਂਗਰਸ ਹਾਈ ਕਮਾਨ ਨੇ ਉਸ ਅੱਗੇ ਝੁਕ ਕੇ ਮੁੱਖ ਮੰਤਰੀ ਤੇ ਸਿੱਧੂਦੀ ਬੈਠਕ ਕਰਵਾਈ ਤੇ ਤੈਅ ਹੋਇਆ ਕਿ 30 ਸਤੰਬਰ ਤੋਂ ਪਹਿਲਾਂ ਨਵਾਂ ਪੈਨਲ ਯੂ ਪੀਐੱਸਸੀ ਨੂੰ ਭੇਜਿਆ ਜਾਵੇ ਤਾਂ ਕਿ ਐੱਸ ਚਟੋਪਾਧਿਆਏ ਦੇ ਨਾਂ ਉੱਤੇ ਵਿਚਾਰ ਹੋ ਸਕੇ।ਜੇ ਪੰਜਾਬ ਸਰਕਾਰ ਵੱਲੋਂ 30 ਸਤੰਬਰ ਨੂੰ ਦੇਰ ਰਾਤ ਭੇਜੇ ਪੈਨਲ ਨੂੰ ਕੱਟ ਆਫ ਡੇਟ ਮੰਨਿਆ ਜਾਵੇ ਤਾਂ ਐੱਸ ਚਟੋਪਾਧਿਆਏ ਪੈਨਲ ਵਿੱਚ ਆ ਜਾਣਗੇ, ਪਰ ਉਸ ਦਿਨ ਇਹ ਅਹੁਦਾ ਖਾਲੀ ਨਹੀਂ ਸੀ, ਕਿਉਂਕਿ ਦਿਨਕਰ ਗੁਪਤਾ ਸਿਰਫ ਹਫਤੇ ਛੁੱਟੀ ਜਾਣ ਦੇ ਬਾਵਜੂਦ ਪੰਜਾਬ ਕੇਡਰ ਵਿੱਚ ਸਨ। ਚਾਰ ਅਕਤੂਬਰ ਨੂੰ ਸਰਕਾਰ ਨੇ ਉਸ ਦੀ ਬਦਲੀ ਕਰਕੇ ਇਕਬਾਲਪ੍ਰੀਤ ਸਿੰਘ ਸਹੋਤਾ ਨੂੰ ਕਾਰਜਕਾਰੀ ਡੀ ਜੀ ਪੀਲਾਇਆ ਸੀ, ਪਰ ਜੇ ਇਹ ਅਹੁਦਾ 5 ਅਕਤੂਬਰ ਤੋਂ ਖਾਲੀ ਮੰਨਿਆ ਜਾਵੇਤਾਂ ਚਟੋਪਾਧਿਆਏ ਸਮੇਤ ਉਹ ਅਫਸਰ ਬਾਹਰ ਹੋ ਜਾਣਗੇ, ਜੋ 31 ਮਾਰਚ 2022 ਤੋਂ ਪਹਿਲਾਂ ਰਿਟਾਇਰ ਹੋਣੇ ਹਨ। 1986 ਬੈਚ ਦੇ ਅਫਸਰ ਐੱਸ ਚਟੋਪਾਧਿਆਏ ਤੋਂ ਬਿਨਾ 1987 ਬੈਚ ਦੇ ਅਫਸਰ ਦਿਨਕਰ ਗੁਪਤਾ, 1987 ਬੈਚ ਦੇ ਐੱਮਕੇ ਤਿਵਾੜੀ ਅਤੇ ਵੀਕੇ ਭਾਵਰਾ, 1988 ਬੈਚ ਦੇ ਪ੍ਰਬੋਧ ਕੁਮਾਰ ਅਤੇ ਰੋਹਿਤ ਚੌਧਰੀ, 1989 ਬੈਚ ਦੇ ਸੰਜੀਵ ਕਾਲੜਾ ਅਤੇ ਪਰਾਗ ਜੈਨ ਤੇ 1991 ਬੈਚ ਦੇ ਬੀਕੇ ਉੱਪਲ ਦੇ ਨਾਂ ਵੀ ਹਨ।

ਇਸ ਦੌਰਾਨ ਪੰਜਾਬ ਸਰਕਾਰ ਨੇ ਅੱਜ ਵੀਰਵਾਰ ਸ਼ਾਮ ਨੂੰ ਇੱਕ ਫੈਸਲੇ ਨਾਲ 2006 ਬੈਚ ਦੇ ਆਈ ਏ ਐੱਸ ਅਧਿਕਾਰੀ ਰਵੀ ਭਗਤ ਨੂੰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਬਣਾਇਆ ਹੈ।ਉਹ ਇਸ ਅਹੁਦੇ ਦੇ ਨਾਲ ਹੀ ਮੰਡੀ ਬੋਰਡ ਦੇ ਸੈਕਟਰੀ ਦਾ ਕੰਮਕਾਰ ਵੀ ਦੇਖਣਗੇ।








# ਸੰਪਾਦਕੀ

## ਡਰੱਗਾਂ ਨੂੰ ਗੈਰ-ਅਪਰਾਧਕ ਐਲਾਨਣ ਦਾ ਗੁੰਝਲਦਾਰ ਮਸਲਾ

ਜਦੋਂ ਕੈਨੇਡਾ ਵਿੱਚ ਡਰੱਗਾਂ ਦੇ ਓਵਰਡੋਜ਼ ਜਾਂ ਵਰਤੋਂ ਦੀ ਗੱਲ ਆਉਂਦੀ ਹੈ ਤਾਂ ਅਕਸਰ ਬ੍ਰਿਟਿਸ਼ ਕੋਲੰਬੀਆ ਨੂੰ ਸਮੱਸਿਆ ਨਾਪਣ ਦੇ ਪੈਮਾਨੇ ਵਜੋਂ ਵੇਖਿਆ ਜਾਂਦਾ ਹੈ। ਬੀ.ਸੀ. ਦੇ ਦੋ ਸਾਬਕਾ ਹੈਲਥ ਅਫਸਰਾਂ ਨੇ ਇੱਕ ਅਨੋਖਾ ਤਜੁਰਬਾ ਆਰੰਭ ਕਰਨ ਦੀ ਕੋਸ਼ਿਸ਼ ਕੀਤੀ। ਮਾਰਟਿਨ ਸ਼ੈਚਟਰ ਅਤੇ ਪੈਰੀ ਕੈਂਨਡਾਲ (Martin Schechter and Perry Kendall) ਨੇ ਇਸ ਸਾਲ ਦੇ ਆਰੰਭ ਵਿੱਚ ਫੇਅਰ ਪ੍ਰਾਈਸ ਫਰਮਾ (Fair Price Pharma) ਇਸ ਇਰਾਦੇ ਨਾਲ ਕਾਇਮ ਕੀਤੀ ਤਾਂ ਜੋ ਡਰੱਗਾਂ ਉੱਤੇ ਨਿਰਭਰ ਵਿਅਕਤੀਆਂ ਨੂੰ ਸ਼ੁੱਧ ਹੈਰੋਇਨ ਦੀ ਸੁਪਲਾਈ ਮੁਹਈਆ ਕਰ ਸੱਕਣ। ਸਮੱਸਿਆ ਹੈ ਕਿ ਇਹਨਾਂ ਨੇ ਨਵੰਬਰ ਵਿੱਚ ਯੂਰਪ ਦੇ ਇੱਕ ਅਧਿਕਾਰਤ ਸ੍ਰੋਤ ਤੋਂ 15 ਕਿਲੋ ਸ਼ੁੱਧ ਹੈਰੋਇਨ ਮੰਗਵਾ ਤਾਂ ਲਈ ਪਰ ਪ੍ਰੋਵਿੰਸ਼ੀਅਲ ਸਰਕਾਰ ਨੇ ਹਾਲੇ ਵੇਚਣ ਦਾ ਲਾਇਸੰਸ ਨਹੀਂ ਦਿੱਤਾ ਹੈ। ਬੀ.ਸੀ. ਵਿੱਚ ਸੈਂਕੜੇ ਡਾਕਟਰ ਹਨ ਜੋ ਜੋਰ ਪਾ ਰਹੇ ਹਨ ਕਿ ਬੀ.ਸੀ. ਸਰਕਾਰ 200 ਦੇ ਕਰੀਬ ਡਰੱਗਾਂ ਦੇ ਆਦੀ ਵਿਅਕਤੀਆਂ ਨੂੰ ਸ਼ੁੱਧ ਹੈਰੋਇਨ ਮੁਫ਼ਤ ਦੇਣ ਲਈ ਸਿਹਤ ਵਿਭਾਗ ਨੂੰ ਫੰਡ ਮੁਹਈਆ ਕਰੇ। ਇੱਕ ਆਦਮੀ ਉੱਤੇ ਹਰ ਰੋਜ਼ ਦਾ 25 ਡਾਲਰ ਖਰਚਾ ਹੋਣ ਦੀ ਆਸ ਹੈ।

ਇਸ ਪਿੱਠ ਭੂਮੀ ਵਿੱਚ ਐਨ ਡੀ ਪੀ ਦੇ ਮੈਂਬਰ ਪਾਰਲੀਮੈਂਟ ਡੌਨ ਡੇਵੀਸ ਵੱਲੋਂ ਅਪਰੈਲ 2021 ਵਿੱਚ ਪਾਰਲੀਮੈਂਟ ਵਿੱਚ ਰੱਖਿਆ ਉਸ ਬਿੱਲ ਨੂੰ ਸਮਝਿਆ ਜਾ ਸਕਦਾ ਹੈ ਜਿਸ ਤਹਿਤ ਓਪੀਆਇਡ, ਹੈਰੋਇਨ ਅਤੇ ਕੋਕੇਨ ਆਦਿ ਨੂੰ ਨਿੱਜੀ ਵਰਤੋਂ ਲਈ ਰੱਖਣ ਅਤੇ ਵਰਤਣ ਦੀ ਕਾਨੂੰਨਨ ਇਜ਼ਾਜਤ ਦਿੱਤੀ ਜਾ ਸਕਦੀ ਸੀ। ਇਹ ਬਿੱਲ ਸਮੇਂ ਦੀ ਘਾਟ ਕਾਰਣ ਪਾਸ ਨਹੀਂ ਸੀ ਹੋ ਸਕਿਆ। ਇਸ ਬਿੱਲ ਵਿੱਚ ਉਹਨਾਂ ਲੋਕਾਂ ਦੇ ਕ੍ਰਿਮੀਨਲ ਰਿਕਾਰਡ ਦੀ ਸਮਾਪਤ ਕਰਨ ਦੀ ਸੁਵਿਧਾ ਸੀ ਜਿਹਨਾਂ ਕੋਲੋਂ 4.5 ਗਰਾਮ ਤੱਕ ਡਰੱਗ ਫੜ੍ਹੇ ਜਾ ਚੁੱਕੇ ਹਨ। ਦੂਜੇ ਪਾਸੇ ਲਿਬਰਲ ਪਾਰਟੀ ਵੱਲੋਂ ਬੀਤੇ ਦਿਨੀਂ ਬਿੱਲ ਸੀ 5 ਪੇਸ਼ ਕੀਤਾ ਗਿਆ ਸੀ ਜਿਸ ਵਿੱਚ ਕਈ ਕਿਸਮ ਦੇ ਹਥਿਆਰਾਂ, ਡਰੱਗ ਨਾਲ ਸਬੰਧਿਤ ਅਪਰਾਧਾਂ ਲਈ ਮਿਲਣ ਵਾਲੀ ਘੱਟੋ ਘੱਟ ਸਜ਼ਾ ਨੂੰ ਮੁਆਫ ਕਰਨ ਦੀ ਗੱਲ ਕੀਤੀ ਗਈ ਹੈ। ਕੰਜ਼ਰਵੇਟਿਵ ਹਾਲੇ ਖੁੱਲ ਕੇ ਇਸ ਬਿੱਲ ਦੇ ਹੱਕ ਜਾਂ ਵਿਰੋਧ ਵਿੱਚ ਨਹੀਂ ਆਏ ਹਨ ਪਰ ਐਨ ਡੀ ਪੀ ਦਾ ਮੰਨਣਾ ਹੈ ਕਿ ਲਿਬਰਲ ਬਿੱਲ ਤਾਂ ਪਾਣੀ ਵਿੱਚ ਮਧਾਣੀ ਬਰਾਬਰ ਹੀ ਹੈ। ਐਨ ਡੀ ਪੀ ਅਨੁਸਾਰ ਜੇ ਸਰਕਾਰ ਇਸ ਮਸਲੇ ਬਾਰੇ ਗੰਭੀਰ ਹੈ ਤਾਂ ਇੱਕ ਖਾਸ ਮਾਤਰਾ ਤੱਕ ਹੈਰੋਇਨ, ਕੋਕੇਨ ਆਦਿ ਨੂੰ ਰੱਖਣ ਦੀ ਆਗਿਆ ਹੋਣੀ ਚਾਹੀਦੀ ਹੈ।

ਚੇਤੇ ਰੱਖਣਾ ਬਣਦਾ ਹੈ ਕਿ ਡਰੱਗ ਓਵਰਡੋਜ਼ ਦੀ ਸਮੱਸਿਆ ਨਾਲ ਸਿੱਝਣ ਲਈ ਬੀ.ਸੀ. ਸਰਕਾਰ ਵੱਲੋਂ ਨਸ਼ਿਆਂ ਨੂੰ ਗੈਰ-ਅਪਰਾਧਕ ਐਲਾਨਲ ਲਈ ਪਿਛਲੇ ਮਹੀਨੇ ਫੈਡਰਲ ਸਰਕਾਰ ਨੂੰ ਲਿਖਤੀ ਬੇਨਤੀ ਭੇਜੀ ਜਾ ਚੁੱਕੀ ਹੈ। ਜਨਵਰੀ ਤੋਂ ਜੁਲਾਈ 2021 ਦੇ ਅਰਸੇ ਦੌਰਾਨ ਬੀਸੀ ਵਿੱਚ 1200 ਤੋਂ ਵੱਧ ਵਿਅਕਤੀ ਨਸ਼ਿਆਂ ਦੀ ਵਧੇਰੇ ਵਰਤੋਂ ਕਾਰਣ ਮੌਤ ਦੇ ਮੂੰਹ ਗਏ ਜੋ ਕਿ 2020 ਨਾਲੋਂ 38% ਜ਼ਿਆਦਾ ਸੀ। ਸਿਟੀ ਆਫ ਟੋਰਾਂਟੋ ਦੇ ਬੋਰਡ ਆਫ ਹੈਲਥ ਵੱਲੋਂ ਅਜਿਹੀ ਹੀ ਬੇਨਤੀ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਡਰੱਗ ਰੱਖਣ ਨੂੰ ਗੈਰ ਅਪਰਾਧਕ ਬਣਾਉਣ ਲਈ ਉਂਟੇਰੀਓ ਐਸੋਸੀਏਸ਼ਨ ਆਫ ਪੁਲੀਸ, ਕੈਨੇਡੀਅਨ ਐਸੋਸੀਏਸ਼ਨ ਆਫ ਚੀਫ ਆਫ ਪੁਲੀਸ, ਸੈਂਟਰ ਫਾਰ ਐਡਿਕਸ਼ਨ ਅਤੇ ਮੈਂਟਲ ਹੈਲਥ, ਸਿਟੀ ਆਫ ਕਿੰਗਸਟਨ, ਮਾਂਟਰੀਅਲ ਅਤੇ ਓਟਾਵਾ ਵੀ ਸਮਰੱਥਨ ਕਰ ਰਹੇ ਹਨ। ਇਹਨਾਂ ਵੱਲੋਂ ਆਸ ਕੀਤੀ ਜਾ ਰਹੀ ਹੈ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਨੂੰ ਅਪਰਾਧਕ ਦੋਸ਼ਾਂ ਵਿੱਚ ਉਲਝਾਉਣ ਨਾਲੋਂ ਮਾਨਸਿਕ ਸਿਹਤ ਨੂੰ ਮਜ਼ਬੂਤ ਕਰਨ ਦਾ ਸਹਾਰਾ ਦੇ ਕੇ ਵਧੇਰੇ ਮਦਦ ਕੀਤੀ ਜਾ ਸਕਦੀ ਹੈ।

ਹੈਲਥ ਕੈਨੇਡਾ ਦੇ ਪਬਲਿਕ ਹੈਲਥ ਇਨਫੋਬੇਸ (Public Health infobase) ਅਨੁਸਾਰ ਜਨਵਰੀ 2016 ਤੋਂ ਜੂਨ 2021 ਦਰਮਿਆਨ ਕੈਨੇਡਾ ਵਿੱਚ 24,626 ਲੋਕ ਨਸ਼ਿਆਂ ਦੀ ਲੋੜੋਂ ਵੱਧ ਵਰਤੋਂ ਕਾਰਣ ਮਾਰੇ ਗਏ ਹਨ। ਕੋਵਿਡ 19 ਦੀ ਮਹਾਮਾਰੀ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾਇਆ ਹੈ। ਉਂਟੇਰੀਓ ਵਿੱਚ ਕੋਵਿਡ-19 ਬਾਬਤ ਬਣਾਏ ਗਏ ਸਲਾਹਕਾਰ ਸਾਇੰਸ ਟੇਬਲ ਦੇ ਅੰਕੜੇ ਹੈਰਾਨੀਜਨਕ ਹੈ। ਮਾਰਚ 2020 ਵਿੱਚ ਮਹਾਮਾਰੀ ਦੇ ਆਰੰਭ ਹੋਣ ਤੋਂ ਬਾਅਦ ਉਂਟੇਰੀਓ ਵਿੱਚ ਨਸ਼ਿਆਂ ਦੀ ਦੁਰਵਰਤੋਂ ਕਾਰਣ ਐਮਰਜੰਸੀ ਡਾਕਟਰੀ ਸੇਵਾ ਲੈਣ ਵਾਲਿਆਂ ਦੀ ਗਿਣਤੀ ਵਿੱਚ 57% ਵਾਧਾ ਹੋਇਆ ਹੈ ਅਤੇ ਗੰਭੀਰ ਨਸ਼ਿਆਂ ਕਾਰਣ ਐਮਰਜੰਸੀ ਜਾਣ ਵਾਲਿਆਂ ਵਿੱਚ 60% ਵਾਧਾ ਹੋਇਆ ਹੈ। ਚੇਤੇ ਰਹੇ ਕਿ ਇੱਕ ਵਾਰ ਐਮਰਜੰਸੀ ਵਿਜ਼ਟ ਦਾ ਸਰਕਾਰ ਨੂੰ 1000 ਡਾਲਰ ਤੋਂ ਵੱਧ ਖਰਚਾ ਚੁੱਕਣਾ ਪੈਂਦਾ ਹੈ। ਸਾਇੰਸ ਟੇਬਲ ਮੁਤਾਬਕ ਮਹਾਮਾਰੀ ਦੌਰਾਨ ਬਹੁਤ ਲੋਕ ਮਾਨਸਿਕ ਰੋਗਾਂ ਦੇ ਸ਼ਿਕਾਰ ਹੋ ਗਏ, ਇੱਕਲਤਾ ਹੰਢਾਉਣ ਲਈ ਮਜਬੂਰ ਹੋਏ ਜਿਸ ਸਦਕਾ ਉਹਨਾਂ ਦੀ ਨਸ਼ਿਆਂ ਉੱਤੇ ਨਿਰਭਰਤਾ ਵੱਧ ਗਈ।

ਕੋਈ ਸ਼ੱਕ ਨਹੀਂ ਕਿ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਸਮਾਜ ਨੂੰ ਮੁਕਤ ਕਰਨ ਲਈ ਕੋਈ ਸਿੱਧਾ ਸਾਦਾ ਹੱਲ ਨਹੀਂ ਹੋ ਸਕਦਾ। ਮਨੁੱਖੀ ਸੁਭਾਅ ਵਿੱਚ ਆਈਆਂ ਖਾਮੀਆਂ ਨੂੰ ਦੂਰ ਕਰਨਾ ਇੱਕ ਗੁੰਝਲਦਾਰ ਵਰਤਾਰਾ ਹੈ। ਸੋ ਨਸ਼ਈਆਂ ਲਈ ਸੌਖੇ ਤਰੀਕੇ ਨਸ਼ੇ ਮੁਹਈਆ ਕਰਕੇ ਥੋੜ ਚਿਰੇ ਸਿੱਟੇ ਤਾਂ ਕੱਢੇ ਜਾ ਸਕਦੇ ਹਨ ਪਰ ਲੋੜ ਸਮੱਸਿਆ ਦੀ ਜੜ੍ਹ ਤੱਕ ਪੁੱਜਣ ਦੀ ਹੈ ਜਿਸਨੂੰ ਅੰਗਰੇਜ਼ੀ ਵਿੱਚ "primary prevention," ਕਿਹਾ ਜਾਂਦਾ ਹੈ। ਭਾਵ ਉਹ ਪਹੁੰਚ ਜੋ ਸਮਾਜ ਵਿੱਚ ਅਜਿਹੀ ਮਦਦ ਮੁਹਈਆ ਕਰੇ ਜਿਸ ਨਾਲ ਲੋਕੀ ਨਸ਼ਿਆਂ ਵੱਲ ਜਾਣ ਹੀ ਨਾ। ਸੁਆਲ ਹੈ ਕਿ ਜਿਹੜੀ ਪਹੁੰਚ ਵੱਡੀਆਂ ਤਿੰਨੇ ਫੈਡਰਲ ਪਾਰਟੀਆਂ ਲਿਬਰਲ, ਕੰਜ਼ਰਵੇਟਿਵ ਅਤੇ ਐਨ ਡੀ ਪੀ ਅਪਣਾ ਰਹੀਆਂ ਹਨ, ਕੀ ਉਸ ਨਾਲ ਇਸ ਦਿਸ਼ਾ ਵਿੱਚ ਕੋਈ ਕਦਮ ਪੁੱਟਿਆ ਵੀ ਜਾ ਸਕਦਾ ਹੈ ਜਾਂ ਨਹੀਂ?

## ਕੰਜ਼ਰਵੇਟਿਵ ਐਮਪੀਜ਼ ਨੂੰ ਇੰਟਰਨੈਸ਼ਨਲ ਟਰੈਵਲ ਕਰਨ ਦੀ ਖੁੱਲ੍ਹ, ਲਿਬਰਲ ਤੇ ਐਨਡੀਪੀ ਐਮਪੀਜ਼ ਨਹੀਂ ਕਰ ਸਕਣਗੇ ਅਜਿਹਾ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਹੁਣ ਉਹ ਕ੍ਰਿਸਮਸ ਇੱਕਠ ਵੀ 20 ਲੋਕਾਂ ਦਾ ਹੀ ਕਰਨਗੇ। ਐਨਡੀਪੀ ਵ੍ਹਿਪ ਰੇਚਲ ਬਲੇਨੀ ਨੇ ਆਖਿਆ ਕਿ ਉਨ੍ਹਾਂ ਦੇ ਕਾਕਸ ਨੂੰ ਵੀ ਇਹੋ ਸਲਾਹ ਦਿੱਤੀ ਗਈ ਹੈ ਕਿ ਉਹ ਗੈਰ ਜ਼ਰੂਰੀ ਇੰਟਰਨੈਸ਼ਨਲ ਟਰੈਵਲ ਤੋਂ ਬਚਣ। ਉਨ੍ਹਾਂ ਆਖਿਆ ਕਿ ਕੈਨੇਡੀਅਨਜ਼ ਉਮੀਦ ਕਰਦੇ ਹਨ ਕਿ ਉਨ੍ਹਾਂ ਵੱਲੋਂ ਚੁਣੇ ਗਏ ਆਗੂ ਨਿਯਮਾਂ ਦੀ ਪਾਲਣਾ ਦੇ ਮਾਮਲੇ ਵਿੱਚ ਮਿਸਾਲ ਕਾਇਮ ਕਰਨ। ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਮਹਾਂਮਾਰੀ ਅਜੇ ਮੁੱਕੀ ਨਹੀਂ ਹੈ।

ਪਰ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਦੇ ਆਫਿਸ ਦਾ ਕਹਿਣਾ ਹੈ ਕਿ ਇੰਟਰਨੈਸ਼ਨਲ ਟਰੈਵਲ ਉੱਤੇ ਕੋਈ ਪਾਬੰਦੀ ਨਹੀਂ ਹੈ ਤੇ ਇਹ ਐਡਵਾਈਜ਼ਰੀ ਸਿਰਫ ਉਨ੍ਹਾਂ ਲਈ ਹੈ ਜਿਹੜੇ ਵੈਕਸੀਨੇਸ਼ਨ ਮੁਕੰਮਲ ਕਰਵਾ ਚੁੱਕੇ ਹਨ ਤੇ ਉਨ੍ਹਾਂ ਸਿਰਫ ਆਪਣੇ ਟਰੈਵਲ ਪਲੈਨਜ਼ ਤੋਂ ਪਹਿਲਾਂ ਸਰਕਾਰ ਨੂੰ ਜਾਣੂ ਕਰਵਾਉਣਾ ਹੈ। ਓਟੂਲ ਦੀ ਕਮਿਊਨਿਕੇਸ਼ਨਜ਼ ਡਾਇਰੈਕਟਰ ਜੋਸੀ ਸਬਾਤੀਨੋ ਨੇ ਆਖਿਆ ਕਿ ਕੰਜ਼ਰਵੇਟਿਵ ਕਾਕਸ ਦੇ ਮੈਂਬਰ ਇੰਟਰਨੈਸ਼ਨਲ ਪੱਧਰ ਉੱਤੇ ਟਰੈਵਲ ਕਰ ਸਕਦੇ ਹਨ।

## ਓਮਾਈਕ੍ਰੌਨ ਦੇ ਪਸਾਰ ਨੂੰ ਰੋਕਣ ਲਈ ਮਾਹਿਰਾਂ ਨੇ ਸੰਪਰਕ ਵਿੱਚ 50 ਫੀ ਸਦੀ ਕਟੌਤੀ ਦੀ ਦਿੱਤੀ ਸਲਾਹ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਅਸੀਂ ਸੰਪਰਕ ਘਟਾਉਣ ਦੀ ਗੱਲ ਕਰ ਰਹੇ ਹਾਂ, ਇਹ ਭਾਵੇਂ ਕਪੈਸਿਟੀ ਘਟਾ ਕੇ ਹੋਵੇ ਜਾਂ ਇੰਡੋਰਜ਼ ਵਿੱਚ ਮਾਸਕ ਲਾਉਣਾ ਲਾਜ਼ਮੀ ਕਰਕੇ ਹੋਵੇ। ਡਾ. ਬ੍ਰਾਊਨ ਨੇ ਆਖਿਆ ਕਿ ਇਹ ਮਹਾਂਮਾਰੀ ਦੀ ਸੱਭ ਤੋਂ ਖਰਾਬ ਵੇਵ ਹੋ ਸਕਦੀ ਹੈ।

ਪੈਨਲ ਦਾ ਕਹਿਣਾ ਹੈ ਕਿ ਓਮਾਈਕ੍ਰੌਨ ਇਨਫੈਕਸ਼ਨ ਦੇ ਖਿਲਾਫ ਵੈਕਸੀਨ ਘੱਟ ਪ੍ਰਭਾਵਸ਼ਾਲੀ ਹੈ ਤੇ ਬੂਸਟਰਜ਼ ਹਿਫਾਜ਼ਤ ਨੂੰ ਹੋਰ ਮਜ਼ਬੂਤ ਕਰਨਗੇ। ਇਹ ਵੀ ਪਾਇਆ ਗਿਆ ਹੈ ਕਿ ਵੈਕਸੀਨ ਦੀਆਂ ਦੋ ਡੋਜ਼ਾਂ ਕਾਫੀ ਪ੍ਰੋਟੈਕਸ਼ਨ ਮੁਹੱਈਆ ਕਰਵਾਉਂਦੀਆਂ ਹਨ ਪਰ ਜਿਨ੍ਹਾਂ ਨੇ ਟੀਕਾਕਰਣ ਕਰਵਾਇਆ ਹੀ ਨਹੀਂ ਹੋਇਆ ਉਨ੍ਹਾਂ ਦੇ ਬਿਮਾਰ ਪੈਣ ਦਾ ਬਹੁਤਾ ਖਤਰਾ ਹੈ। ਪ੍ਰੋਵਿੰਸ ਦਾ ਕਹਿਣਾ ਹੈ ਕਿ ਸ਼ਨਿੱਚਰਵਾਰ ਤੋਂ ਕੁੱਝ ਵੱਡੇ ਵੈਨਿਊ, ਸਪੋਰਟਿੰਗ ਅਰੇਨਾਜ਼ ਤੇ ਸਿਨੇਮਾਜ਼ ਦੀ ਸਮਰੱਥਾ 50 ਫੀ ਸਦੀ ਘਟਾਈ ਜਾਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਦੀ ਹੋਈ ਮੌਤ

ਮਿਸੀਸਾਗਾ, 16 ਦਸੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਹਿਲਾ ਦੀ ਮੌਤ ਹੋ ਗਈ।

ਮੰਗਲਵਾਰ ਸਵੇਰੇ 6:30 ਵਜੇ ਵਾਪਰੇ ਇਸ ਹਾਦਸੇ ਦੀ ਰਿਪੋਰਟ ਦੇ ਕੇ ਐਮਰਜੰਸੀ ਅਮਲੇ ਨੂੰ ਐਗਲਿੰਟਨ ਐਵਨਿਊ ਦੇ ਉੱਤਰ ਵੱਲ ਡਿਕਸੀ ਰੋਡ ਤੇ ਐਮਿਕੋ ਬੋਲੀਵੀਆਰਡ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮਹਿਲਾ ਗੱਡੀ ਦੇ ਥੱਲੇ ਫਸੀ ਹੋਈ ਸੀ ਪਰ ਫਾਇਰ ਕ੍ਰਿਊ ਉਸ ਮਹਿਲਾ ਨੂੰ ਗੱਡੀ ਦੇ ਥੱਲਿਓਂ ਬਾਹਰ ਕੱਢਣ ਵਿੱਚ ਕਾਮਯਾਬ ਰਿਹਾ। ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।



ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਿਸੇ ਤਰ੍ਹਾਂ ਦੇ ਚਾਰਜਿਜ਼ ਲਾਏ ਗਏ ਹਨ ਜਾਂ ਨਹੀਂ।


## ਸਾਧੂ ਯਾਦਵ ਨੇ ਕਿਹਾ: ਰਾਬੜੀ ਦੇਵੀ ਯਾਦਵ ਨਹੀਂ, ਰਾਜਪੂਤ

ਪਟਨਾ, 16 ਦਸੰਬਰ (ਪੋਸਟ ਬਿਊਰੋ)- ਤੇਜਸਵੀ ਯਾਦਵ ਦੇ ਵਿਆਹ ਦਾ ਸੱਦਾ ਨਾ ਮਿਲਣ ਤੋਂ ਨਾਰਾਜ਼ ਉਸ ਦੇ ਮਾਮਾ ਸਾਧੂ ਯਾਦਵ ਉੱਤੇ ਤੇਜਪ੍ਰਤਾਪ ਯਾਦਵ ਵੱਲੋਂ ਨਿਸ਼ਾਨਾ ਵਿੰਨ੍ਹੇ ਜਾਣ ਉੱਤੇ ਪਲਟਵਾਂ ਵਾਰ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਰਾਬੜੀ ਦੇਵੀ ਯਾਦਵ ਨਹੀਂ, ਉਹ ਰਾਜਪੂਤ ਹੈ। ਨਾਲ ਉਨ੍ਹਾਂ ਲਾਲੂ ਯਾਦਵ ਉੱਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਨ੍ਹਾਂ ਨੇ ਲਾਲੂ ਪ੍ਰਸਾਦ ਯਾਦਵ ਅਤੇ ਭੈਣ ਰਾਬੜੀ ਨੂੰ ਮੁੱਖ ਮੰਤਰੀ ਬਣਵਾਇਆ, ਨਹੀਂ ਤਾਂ ਲਾਲੂ ਯਾਦਵ ਚਪੜਾਸੀ ਬਣ ਸਕਣ ਦੇ ਕਾਬਲ ਨਹੀਂ ਹੈ। ਉਨ੍ਹਾਂ ਕਿਹਾ ਕਿ ਸੁਭਾਸ਼ ਯਾਦਵ ਅਤੇ ਪ੍ਰਭੁਨਾਥ ਯਾਦਵ ਉਨ੍ਹਾਂ ਦੇ ਭਰਾ ਹੋ ਸਕਦੇ ਹਨ, ਪਰ ਸਾਧੂ ਯਾਦਵ ਉਨ੍ਹਾਂ ਦਾ ਭਰਾ ਨਹੀਂ ਹੈ। ਉਨ੍ਹਾਂ ਕਿਹਾ ਕਿ ਲਾਲੂ ਯਾਦਵ ਮੇਰੀ ਗੱਲ ਉੱਤੇ ਰਹਿੰਦੇ ਤਾਂ ਉਨ੍ਹਾਂ ਦਾ ਇੰਨਾ ਬੁਰਾ ਹਾਲ ਨਾ ਹੁੰਦਾ, ਜਿਸ ਸ਼ਿਵਾਨੰਦ ਤਿਵਾੜੀ ਨੇ ਚਾਰਾ ਘੁਟਾਲੇ ਵਿੱਚ ਕੇਸ ਕਰਕੇ ਉਨ੍ਹਾਂ ਨੂੰ ਜੇਲ੍ਹ ਭਿਜਵਾਇਆ, ਉਸੇ ਦਾ ਬੇਟਾ ਵਾਰ-ਵਾਰ ਐਮ ਐਲ ਏ ਬਣਾਇਆ ਜਾ ਰਿਹਾ ਹੈ ਅਤੇ ਸਲਾਹਕਾਰ ਬਣਿਆ ਹੋਇਆ ਹੈ। ਲਾਲੂ ਪ੍ਰਸਾਦ ਦੇ ਸਾਲ ਸਾਧੂ ਯਾਦਵ ਨੇ ਕਿਹਾ ਕਿ ਪ੍ਰਕਾਸ਼ ਝਾਅ ਨੂੰ ਪੈਸੇ ਦੇ ਕੇ ਗੰਗਾਜਲ ਫਿਲਮ ਬਣਵਾਈ ਗਈ ਤਾਂ ਜੋ ਉਨ੍ਹਾਂ ਦਾ ਅਕਸ ਖ਼ਰਾਬ ਕਰਾਇਆ ਜਾਵੇ। ਉਸ ਨੇ ਦੋਸ਼ ਲਾਇਆ ਕਿ ਸੱਤਾ ਵਿੱਚ ਹੁੰਦਿਆਂ ਲਾਲੂ ਪ੍ਰਸਾਦ ਯਾਦਵ ਨੇ ਅਪਰਾਧੀਆਂ ਨੂੰ ਸਰਪ੍ਰਸਤੀ ਦਿੱਤੀ ਤੇ ਸਾਰਾ ਦੋਸ਼ ਮੇਰੇ ਉੱਤੇ ਮੜ੍ਹ ਦਿੱਤਾ। ਇਸ ਮੌਕੇ ਸਾਧੂ ਯਾਦਵ ਨੇ ਤੇਜਪ੍ਰਤਾਪ ਯਾਦਵ ਦੇ ਚਰਿੱਤਰ ਉੱਤੇ ਸਵਾਲ ਉਠਾ ਕੇ ਉਸ ਨੂੰ ਅੱਯਾਸ਼ ਕਿਹਾ। ਉਨ੍ਹਾਂ ਕਿਹਾ ਕਿ ਪਟਨਾ ਦੀ ਇੱਕ ਦੂਸਰੀ ਜਾਤੀ ਦੀ ਲੜਕੀ ਨਾਲ ਤੇਜਪ੍ਰਤਾਪ ਯਾਦਵ ਦੇ ਨਾਜਾਇਜ਼ ਸੰਬੰਧ ਹਨ। ਇਸ ਨੂੰ ਲੁਕਾਉਣ ਲਈ ਲਾਲੂ ਯਾਦਵ ਨੇ 5 ਕਰੋੜ ਰੁਪਏ ਦੇ ਕੇ ਉਸ ਨੂੰ ਦਿੱਲੀ ਦੇ ਇੱਕ ਹੋਟਲ ਵਿੱਚ ਰੱਖਿਆ ਹੈ। ਸਾਧੂ ਯਾਦਵ ਨੇ ਤੇਜਪ੍ਰਤਾਪ ਦੇ ਇੱਕ ਹੋਰ ਲੜਕੀ ਨਾਲ ਵੀ ਨਾਜਾਇਜ਼ ਸੰਬੰਧਾਂ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਇਸੇ ਕਾਰਨ ਦਰੋਗਾ ਰਾਏ ਦੀ ਪੋਤੀ ਨਾਲ ਉਸ ਦਾ ਤਲਾਕ ਹੋ ਗਿਆ।

## ਰਾਮ ਰਹੀਮ ਤੋਂ ਪੁੱਛਗਿੱਛ ਲਈ ਪੰਜਾਬ ਦੀ ਐੱਸ ਆਈ ਟੀ ਸੁਨਾਰੀਆ ਜੇਲ੍ਹ ਦੂਸਰੀ ਵਾਰ ਪਹੁੰਚੀ

ਰੋਹਤਕ, 16 ਦਸੰਬਰ, (ਪੋਸਟ ਬਿਊਰੋ)-ਹਰਿਆਣਾ ਦੀ ਜੇਲ੍ਹ ਵਿੱਚ ਬੰਦ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੋਂ ਪੁੱਛਗਿੱਛਲਈ ਪੰਜਾਬ ਪੁਲਿਸ ਦੀ ਐੱਸ ਆਈ ਟੀ (ਸਪੈਸ਼ਲ ਜਾਂਚ ਟੀਮ) ਮੰਗਲਵਾਰ ਦੂਸਰੀ ਵਾਰ ਸੁਨਾਰੀਆ ਜੇਲ੍ਹਪਹੁੰਚੀ। ਜੇਲ੍ਹ ਪ੍ਰਸ਼ਾਸਨ ਤੋਂ ਮਨਜ਼ੂਰੀ ਲੈਣ ਦੇ ਬਾਅਦ ਇਸਜਾਂਚ ਟੀਮ ਨੇ ਡੇਰਾ ਮੁਖੀ ਕੋਲੋਂ ਕਰੀਬ 6 ਘੰਟੇ ਪੁੱਛਗਿੱਛ ਕੀਤੀ ਅਤੇ ਸ਼ਾਮ ਨੂੰ ਐੱਸ ਆਈ ਟੀ ਪੰਜਾਬ ਨੂੰ ਪਰਤ ਗਈ।

ਪੰਜਾਬ ਪੁਲਿਸ ਦੇ ਆਈ ਜੀ ਸੁਰਿੰਦਰ ਪਾਲ ਸਿੰਘ ਦੀ ਅਗਵਾਈਹੇਠ 6 ਗੱਡੀਆਂ ਦਾ ਕਾਫਲਾ ਸਵੇਰੇ ਕਰੀਬ ਸਾਢੇ ਦਸ ਵਜੇ ਸੁਨਾਰੀਆ ਜੇਲ੍ਹ ਨੇੜੇ ਗਿਆ ਤਾਂ ਇਨ੍ਹਾਂ ਗੱਡੀਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਗਈ ਤੇ ਉਨ੍ਹਾਂ ਵਿਚਲੇ ਸਾਰੇ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਆਈ-ਕਾਰਡ ਚੈੱਕ ਕੀਤੇ ਗਏ। ਗੱਡੀਆਂ ਵਿੱਚ 25 ਤੋਂ 30 ਦੇ ਕਰੀਬ ਪੰਜਾਬ ਪੁਲਸ ਦੇ ਮੁਲਾਜ਼ਮ ਤੇ ਅਧਿਕਾਰੀ ਸਨ। ਜੇਲ੍ਹ ਸੁਪਰਡੈਂਟ ਨਾਲ ਮੁਲਾਕਾਤ ਮਗਰੋਂਐੱਸ ਆਈ ਟੀ ਨੂੰ ਡੇਰਾ ਮੁਖੀ ਤੋਂ ਪੁੱਛਗਿੱਛ ਲਈ ਸਪੈਸ਼ਲ ਸੈੱਲ ਵਿੱਚ ਭੇਜ ਦਿੱਤਾ ਗਿਆ।ਇਸ ਪੁੱਛਗਿੱਛ ਦੀ ਵੀਡੀਓਗ੍ਰਾਫੀ ਤੇ ਫੋਟੋਗ੍ਰਾਫੀ ਕੀਤੀ ਗਈ ਅਤੇ ਆਡੀਓ, ਵੀਡੀਓ ਤੇ ਲਿਖਤਬਿਆਨ ਦਰਜ ਕੀਤੇ ਗਏ। ਇਸ ਟੀਮ ਨੇ ਬੀਤੇ ਅੱਠ ਨਵੰਬਰ ਨੂੰ ਵੀ ਏਥੇ ਆ ਡੇਰਾ ਮੁਖੀ ਨੂੰ ਕਰੀਬ 100 ਸਵਾਲ ਪੁੱਛੇ ਸਨ।ਅੱਜ ਮੰਗਲਵਾਰ ਵੀ ਡੇਰਾ ਮੁਖੀ ਨੇ ਐੱਸ ਆਈ ਟੀ ਦੀ ਪੁੱਛਗਿੱਛ ਵਿੱਚ ਖਾਸ ਸਹਿਯੋਗ ਨਹੀਂ ਕੀਤਾ ਅਤੇ ਟਾਲਣ ਦਾ ਯਤਨ ਕਰਦਾ



ਦੱਸਿਆ ਗਿਆ ਹੈ।


ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੋਂ ਪੁੱਛਗਿੱਛ ਕਰਨ ਲਈ ਪੰਜਾਬ ਦੇ ਫਰੀਦਕੋਟ ਅਦਾਲਤ ਨੇ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਸਨ, ਪਰ ਡੇਰਾ ਮੁਖੀ ਦੀ ਪਟੀਸ਼ਨ ਉੱਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਫਰੀਦਕੋਟ ਅਦਾਲਤ ਦੇ ਆਦੇਸ਼ ਉੱਤੇ ਰੋਕ ਲਾ ਕੇ ਸੁਨਾਰੀਆ ਜੇਲ੍ਹ ਵਿੱਚ ਹੀਪੁੱਛਗਿੱਛ ਦੇ ਹੁਕਮ ਕੀਤੇ ਸਨ। ਇਸ ਤੋਂ ਬਾਅਦ ਐੱਸ ਆਈ ਟੀ ਇਥੇ ਡੇਰਾ ਮੁਖੀ ਤੋਂ ਪੁੱਛਗਿੱਛ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਜੂਨ ਤੋਂ ਅਕਤੂਬਰ 2015 ਤਕ ਫਰੀਦਕੋਟ ਜ਼ਿਲੇਵਿਚਲੇ ਬੁਰਜ ਜਵਾਹਰ ਸਿੰਘਵਾਲਾ ਅਤੇ ਬਰਗਾੜੀ ਵਿੱਚ ਬੇਅਦਬੀ ਦੀ ਘਟਨਾਵਾਂ ਦੇ ਬਾਅਦਇਸ ਬਾਰੇ-ਦਰਜ ਹੋਏ ਕੇਸ ਵਿੱਚ ਡੇਰਾਮੁਖੀ ਉੱਤੇਦੋਸ਼ ਹਨ ਕਿ ਬੇਅਦਬੀ ਕਾਂਡ ਵਿੱਚ ਉਸ ਦਾ ਹੱਥ ਸੀ। ਫਰੀਦਕੋਟ ਦੀ ਅਦਾਲਤ ਨੇ 29 ਅਕਤੂਬਰ ਨੂੰ ਡੇਰਾਮੁਖੀ ਨੂੰ ਪੇਸ਼ੀ ਦੇ ਹੁਕਮ ਲਈ 25 ਅਕਤੂਬਰ ਨੂੰ ਪ੍ਰੋਡਕਸ਼ਨ ਵਾਰੰਟਜਾਰੀ ਕੀਤਾ ਸੀ। ਪੇਸ਼ੀ ਤੋਂ ਇਕ ਦਿਨ ਪਹਿਲਾਂ ਹਾਈ ਕੋਰਟ ਨੇ ਪ੍ਰੋਡਕਸ਼ਨ ਵਾਰੰਟ ਉੱਤੇ ਰੋਕ ਲਾ ਕੇ ਜਾਂਚ ਟੀਮ ਨੂੰ ਸੁਨਾਰੀਆ ਜੇਲ੍ਹ ਵਿੱਚ ਹੀ ਪੁੱਛਗਿੱਛ ਕਰਨ ਦੇ ਹੁਕਮ ਦਿੱਤੇ ਸਨ।

## 5 ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਕਿਸੇ ਵੇਲੇ ਵੀ ਆ ਸਕਦੈ

ਨਵੀਂ ਦਿੱਲੀ, 16 ਦਸੰਬਰ, (ਪੋਸਟ ਬਿਊਰੋ)-ਭਾਰਤ ਵਿੱਚ ਸਾਲ 2022 ਸ਼ੁਰੂ ਹੁੰਦੇ ਸਾਰ ਹੋਣ ਵਾਲੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਕਿਸੇ ਵੀ ਸਮੇਂ ਆ ਸਕਦਾ ਹੈ। ਚੋਣ ਕਮਿਸ਼ਨ ਨੇ ਇਸ ਸਬੰਧੀ ਕੁਝ ਸੰਕੇਤ ਦਿੱਤੇ ਹਨ, ਜਿਨ੍ਹਾਂ ਕਾਰਨ ਸਭ ਦਾ ਧਿਆਨ ਦਿੱਲੀ ਵੱਲ ਲੱਗ ਗਿਆ ਹੈ।

ਵਰਨਣ ਯੋਗ ਹੈ ਕਿ ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ, ਪੰਜਾਬ ਤੇ ਮਨੀਪੁਰ ਦੀਆਂ ਵਿਧਾਨ ਸਭਾ ਚੋਣਾਂ ਅਗਲੇ ਸਾਲ ਫਰਵਰੀ-ਮਾਰਚ ਵਿੱਚ ਹੋਣੀਆਂ ਹਨ। ਚੋਣ ਕਮਿਸ਼ਨ ਇਸ ਦੀਆਂ ਤਿਆਰੀਆਂ ਪਰਖਣ ਲਈ ਇਸ ਹਫਤੇ ਪੰਜਾਬ ਤੋਂ ਆਪਣਾ ਰਵਾਇਤੀ ਦੌਰਾ ਕਰ ਰਿਹਾ ਹੈ। ਚੋਣ ਤਰੀਕਾਂ ਮਿਥਣ ਤੋਂ ਪਹਿਲਾਂ ਕਮਿਸ਼ਨ ਇਨ੍ਹਾਂ ਪੰਜ ਰਾਜਾਂ ਦੀਆਂ ਸਾਰੀਆਂ ਸਬੰਧਤ ਧਿਰਾਂ ਨਾਲ ਗੱਲਬਾਤ ਕਰਨਾ ਚਾਹੁੰਦਾ ਹੈ। ਫਰਵਰੀ ਵਿੱਚ ਵੋਟਿੰਗ ਸ਼ੁਰੂ ਹੋਣ ਤੇ ਉੱਤਰ ਪ੍ਰਦੇਸ਼ ਵਰਗੇ ਰਾਜ ਵਿੱਚ 6 ਤੋਂ 8 ਪੜਾਵਾਂ ਵਿੱਚ ਚੋਣਾਂ ਕਰਾਏ ਜਾਣ ਦੀ ਆਸ ਹੈ। ਮਿਲੀਆਂ ਰਿਪੋਰਟਾਂ ਮੁਤਾਬਕ ਪੰਜਾਬ ਤੋਂ ਬਾਅਦ ਚੋਣ ਕਮਿਸ਼ਨ ਚੋਣ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅਗਲੇ ਹਫਤੇ ਗੋਆ ਤੇ ਫਿਰ ਉਤਰਾਖੰਡ ਦਾ ਦੌਰਾ ਕਰ ਸਕਦਾ ਹੈ।ਇਸ ਸਮੇਂ ਸੁਸ਼ੀਲ ਚੰਦਰਾ ਚੋਣ ਕਮਿਸ਼ਨ ਦੇਮੁੱਖ ਚੋਣ ਕਮਿਸ਼ਨਰ ਅਤੇ ਰਾਜੀਵ ਕੁਮਾਰ ਅਤੇ ਅਨੂਪ ਚੰਦਰ ਪਾਂਡੇ ਉਨ੍ਹਾ ਨਾਲ ਚੋਣ ਕਮਿਸ਼ਨਰ ਹਨ। ਉਹ ਇਸ ਵਕਤ ਚੋਣ ਤਿਆਰੀਆਂ ਵਿੱਚ ਰੁੱਝੇ ਹੋਏ ਸੁਣੀਂਦੇ ਹਨ।




ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW

## ਮੁੱਖ ਮੰਤਰੀ ਚੰਨੀ ਵੱਲੋਂ ਸਾਂਝੀ ਮੀਟਿੰਗ ਰੱਦ ਕਰਨ ਉੱਤੇ ਕਿਸਾਨ ਔਖੇ

ਖੰਨਾ, 16 ਦਸੰਬਰ (ਪੋਸਟ ਬਿਊਰੋ)- ਕਿਸਾਨਾਂ ਵੱਲੋਂ ਦਿੱਲੀ ਫ਼ਤਹਿ ਕਰਨ ਦੇ ਬਾਅਦ ਪੰਜਾਬ ਨਾਲ ਸਬੰਧਤ ਕਿਸਾਨੀ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰੇ ਲਈ ਪੰਜਾਬ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨਾਲ 17 ਦਸੰਬਰ ਨੂੰ ਇੱਕ ਮੀਟਿੰਗ ਰੱਖੀ ਗਈ ਸੀ, ਪਰ ਸਰਕਾਰ ਇਸ ਤੋਂ ਟਾਲ-ਮਟੋਲ ਕਰ ਰਹੀ ਹੈ। ਪਤਾ ਲੱਗਾ ਹੈ ਕਿ ਇਹ ਮੀਟਿੰਗ 20 ਦਸੰਬਰ ਨੂੰ ਰੱਖੀ ਗਈ ਹੈ, ਜਿਸ ਦਾ ਸੰਯੁਕਤ ਕਿਸਾਨ ਮੋਰਚੇ ਨੇ ਸਖ਼ਤ ਨੋਟਿਸ ਲੈਂਦਿਆਂ ਇਸ ਦੇ ਬਾਈਕਾਟ ਦਾ ਫ਼ੈਸਲਾ ਕੀਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ 17 ਦਸੰਬਰ ਵਾਲੀ ਮੀਟਿੰਗ ਬਿਨਾਂ ਕਿਸੇ ਠੋਸ ਕਾਰਨ ਦੇ ਮੁਲਤਵੀ ਕੀਤੀ ਗਈ ਹੈ, ਜਿਸ ਤੋਂ ਪੰਜਾਬ ਸਰਕਾਰ ਦੀ ਨੀਤ ਦੀ ਖੋਟ ਦਿਖਾਈ ਦੇ ਰਹੀ ਹੈ। ਪੰਜਾਬ ਸਰਕਾਰ 2017 ਦੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਕੀਤੇ ਕਿਸਾਨੀ ਕਰਜ਼ੇ ਮੁਆਫ਼ ਕਰਨ ਦੇ ਵਾਅਦੇ ਤੋਂ ਵੀ ਮੁੱਕਰ ਚੁੱਕੀ ਹੈ ਤੇ ਕਿਸਾਨਾਂ ਨਾਲ ਮੀਟਿੰਗ ਮੁਲਤਵੀ ਕਰ ਕੇ ਚੋਣ ਜ਼ਾਬਤਾ ਲੱਗਣ ਦੀ ਉਡੀਕ ਕਰ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ 5-7 ਦਿਨ ਵਿੱਚ ਚੋਣ ਜ਼ਾਬਤਾ ਲੱਗ ਜਾਵੇਗਾ, ਪਰ ਸੰਯੁਕਤ ਕਿਸਾਨ ਮੋਰਚਾ ਕਿਸਾਨੀ ਕਰਜ਼ਾ ਮੁਆਫ਼ੀ ਦਾ ਸਰਕਾਰ ਦਾ ਵਾਅਦਾ ਪੂਰਾ ਕਰਵਾ ਕੇ ਦਮ ਲਵੇਗਾ। ਮੋਰਚੇ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਸੂਬਾ ਸਰਕਾਰ ਨੇ 17 ਦਸੰਬਰ ਨੂੰ ਕਿਸਾਨਾਂ ਨਾਲ ਮੀਟਿੰਗ ਨਾ ਕੀਤੀ ਤਾਂ ਉਸ ਤੋਂ ਬਾਅਦ ਸੱਦੀ ਹਰ ਮੀਟਿੰਗ ਦਾ ਸੰਯੁਕਤ ਕਿਸਾਨ ਮੋਰਚਾ ਵਿਰੋਧ ਕਰੇਗਾ ਤੇ ਸਰਕਾਰ ਵਿਰੁੱਧ ਕਾਰਵਾਈ ਦਾ ਫ਼ੈਸਲਾ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿੱਚ ਲਿਆ ਜਾਵੇਗਾ।

## ਟਿਕੈਤ ਦੀ ਹਰਿਆਣੇ ਨੂੰ ਸਮਝਾਉਣੀ: ਐੱਸ ਵਾਈ ਐੱਲ ਦਾ ਰਾਗ ਛੇੜਿਆ ਤਾਂ ਸਰਕਾਰ ਇਸ ਨੂੰ ਵੀ ਕਿਸਾਨ ਸੰਘਰਸ਼ ਨਾਲ ਜੋੜੇਗੀ

ਜੀਂਦ, 16 ਦਸੰਬਰ, (ਪੋਸਟ ਬਿਊਰੋ)- ਬੀਤੇ ਦਿਨੀਂ ਹਰਿਆਣਾ ਦੇ ਜੀਂਦ ਵਿੱਚ ਖਟਕੜ ਟੋਲਪਲਾਜ਼ਾ ਉੱਤੇ ਧਰਨੇ ਦੀ ਸਮਾਪਤੀ ਦੇ ਲਈ ਪੁੱਜੇ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨ ਅੰਦੋਲਨ ਨੇ ਸਾਨੂੰ ਸਭ ਨੂੰ ਇਕੱਠੇ ਕਰ ਦਿੱਤਾ ਹੈ ਅਤੇ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦਾ ਕੋਈ ਫਰਕ ਨਹੀਂ ਰਿਹਾ।

ਇਸ ਮੌਕੇ ਟਿਕੈਤ ਨੇ ਕਿਹਾ ਕਿ 'ਸੁਣਿਆ ਹੈ ਕਿ ਹਰਿਆਣਾ ਦੀਆਂ ਖਾਪ ਪੰਚਾਇਤਾਂ ਐੱਸ ਵਾਈ ਐੱਲ ਨਹਿਰ ਦੇ ਪਾਣੀ ਵਾਸਤੇ ਪੰਜਾਬ ਦੀਆਂ ਜਥੇਬੰਦੀਆਂ ਨਾਲ ਗੱਲ ਕਰਨਾ ਚਾਹੁੰਦੀਆਂ ਹਨ, ਪਰ ਇਹ ਗ਼ਲਤੀ ਕਦੀ ਨਾ ਕਰਨਾ, ਪੰਜਾਬ ਦੇ ਲੋਕ ਸੋਚਣਗੇ ਕਿ ਹਰਿਆਣਾ ਦੇ ਕਿਸਾਨਾਂ ਨੇ ਪਾਣੀ ਦੇ ਲਾਲਚ ਵਿੱਚ ਉਨ੍ਹਾਂ ਦਾ ਸਹਿਯੋਗ ਕੀਤਾ ਹੈ।ਐੱਸ ਵਾਈ ਐੱਲ ਦਾ ਪਾਣੀ ਲਿਆਉਣਾ ਸਰਕਾਰ ਦਾ ਕੰਮ ਹੈ। ਇਸ ਨਾਲ ਭਾਈਚਾਰਾ ਖ਼ਰਾਬ ਹੋਵੇਗਾ ਤੇ ਅੰਦੋਲਨ ਕਮਜ਼ੋਰ ਪੈ ਸਕਦਾ ਹੈ।' ਰਾਕੇਸ਼ ਟਿਕੈਤ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਮਹਿੰਦਰ ਸਿੰਘ ਟਿਕੈਤ ਕਹਿੰਦੇ ਹੁੰਦੇ ਸਨ ਕਿ ਜੇ ਅੰਦੋਲਨ ਵਿੱਚ ਪੰਜਾਬ ਦਾ ਕਿਸਾਨ ਖੜਾ ਹੋਵੇ, ਹਰਿਆਣਾ ਦਾ ਕਿਸਾਨ ਉਸ ਦੇ ਨਾਲ ਆਵੇਗਾ। ਉੱਤਰ ਪ੍ਰਦੇਸ਼, ਰਾਜਸਥਾਨ ਉਨ੍ਹਾਂ ਨਾਲ ਖੜਾ ਹੁੰਦਾ ਹੈ ਤਾਂ ਇਹ ਰਾਜਦੇਸ਼ ਦੇ ਕਿਸਾਨਾਂ ਦੀ ਤਕਦੀਰ ਬਦਲਣਗੇ। ਟਿਕੈਤ ਨੇ ਕਿਹਾ ਕਿ ਅਸੀਂ ਅਜੇ ਅੰਦੋਲਨ ਦੀ ਟ੍ਰੇਨਿੰਗ ਲਈ ਹੈ, ਅੱਗੋਂ ਅਸੀਂ ਨਸ਼ਾ ਮੁਕਤੀ, ਦਾਜ ਪ੍ਰਥਾ ਦੇ ਖ਼ਿਲਾਫ਼ ਸਮਾਜਿਕ ਅੰਦੋਲਨ ਕਰਾਂਗੇ। ਉਨ੍ਹਾਂ ਨੇ ਬੱਦੋਵਾਲ ਟੋਲ ਪਲਾਜ਼ਾ ਵਿਖੇ ਕਿਹਾ ਕਿ ਜਿੰਨੇ ਫ਼ਸਲਾਂ ਦੇ ਰੇਟ ਵਧਦੇ ਹਨ, ਸਰਕਾਰ ਓਨਾ ਟੋਲ ਟੈਕਸ ਵਧਾ ਦਿੱਤਾ ਜਾਂਦਾ ਹੈ। ਟੋਲ ਟੈਕਸ ਦੁੱਗਣਾ ਕੀਤਾ ਤਾਂ ਨਹੀਂ ਚੱਲੇਗਾ। ਅਜੇ ਸਰਕਾਰ ਨੂੰ ਥੋੜ੍ਹਾ ਸਮਾਂ ਦਿੱਤਾ ਹੈ ਕਿ ਆਪਣਾ ਕੰਮ ਕਰੇ।ਜੇ ਸਰਕਾਰ ਵਾਅਦੇਤੋਂ ਭੱਜੇਗੀ ਤਾਂ ਕਿਸਾਨਾਂ ਦੇ ਟਰੈਕਟਰ ਫਿਰ ਅੰਦੋਲਨ ਲਈ ਤਿਆਰ ਹਨ ਅਤੇ ਉਹੀ ਮੋਰਚੇ ਫਿਰ ਜਾ ਕੇ ਲਾਏ ਜਾ ਸਕਦੇ ਹਨ। ਹੈਰਾਨੀ ਦੀ ਗੱਲ ਸੀ ਕਿ ਬੱਦੋਵਾਲ ਅਤੇ ਖਟਕੜ ਟੋਲ ਪਲਾਜ਼ਾ ਉੱਤੇ ਗੁਰਨਾਮ ਸਿੰਘ ਚੜੂੰਨੀ ਪਹਿਲਾਂ ਆਏ ਸਨ,ਪਰ ਉਹ ਰਾਕੇਸ਼ ਟਿਕੈਤ ਦੇ ਆਉਣ ਤੋਂ ਪਹਿਲਾਂ ਦੋਵੇਂ ਥਾਂਵਾਂ ਤੋਂ ਚਲੇ ਗਏ। ਬੱਦੋਵਾਲ ਟੋਲ ਪਲਾਜ਼ਾ ਵਿਖੇ ਉੱਤੇ ਚੜੂੰਨੀ ਨੇ ਕਿਹਾ ਕਿ ਜਦੋਂ ਤਕ ਕਿਸਾਨਾਂ ਲਈ ਨੀਤੀ ਬਣਾਉਣ ਵਿੱਚ ਕਿਸਾਨ ਦੀ ਭੂਮਿਕਾ ਨਾ ਹੋਵੇਗੀ, ਕਿਸਾਨਾਂ ਦੇ ਹਾਲਾਤ ਨਹੀਂ ਸੁਧਰ ਸਕਦੇ, ਇਸ ਦੀ ਸ਼ੁਰੂਆਤ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੀਤੀ ਜਾਵੇਗੀ।



# ਤੁਰ ਗਿਆ ਕਹਾਣੀਕਾਰ ਗੁਰਦੇਵ ਰੁਪਾਣਾ

-ਪ੍ਰਿੰ. ਸਰਵਣ ਸਿੰਘ-

ਹਫ਼ਤਾ ਕੁ ਪਹਿਲਾਂ 'ਮੁੰਨ ਦੀ ਅੱਖ' ਵਾਲਾ ਕਹਾਣੀਕਾਰ ਮੋਹਨ ਭੰਡਾਰੀ ਚਲਾ ਗਿਆ। ਹੁਣ 'ਸ਼ੀਸ਼ਾ' ਤੇ 'ਹਵਾ' ਵਰਗੀਆਂ ਕਹਾਣੀਆਂ ਲਿਖਣ ਵਾਲਾ ਗੁਰਦੇਵ ਰੁਪਾਣਾ ਵੀ ਤੁਰ ਗਿਐ। ਓਵੇਂ,

ਜਿਵੇਂ ਦੋ ਕੁ ਸਾਲ ਪਹਿਲਾਂ ਦਲੀਪ ਕੌਰ ਟਿਵਾਣਾ ਤੇ ਜਸਵੰਤ ਸਿੰਘ ਕੰਵਲ ਅੱਗੜ ਪਿੱਛੜ ਤੁਰ ਗਏ। ਸਿਆਣੇ ਸੱਚ ਕਹਿੰਦੇ ਹਨ ਜੋ ਆਇਆ ਸੋ ਚੱਲਸੀ। ਹਰ ਇੱਕ ਨੇ ਕਿਸੇ ਦਿਨ

ਤੁਰ ਹੀ ਜਾਣਾ ਹੈ। ਥਿਰ ਨਾ ਕੋਈ ਜੱਗ ਰਿਹਾ। ਪਰ ਚਲੇ ਜਾਣ ਵਾਲੇ ਦਾ ਦੁੱਖ ਤਾਂ ਹੁੰਦਾ ਈ ਹੈ ਨਾ। ਰੁਪਾਣੇ ਦੇ ਜਾਣ ਦਾ ਵੀ ਬੜਾ ਦੁੱਖ ਹੋਇਆ। ਉਹਦੇ ਸੰਗ ਬਿਤਾਈਆਂ ਘੜੀਆਂ ਮੁੜ ਯਾਦ ਆ ਗਈਆਂ। ਯਾਦ ਕਰ ਕੇ ਅੱਖਾਂ ਭਰ ਆਈਆਂ। ਮਨ ਮਸੋਸਿਆ ਗਿਆ।

ਰੁਪਾਣਾ ਸਾਡਾ ਸ਼ੁਗਲੀ ਯਾਰ ਸੀ। ਸ਼ੁਗਲ ਕਰਦਿਆਂ ਨਾ ਅਗਲੇ ਨੂੰ ਬਖ਼ਸ਼ਦਾ ਸੀ, ਨਾ ਆਪਣੇ ਆਪ

ਨੂੰ। ਲੱਗਦਾ ਨਹੀਂ ਸੀ, ਏਡੀ ਛੇਤੀ ਵਿਗੋਚਾ ਦੇ ਜਾਵੇਗਾ। ਨਾਲੇ ਹੁਣ ਹੀ ਤਾਂ ਉਸ ਨੂੰ ਮਾਣ ਸਨਮਾਨ ਮਿਲਣ ਲੱਗੇ ਸਨ। ਆਏ ਸਾਲ ਵੱਡੇ ਅਵਾਰਡ! ਕਦੇ ਢਾਹਾਂ ਅਵਾਰਡ, ਕਦੇ ਸਾਹਿਤ ਅਕਾਡਮੀ ਅਵਾਰਡ ਤੇ ਕਦੇ ਸ਼੍ਰੋਮਣੀ ਸਾਹਿਤਕਾਰ ਅਵਾਰਡ। ਮੈਂ ਮੁਬਾਰਕਾਂ ਦਿੰਦਾ ਤਾਂ ਉਹ ਪੁੱਛਦਾ, "ਭਲਾ ਦਸ ਹਜ਼ਾਰ ਡਾਲਰਾਂ ਦੇ ਕਿੰਨੇ ਰੁਪਈਏ ਬਣਨਗੇ?" ਮੈਂ ਉਹਦੀ ਜ਼ਮੀਨ ਦੀ ਠੇਕੇ ਦੀ ਆਮਦਨ ਪੁੱਛ ਕੇ ਦੱਸਦਾ, "ਜ਼ਮੀਨ ਦੇ ਠੇਕੇ ਤੋਂ ਦੁੱਗਣੇ!"

ਮਚਲਾ ਬਣ ਕੇ ਉਹ ਆਖਦਾ, "ਮੈਂ ਤਾਂ ਅਵਾਰਡ ਦੇਣ ਆਲਿਆਂ ਨੂੰ ਜਵਾਬ ਦੇਣ ਲੱਗਾ ਸੀ ਬਈ ਪੱਚੀ ਹਜ਼ਾਰ ਡਾਲਰ ਦੀ ਥਾਂ ਦਸ ਹਜ਼ਾਰ ਕਿਉਂ? ਮੈਂ ਨੀ ਲੈਣੇ, ਮੈਂ ਕੀਹਤੋਂ ਮਾੜਾਂ?"

ਮੈਂ ਝੇਡ ਕਰਦਾ, "ਹੋਰ ਤੂੰ ਵੰਝ ਭਾਲਦੈਂ? ਲੈ-ਲੈ ਚੁੱਪ ਕਰ ਕੇ ਜਿੰਨੇ ਮਿਲਦੇ ਐ। ਨਹੀਂ ਕੋਈ ਹੋਰ ਲੈ-ਜੂ। ਪੰਜ ਲੱਖ ਥੋੜ੍ਹੇ?" ਉਹ ਮੁਸ਼ਕਣੀਏਂ ਹੱਸਦਾ, "ਓਏ ਆਹੋ, ਏਥੇ ਤਾਂ ਅਵਾਰਡਾਂ ਨੂੰ ਬਥੇਰੇ ਜੁੱਤੀਆਂ ਲਾਹੀ ਖੜ੍ਹੇ ਆ। ਚੱਲ ਤੇਰੇ ਆਖੇ ਲੈ ਈ ਲੈਨਾਂ। ਭਲਾ ਜਹਾਜ਼ ਦਾ ਕਿਰਾਇਆ ਕਿੰਨਾ ਲੱਗੂ?"

"ਕਿਰਾਇਆ ਅਵਾਰਡ ਦੇਣ ਵਾਲੇ ਲਾਉਣਗੇ, ਤੈਨੂੰ ਘਰ ਰੱਖੂੰ ਮੈਂ ਆਪਣੇ ਕੋਲ।

ਸੇਵਾ ਪੂਰੀ। ਤੈਨੂੰ ਸਿਰਫ਼ ਪਾਸਪੋਰਟ ਬਣਾਉਣਾ ਪਊ। ਵੀਜ਼ਾ ਲੱਗ-ਜੂ। ਮੁਫ਼ਤ ਦਾ ਸੈਰ ਸਪਾਟਾ।" ਪਰ ਉਹ ਅਵਾਰਡ ਲੈਣ ਨਹੀਂ ਸੀ ਪਹੁੰਚਾ। ਰਕਮ ਜ਼ਰੂਰ ਰੁਪਾਣੇ ਪਹੁੰਚ ਗਈ ਜੀਹਦੀ ਉਹਨੂੰ ਤਲਬ ਵੀ ਸੀ।

ਕਦੇ ਕਦੇ ਚਾਂਭਲਿਆ ਕਹਿ ਦਿੰਦਾ ਸੀ, "ਕੀ ਪਤਾ ਮੈਂ ਕੰਵਲ ਤੇ ਗੁਰਦਿਆਲ ਤੋਂ ਵੀ ਵੱਧ ਅਵਾਰਡ ਝੋਟ-ਲਾਂ।" ਸ਼ਾਇਦ ਝੋਟ ਵੀ ਜਾਂਦਾ ਜੇ ਸਿਹਤ ਸੰਭਾਲੀ ਰੱਖਦਾ। ਖਾਣ ਪੀਣ ਦਾ ਪਾਬੰਦ ਰਹਿੰਦਾ ਤੇ ਉਤੋਂ ਦੀ ਨਾ ਹੁੰਦਾ। ਪਰ ਜਿਵੇਂ ਕਹਿੰਦੇ ਹਨ, ਰੱਜ ਨਾ ਕੋਈ

ਜੀਵਿਆ, ਉਹੀ ਗੱਲ ਰੁਪਾਣੇ ਨਾਲ ਹੋਈ। ਸੱਚੀ ਗੱਲ ਐ, ਦੁਨੀਆ ਚਲੋ-ਚੱਲੀ ਦਾ ਮੇਲਾ ਹੈ। ਕਿਹਾ ਕਰਦਾ ਸੀ, "ਓੜਕ ਨੂੰ ਮਰ ਜਾਣਾ, ਚੱਲ ਮੇਲੇ ਚੱਲੀਏ।" ਮੈਨੂੰ ਉਹਦੇ ਪਿੰਡ ਨੇੜਲਾ ਮੁਕਤਸਰ ਦਾ ਮੇਲਾ ਯਾਦ ਆ ਜਾਂਦਾ। ਉਹ ਮੁੱਢਲੀ ਪੜ੍ਹਾਈ ਰੁਪਾਣੇ ਤੋਂ ਕਰ ਕੇ, ਖਾਲਸਾ ਹਾਈ ਸਕੂਲ ਮੁਕਤਸਰ 'ਚ ਪੜ੍ਹਿਆ ਜਿਥੇ ਫੁੱਟਬਾਲ ਵੀ ਖੇਡਿਆ। ਕਦੇ ਡਾ। ਮਹਿੰਦਰ ਸਿੰਘ ਰੰਧਾਵਾ ਵੀ ਉਸੇ ਸਕੂਲ ਵਿੱਚ ਪੜ੍ਹਿਆ ਸੀ। ਦਿੱਲੀ ਯੂਨੀਵਰਸਿਟੀ ਦੀ ਮਾਸਟਰ ਡਿਗਰੀ ਦਾ ਗੋਲਡ ਮੈਡਲਿਸਟ ਸਾਡਾ ਸਾਂਝਾ ਮਿੱਤਰ ਗਿਆਨ ਸਿੰਘ ਸੰਧੂ ਉਹਦਾ ਜਮਾਤੀ ਸੀ। ਉਸ ਨੇ 1953 ਵਿੱਚ ਮੈਟ੍ਰਿਕ ਕੀਤੀ। ਫਿਰ ਉਹ ਜੇਬੀਟੀ ਕਰ ਕੇ ਬਾਅਦ ਵਿੱਚ ਬਣੇ ਸਰਕਾਰੀ ਕਾਲਜ ਮੁਕਤਸਰ 'ਚ ਪੜ੍ਹਿਆ ਤੇ ਚੰਡੀਗੜ੍ਹ ਤੋਂ ਬੀਐੱਡ ਕੀਤੀ। ਮੈਂ ਉਸ ਤੋਂ ਤਿੰਨ ਚਾਰ ਸਾਲ ਛੋਟਾ ਹੋਣ ਕਰਕੇ ਬਾਅਦ ਵਿੱਚ ਮੁਕਤਸਰ ਦੇ ਬੀਐੱਡ ਕਾਲਜ ਵਿੱਚ ਪੜ੍ਹਿਆ ਪਰ ਉਥੇ ਸਾਡਾ ਮੇਲ ਨਹੀਂ ਹੋ ਸਕਿਆ।

ਮੇਲ ਸਾਡਾ ਦਿੱਲੀ ਜਾ ਕੇ ਹੋਇਆ ਜਿਥੇ ਮੈਂ ਐੱਮਏ ਦਾ ਵਿਦਿਆਰਥੀ ਸਾਂ ਤੇ ਉਹ ਸਕੂਲ ਟੀਚਰ ਸੀ। ਦਿੱਲੀ 'ਚ ਪੰਜ ਸਾਲ ਸਾਡੀ ਜੋੜੀ ਬਣੀ ਰਹੀ। ਅਸੀਂ 'ਕੱਠੇ ਕਾਫੀ ਹਾਊਸ ਜਾਂਦੇ, 'ਕੱਠੇ ਸਾਹਿਤ ਸਭਾ ਵਿੱਚ ਕਹਾਣੀਆਂ ਸੁਣਾਉਂਦੇ ਤੇ 'ਕੱਠੇ ਖਾਂਦੇ ਪੀਂਦੇ। ਰੱਜ ਕੇ ਹਾਸਾ ਮਖੌਲ ਕਰਦੇ। ਉਹ ਰੌਣਕੀ ਤਾਂ ਸੀ ਪਰ ਪੰਗੇਹੱਥਾ ਵੀ ਪੂਰਾ ਸੀ। ਮੇਰੇ ਦਿੱਲੀ ਛੱਡਣ ਸਾਰ ਗੁਰਬਚਨ ਸਿੰਘ ਭੁੱਲਰ ਦਿੱਲੀ ਪੁੱਜਾ ਤਾਂ ਭੁੱਲਰ-ਰੁਪਾਣਾ ਜੋੜੀ ਬਣ ਗਈ ਜੋ ਲੰਮਾ ਸਮਾਂ ਨਿਭੀ। ਅਸੀਂ ਤਿੰਨਾਂ ਨੇ 'ਆਰਸੀ' ਨੂੰ ਰੰਗ ਭਾਗ ਲਾਉਣੇ ਸ਼ੁਰੂ ਕੀਤੇ ਤਾਂ 'ਆਰਸੀ' ਨੇ ਸਾਨੂੰ ਵੀ ਰੰਗ ਭਾਗ ਲਾ ਦਿੱਤੇ। ਸਾਡੀਆਂ ਪਲੇਠੀਆਂ ਪੁਸਤਕਾਂ ਨਵਯੁੱਗ ਪਬਲਿਸ਼ਰ ਦੇ ਭਾਪਾ ਪ੍ਰੀਤਮ ਸਿੰਘ ਨੇ ਪ੍ਰਕਾਸ਼ਿਤ ਕੀਤੀਆਂ। ਰੁਪਾਣੇ ਦੀ ਪਲੇਠੀ

ਪੁਸਤਕ 'ਇਕ ਟੋਟਾ ਔਰਤ' 1970 ਵਿੱਚ ਛਪੀ। ਫੇਰ ਕਹਾਣੀ ਸੰਗ੍ਰਹਿ 'ਆਪਣੀ ਅੱਖ ਦਾ ਜਾਦੂ', 'ਡਿਫੈਂਸ ਲਾਈਨ', 'ਸ਼ੀਸ਼ਾ ਤੇ ਹੋਰ ਕਹਾਣੀਆਂ', 'ਰਾਂਝਾ ਵਾਰਿਸ ਹੋਇਆ', 'ਤੇਲਗੂ

ਕਹਾਣੀਆਂ', 'ਪਾਸਤੋਵਸਕੀ ਦੀਆਂ ਕਹਾਣੀਆਂ ਵੀਰਾਨੇ ਤੇ ਬਹਾਰਾਂ', 'ਆਮ-ਖ਼ਾਸ', ਨਾਵਲ 'ਜਲ ਦੇਵ', 'ਗੋਰੀ', 'ਆਸੋ ਦਾ ਟੱਬਰ', 'ਸ੍ਰੀ ਪਾਰਵਾ' ਤੇ ਨਿਬੰਧ 'ਟੱਟਦੇ ਬੰਦਨ' ਛਪਦੀਆਂ ਗਈਆਂ। 'ਬੁੱਢਾ ਤੇ ਸਮੁੰਦਰ' ਤੇ 'ਪਾਕਿਸਤਾਨ ਮੇਲ' ਵਾਂਗ ਨਿੱਕ-ਆਕਾਰੀ ਨਾਵਲ 'ਗੋਰੀ' ਦੇ ਪੱਚੀ ਐਡੀਸ਼ਨ ਛਪੇ ਜਿਸ ਦਾ ਮੁੱਖ ਬੰਦ ਜਸਵੰਤ ਸਿੰਘ ਕੰਵਲ ਨੇ ਲਿਖਿਆ, 'ਗੋਰੀ' ਇੱਕ ਸਾਹਿਤਕ ਵੰਨਗੀ: ਸ਼ੱਕਰ ਭਰੀ ਪਰਾਤ ਕੀ, ਮਿਸ਼ਰੀ ਕੀ ਏਕ ਡਲੀ।

ਮੂਰਖ ਝਗੜੇ ਰਾਤ ਭਰ, ਚਤਰ ਕੀ ਏਕ ਘੜੀ। ਗੁਰਦੇਵ ਰੁਪਾਣਾ ਗੁੱਝੀਆਂ ਆਰਾਂ ਲਾਉਣ ਵਾਲਾ ਖੁੰਧਕੀ ਬੰਦਾ ਸੀ। ਹਾਸ-ਵਿਅੰਗ ਤੇ ਟਿੱਚਰਾਂ ਮਖੌਲਾਂ ਨਾਲ ਮੂੰਹੋਂ-ਮੂੰਹ ਭਰਿਆ ਹੋਇਆ। ਮੈਂ ਉਸ ਨੂੰ ਗਲਪ ਦਾ ਨੈਸ਼ਨਲ ਚੈਂਪੀਅਨ ਕਹਿੰਦਾ ਸਾਂ। ਵੇਖਣ ਨੂੰ ਉਹ ਓਡਾ ਨਹੀਂ ਸੀ ਲੱਗਦਾ ਜਿੱਡਾ ਸੀਗਾ। ਵੇਖਣ ਨੂੰ ਤਾਂ ਅਮਲੀ ਜਿਹਾ ਲੱਗਦਾ ਸੀ ਪਰ ਸੀਗਾ ਕਥਾ ਕਹਾਣੀਆਂ ਦਾ ਭਲਵਾਨ। ਖ਼ੁਸ਼ਵੰਤ ਸਿੰਘ ਵਾਂਗ ਅੰਗਰੇਜ਼ੀ 'ਚ ਲਿਖਦਾ ਹੁੰਦਾ ਤਾਂ ਸੰਭਵ ਸੀ ਇੰਟਰਨੈਸ਼ਨਲ ਚੈਂਪੀਅਨ ਬਣਦਾ। ਪਰ ਨਿਮਨ ਕਿਸਾਨੀ ਦੇ ਜੰਮੇ ਜਾਏ ਤੋਂ ਨਿੱਕੇ ਕਦਮਾਂ ਨਾਲ ਵੱਡੀ ਛਾਲ ਨਾ ਵੱਜ ਸਕੀ। ਕੁੱਝ ਉਹਦੀ ਬੋਲ ਬਾਣੀ ਲੈ ਬੈਠੀ। ਕਿਸੇ ਨੂੰ ਬਖ਼ਸ਼ਦਾ ਜੁ ਨਹੀਂ ਸੀ। ਉਸ ਨੇ 'ਕਾਦਰਯਾਰ-ਇੱਕ ਅਧਿਐਨ' ਵਿਸ਼ੇ 'ਤੇ ਪੀਐੱਚਡੀ ਕੀਤੀ ਸੀ। ਉਹਦੇ ਵਿੱਚ ਵਿਰਕਾਂ ਵਾਲੇ ਗੁਣ ਵੀ ਸਨ ਤੇ ਔਗਣ ਵੀ। ਬੋਲਬਾਣੀ ਐਸੀ ਕਿ ਬਣਦਾ ਕੰਮ ਵਿਗਾੜ ਬਹਿੰਦਾ ਸੀ। ਜੇਕਰ ਮਾੜਾ ਮੋਟਾ ਖ਼ੁਸ਼ਾਮਦੀ ਹੁੰਦਾ ਤਾਂ ਆਹ ਅਵਾਰਡ ਸ਼ਵਾਰਡ ਕਦੋਂ ਦੇ ਵੱਟ 'ਤੇ ਪਏ ਸਨ। 'ਹਵਾ' ਤੇ 'ਸ਼ੀਸ਼ਾ' ਵਰਗੀਆਂ ਕਲਾਸਿਕ ਕਹਾਣੀਆਂ ਕਦੋਂ ਦੀਆਂ ਲਿਖੀਆਂ ਜਾ ਚੁੱਕੀਆਂ ਸਨ। 'ਗੋਰੀ' ਨਾਵਲ ਦੇ ਪੱਚੀ ਐਡੀਸ਼ਨ ਛਪ ਚੁੱਕੇ ਸਨ।

ਉਹ ਆਮ ਵੀ ਸੀ ਤੇ ਖ਼ਾਸ ਵੀ। ਰੁਪਾਣੇ 'ਚ ਆਮ, ਦਿੱਲੀ 'ਚ ਖ਼ਾਸ। ਦੋਵੇਂ ਵੱਡੇ ਅਵਾਰਡ ਵੀ ਉਹਦੇ 'ਆਮ-ਖ਼ਾਸ' ਕਹਾਣੀ ਸੰਗ੍ਰਹਿ ਨੂੰ ਮਿਲੇ। ਆਪਣੇ ਨਾਂ ਨਾਲੋਂ ਵਿਰਕ ਉਸ ਨੇ ਇਸ ਕਰਕੇ ਲਈ ਹਟਾ ਲਿਆ ਸੀ ਕਿ ਉਹਦੀਆਂ ਚੰਗੀਆਂ ਕਹਾਣੀਆਂ ਕੁਲਵੰਤ ਸਿੰਘ ਵਿਰਕ ਦੇ ਖਾਤੇ 'ਚ ਨਾ ਪੈ ਜਾਣ ਤੇ ਵਿਰਕ ਦੀਆਂ ਮਾੜੀਆਂ ਉਹਦੇ ਖਾਤੇ ਨਾ ਚੜ੍ਹ ਜਾਣ! ਘਰ 'ਚ ਉਹਦਾ ਨਾਂ ਦੇਵ ਸੀ, ਹਾਣੀਆਂ ਦਾ ਦੇਬਾ, ਦਸਵੀਂ ਦਾ ਫਾਰਮ ਭਰਨ ਵੇਲੇ ਗੁਰਦੇਵ ਸਿੰਘ ਵਿਰਕ ਤੇ ਪੀਐਚਡੀ ਕਰਨ ਪਿੱਛੋਂ ਡਾ. ਗੁਰਦੇਵ ਸਿੰਘ ਵਿਰਕ। ਉਸ ਨੂੰ ਕਲਮੀ ਨਾਂ ਗੁਰਦੇਵ ਰੁਪਾਣਾ ਇਸ ਲਈ ਰੱਖਣਾ ਪਿਆ ਕਿ ਸੱਤ ਗੁਰਦੇਵ ਤਾਂ ਉਹਦੇ ਸਕੂਲ 'ਚ ਹੀ ਪੜ੍ਹਦੇ ਸਨ। ਲਿਖਣ ਵਾਲੇ ਕੀ ਪਤਾ ਸਤਾਰਾਂ ਹੋਣ?

ਉਹਦੀ ਪਹਿਲੀ ਕਹਾਣੀ ਦਸਵੀਂ 'ਚ



ਪੜ੍ਹਦਿਆਂ ਪ੍ਰੋ। ਮੋਹਨ ਸਿੰਘ ਦੇ 'ਪੰਜ ਦਰਿਆ' ਵਿੱਚ ਛਪੀ ਸੀ। ਉਹ ਉਸ ਨੇ ਗੁਰਦੇਵ ਸਿੰਘ ਵਿਰਕ ਦੇ ਨਾਮ ਹੇਠ ਭੇਜੀ ਸੀ। ਕੰਪੋਜ਼ੀਟਰ ਨੇ ਲੋਹੜਾ ਮਾਰਿਆ ਕਿ ਵਿਰਕ ਦਾ ਵਿਰਦੀ ਬਣਾ ਧਰਿਆ। ਜੱਟ ਤੋਂ ਰਾਮਗੜ੍ਹੀਆ। ਇਹ ਵੀ ਇੱਕ ਕਾਰਨ ਸੀ ਨਾਂ ਨਾਲੋਂ ਵਿਰਕ ਲਾਹੁਣ ਦਾ। ਉਦੋਂ ਪੰਜ ਦਰਿਆ ਦਾ ਸਲਾਨਾ ਚੰਦਾ ਛੇ ਰੁਪਏ ਸੀ। ਕਹਾਣੀ ਛਪਣ ਦੀ ਭੇਟਾ ਵਜੋਂ ਉਸ ਨੂੰ 'ਪੰਜ ਦਰਿਆ' ਦੋ ਸਾਲ ਮੁਫ਼ਤ ਮਿਲਿਆ। 'ਟ੍ਰਿਬਿਊਨ' ਉਹ ਖਰੀਦ ਕੇ ਪੜ੍ਹਦਾ ਜੋ ਢਾਈ ਆਨਿਆਂ ਦਾ ਆਉਂਦਾ। ਉਹ ਮੁਕਤਸਰੋਂ ਟਾਂਗੇ ਵਾਲਾ ਲਿਆਉਂਦਾ। ਗੁਰਦੇਵ ਰੁਪਾਣਾ ਨਾਂ ਥਾਂ-ਥਾਂ ਛਪਣ ਪਿੱਛੋਂ ਵੀ ਪਿੰਡ ਰੁਪਾਣੇ ਦੇ ਸੌ 'ਚੋਂ ਨੱਬੇ

ਬੰਦਿਆਂ ਨੂੰ ਨਹੀਂ ਪਤਾ ਕਿ ਸਾਹਿਤ ਅਕਾਡਮੀ ਅਵਾਰਡ ਹਾਸਲ ਕਰਨ ਵਾਲਾ ਗੁਰਦੇਵ ਰੁਪਾਣਾ ਉਹਨਾਂ ਦੇ ਪਿੰਡ ਦਾ ਹੀ ਹੈ! ਮੈਂ ਦੋ ਕੁ ਸਾਲ ਪਹਿਲਾਂ ਉਹਨੂੰ ਮਿਲਣ ਗਿਆ ਤਾਂ ਸੱਥ 'ਚ ਬੈਠੇ ਬੰਦਿਆਂ ਤੋਂ ਪੁੱਛਿਆ, "ਭਾਈ ਸਾਹਿਬ, ਗੁਰਦੇਵ ਰੁਪਾਣੇ ਦਾ ਘਰ ਕਿਧਰ ਹੈ?" ਕਿਸੇ ਤੋਂ ਪਤਾ ਨਾ ਲੱਗੇ। ਵੇਰਵੇ ਦੇ ਕੇ ਮੈਂ ਉਹਦਾ ਘਰ ਮਸਾਂ ਲੱਭਿਆ। ਅਸਲ ਵਿੱਚ ਪਿੰਡ 'ਚ ਉਹ

ਗੁਰਦੇਵ ਰੁਪਾਣਾ ਨਹੀਂ 'ਗੁਰਦੇਵ ਦਿੱਲੀ ਵਾਲਾ' ਵੱਜਦਾ ਸੀ! ਤਦੇ ਉਹਦੇ ਨੜੋਏ ਨਾਲ ਬੜੇ ਘੱਟ ਰੁਪਾਣੀਏਂ ਗਏ।

ਉਹਦੀ ਪੀਐਚਡੀ ਦੀ ਗੱਲ ਵੀ ਸੁਣ ਲਓ। ਸਈਅਦ ਨਜ਼ਮ ਹੁਸੈਨ ਨੇ ਅੰਗਰੇਜ਼ੀ ਦੀ ਕਿਤਾਬ 'ਰਿਕਰੰਟ ਪੈਟਰਨ ਇਨ ਪੰਜਾਬੀ ਪੋਇਟਰੀ' ਅੰਮ੍ਰਿਤਾ ਪ੍ਰੀਤਮ ਨੂੰ ਭੇਜੀ। ਅੰਮ੍ਰਿਤਾ ਦਾ ਅੰਗਰੇਜ਼ੀ ਵਿੱਚ ਹੱਥ ਤੰਗ ਹੋਣ ਕਰਕੇ ਬੇਦੀ ਨੂੰ ਭੇਜ ਦਿੱਤੀ। ਉਹਦਾ ਹੱਥ ਓਦੂੰ ਵੀ ਤੰਗ। ਬੇਦੀ ਨੇ ਰੁਪਾਣੇ ਨੂੰ ਦੇ ਦਿੱਤੀ ਕਿ 'ਨਾਗਮਣੀ ਸ਼ਾਮ' 'ਚ ਅੰਮ੍ਰਿਤਾ ਨੂੰ ਮੋੜ ਦੇਈਂ। ਰੁਪਾਣੇ ਨੇ ਕਿਤਾਬ ਪੜ੍ਹ ਲਈ ਤੇ ਪ੍ਰੋ। ਅਤਰ ਸਿੰਘ ਨੂੰ ਜਾ ਪੜ੍ਹਾਈ। ਉਹ ਕਹਿੰਦਾ, "ਤੂੰ ਇਸ ਪੈਟਰਨ 'ਤੇ ਪੀਐਚਡੀ ਕਰ ਸਕਦੈਂ। ਕਾਦਰਯਾਰ ਦੀ ਕਵਿਤਾ 'ਤੇ ਕਰ ਲੈ, ਮੈਂ ਤੇਰਾ ਗਾਈਡ ਬਣਜੂੰ।" ਰੁਪਾਣੇ ਅੰਦਰਲਾ ਦੇਬਾ ਫਿਰ ਜਾਗ ਪਿਆ, "ਗਾਈਡ-ਗੂਡ ਨੀ ਮੈਂ ਤੈਨੂੰ ਬਣਾਉਣਾ। ਤਰਲੋਕ ਕੰਵਰ ਨੂੰ ਬਣਾਊਂ। ਚੱਲ ਗਾਈਡੈਂਸ ਤੈਥੋਂ ਈ ਲਈ ਜਾਊਂ।" ਅਤਰ ਸਿਓਂ ਦਰੂਅੰਦੇਸ਼ ਸੀ, ਰੁਪਾਣੇ ਦੀ ਰਮਜ਼ ਸਮਝਦਾ ਸੀ। ਇਉਂ ਹੋਈ ਉਹਦੀ ਪੀਐਚਡੀ। ਉਸ ਨੇ ਪ੍ਰਾਇਮਰੀ ਤੋਂ ਐੱਮਏ ਤਕ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ।

ਆਪਣੇ ਨਾਂ ਨਾਲ ਡਾਕਟਰ ਨਾ ਲਾਉਣ ਬਾਰੇ ਕੋਈ ਪੁੱਛਦਾ ਤਾਂ ਜਵਾਬ ਮਿਲਦਾ, "ਪਹਿਲਾਂ ਈ ਸਾਹਿਤ ਦੇ ਡਾਕਟਰ ਬਹੁਤ ਨੇ। ਪਈ ਟਰ-ਟਰ ਹੋਈ ਜਾਂਦੀ ਐ! ਜੇ ਕੋਈ ਡਾ। ਗੁਰ-ਦੇਵ ਰੁਪਾਣਾ ਕਹੂ ਤਾਂ ਲੱਗੂ ਜਿਵੇਂ ਮਰੀਜ਼ਾਂ ਦਾ ਡਾਕਟਰ ਹੋਊ। ਨਾਲੇ ਡਾਕਟਰ ਵੀ ਕਾਹਦਾ? ਅੱਖਾਂ ਦਾ? ਦੰਦਾਂ ਦਾ? ਡੰਗਰਾਂ ਦਾ? ਆਪਾਂ ਤੋਂ ਨੀ ਬਣ ਹੁੰਦਾ ਡੰਗਰ ਡਾਕਟਰ!"

ਸਰੀਰਕ ਮੌਤ ਭਾਵੇਂ ਬੰਦੇ ਦਾ ਬਹੁਤ ਕੁੱਝ ਲੈ ਜਾਂਦੀ ਹੈ ਪਰ ਸਾਰਾ ਕੁੱਝ ਨਹੀਂ। 5 ਦਸੰਬਰ 2021 ਨੂੰ ਮੌਤ ਰੁਪਾਣੇ ਦੇ ਦਰ 'ਤੇ ਆਈ ਤੇ ਉਹਦੀ ਜਿੰਦ ਲੈ ਕੇ ਤੁਰਦੀ ਹੋਈ। ਪਿੱਛੇ ਮੁਰਦਾ ਦੇਹ ਛੱਡ ਗਈ। ਪਿੰਡ ਰੁਪਾਣੇ 'ਚ ਹੀ 13 ਅਪ੍ਰੈਲ 1936 ਨੂੰ ਉਹਦਾ ਜਨਮ ਹੋਇਆ ਸੀ। ਕਿਹਾ ਜਾਂਦੈ ਕਿ ਮਨੁੱਖ ਨਾਸ਼ਵਾਨ ਹੈ। ਹਾਂ, ਨਾਸ਼ਵਾਨ ਹੈ, ਪਰ ਮਨੁੱਖ ਦਾ ਜੀਵਨ ਨਾਸ਼ਵਾਨ ਨਹੀਂ। ਬੰਦੇ ਦੀ ਮੁਰਦਾ ਦੇਹ ਭਾਵੇਂ ਦੱਬ/ਸਾੜ ਦਿੱਤੀ ਜਾਂਦੀ ਹੈ ਪਰ ਉਹਦੀ ਨੇਕੀ ਜਿਊਂਦੀ ਰਹਿੰਦੀ ਹੈ। ਘਾਲ ਕਮਾਈਆਂ ਤੇ ਮਾਰੀਆਂ ਮੱਲਾਂ ਦੀ ਸ਼ੋਭਾ ਕਦੇ ਨਹੀਂ ਮਰਦੀ। ਰੁਪਾਣਾ ਭਾਵੇਂ ਓਥੇ ਤੁਰ ਗਿਐ ਜਿਥੋਂ ਕੋਈ ਮੁੜ ਕੇ ਨਹੀਂ ਪਰਤਦਾ। ਪਰ ਉਹ ਕਹਾਣੀਆਂ ਤੇ ਨਾਵਲਾਂ ਨਾਲ ਸਦਾ ਪੰਜਾਬੀ ਪਾਠਕਾਂ ਵਿਚਕਾਰ ਜਿਊਂਦਾ ਰਹੇਗਾ।

# ਵਡਭਾਗੀ ਤਿਹਿ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ॥ ਜਨਮ ਜਨਮ ਕੇ ਪਾਪ ਖੋਇਕੈ ਫੁਨਿ ਬੈਕੁੰਠਿ ਸਿਧਾਵੈ॥ ਮਹਲਾ ੯॥



ਕਰਨੈਲ ਸਿੰਘ ਟੋਰਾਂਟੋ
416-746-7642

ਤਥਾ: ਵਡਭਾਗੀ ਤਿਹਿ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ॥

ਜਨਮ ਜਨਮ ਕੇ ਪਾਪ ਖੋਇਕੈ ਫੁਨਿ ਬੈਕੁੰਠਿ ਸਿਧਾਵੈ॥ ਮਹਲਾ ੯॥

(ਪੰਨਾ ੯੦੧)

ਅਰਥ: ਉਸ ਪੁਰਸ਼ ਨੂੰ ਵਡਿਆਂ ਭਾਗਾਂ ਵਾਲਾ ਜਾਣੋਂ, ਜਿਹੜਾ ਹਰਿ ਸਮੇਂ ਸਿਮਰਨ ਕਰਦਾ ਹੈ। ਉਹ ਗੁਰਮੁਖਿ ਆਪਣੇਂ ਪਰਾਤਨ ਜਨਮਾਂ, ਜਨਮਾਂ ਦੇ ਪਾਪਾਂ ਨੂੰ ਲਹਾਕੇ ਬੈਕੁੰਠ ਧਾਮ ਵਿਚ ਚਲਾ ਗਿਆ। ਜਿੱਥੇ ਬਹੁਤ ਹੀ ਉਤਮ ਪੁਰਸ਼ ਰਹਿੰਦੇ ਹਨ।

ਤਥਾ: ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ॥

ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥੨॥

(ਪੰਨਾ ੯੦੨)

ਅਰਥ: ਸੰਤ ਜਨਾਂ ਨੇਂ ਦਿਆਲੂ ਹੋਕੇ ਕ੍ਰਿਪਾਲਤਾ ਕੀਤੀ, ਪ੍ਰਬਚਨ ਕੀਤਾ, ਕੇ ਜਿਨਾਂ ਨੇ ਪਰਮੇਸ਼ਰ ਦੀ ਕੀਰਤੀ=ਸਿਮਰਨ ਕੀਤਾ ਹੈ। ਗੁਰ ਉਪਦੇਸ਼ ਦਾ, ਉਹਨਾਂ ਸਾਰੇ ਹੀ ਧਰਮ ਵਾਲੇ ਕਰਮ ਕਰਿ ਲਏ ਹਨ।

ਤਥਾ: ਸਚੈ ਸਬਦਿ ਸਚੀ ਪਤਿ ਹੋਈ॥

ਬਿਨੁ ਨਾਵੈ ਮੁਕਤਿ ਨ ਪਾਵੈ ਕੋਈ॥

ਬਿਨ ਸਤਿਗੁਰ ਕੋ ਨਾਉ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ॥੯॥

(ਮਹਲਾ ੩॥ ਪੰਨਾ ੧੦੪੬)

ਅਰਥ: ਗੁਰੂ ਦੇ ਦਿਤੇ ਸੱਚੇ ਸ਼ਬਦ ਕਰਕੇ ਸੱਚੀ ਪਤਿ ਇਜ਼ਤ ਹੁੰਦੀ ਹੈ, ਨਾਮ ਸਿਮਰਨ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ, ਪ੍ਰਭੂ ਨੇਂ ਐਸੀ ਬਣਤ ਬਣਾਈ ਹੈ। ਗੁਰੂ ਧਾਰਨ ਕੀਤੇ ਬਿਨਾਂ ਕੋਈ ਨਾਮ ਨੂੰ ਪਾ ਨਹੀਂ ਸਕਦਾ।

(ਗੁਰੂ ਜੀ ਕਹਿੰਦੇ ਹਨ=ਪੰਡਿਤੁ=ਵਿਦਵਾਨ ਕੱਥਾ ਕੀਰਤਨ ਵਾਲਾ ਕੈਸਾ ਹੋਵੇ।)

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨ ਦਿਨੁ ਏਕੋ ਨਾਮੁ ਵਖਾਣੈ॥

ਸਤਿਗੁਰ ਕੀ ਓਹੁ ਦੀਖਿਆ ਲੇਇ॥

ਸਤਿਗੁਰ ਆਗੈ ਸੀਸੁ ਧਰੇਇ॥

ਅਰਥ: ਅਸਲ ਪੰਡਿਤ ਓਹੀ ਹੈ, ਜੋ ਰਜੋ, ਸਤੋ, ਤਮੋ=ਤਿਨਾਂ ਗੁਣਾ ਵਾਲੀ ਮਾਇਆ ਦੀ ਪੰਡ ਨੂੰ ਉਤਾਰਦਾ ਹੈ। ਮਾਇਆ ਦਾ ਤਿਆਗ ਕਰਕੇ ਅਨ ਦਿਨ=ਦਿਨ ਰਾਤ ਨਾਮ ਨੂੰ ਜਪਦਾ ਹੋਵੇ। ਗੁਰੂ ਧਾਰਨ ਕਰਕੇ ਗੁਰੂ ਦੀ ਸਿੱਖਿਆ ਲੈਕੇ, ਗੁਰੂ ਨੂੰ ਆਪਣਾਂ ਸੀਸ ਅਰਪਨ ਕਰਦਾ ਹੈ।

ਤਥਾ: ਸਦਾ ਅਲਗੁ ਰਹੈ ਨਿਰਬਾਣੁ॥ ਸੋ ਪੰਡਿਤੁ ਦਰਗਹ ਪਰਵਾਣੁ॥

(ਪੰਨਾ ੧੨੬੧)

ਅਰਥ: ਸਦਾ ਹੀ ਸੰਸਾਰ ਤੋਂ ਅਲੱਗ ਰਹਿੰਦਾ ਹੈ, ਉਹ ਅਸਲ ਪੰਡਿਤ=ਵਿਦਵਾਨ ਹੈ, ਪ੍ਰਭੂ ਦੀ ਦਰਗਾਹ ਵਿਚ ਪਰਵਾਨ ਹੁੰਦਾ ਹੈ। ਬਾਬਾ ਜੀ ਹੁਣ ਕਲਜੁਗ ਜ਼ੋਰਾਂ ਤੇ ਹੈ, ਹੁਣ ਤਾਂ ਇਹੋ ਜਿਹਾ ਕੱਥਾ ਕੀਰਤਨ ਕਰਨ ਵਾਲਾ ਮਿਲਦਾ ਹੀ ਨਹੀਂ ਵਿਦਵਾਨ ਪੰਡਿਤ। (ਗੁਰੂ ਸਾਹਿਬ ਹੁਣ=ਇਹੋ ਜਿਹੇ ਪੰਡਤੁ=ਵਿਦਵਾਨ ਮਿਲਦੇ ਹਨ)

ਤਥਾ: ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥

ਅਰਥ: ਕਲਜੁਗ ਵਿਚ ਫਕੀਰੈ=ਕੰਗਲਿਆਂ ਦਾ ਨਾਮ ਬਾਦਸ਼ਾਹ ਹੈ। ਮੂਰਖਾਂ ਦਾ ਨਾਮ ਪੰਡਿਤ=ਵਿਦਵਾਨ ਹੈ, ਕਹਿਣਗੇ ਇਹ ਬਹੁਤ ਵੱਡਾ ਕੱਥਾ ਬੱਕਤਾ ਹੈ। ਅਕਲ ਤੋਂ ਅੰਨਿਆਂ ਨੂੰ ਪਾਰਖੂ ਕਹਿਣਗੇ, ਪਰਖ ਕਰਨ ਵਾਲਾ ਹੈ।

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥ ਮ:੧॥

(ਪੰਨਾ ੧੨੮੮)

ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥

ਅਰਥ: ਇਲਤ ਕਰਨ ਵਾਲੇ ਦਾ ਨਾਮ ਚੌਧਰੀ ਹੈ, ਕਲ ਜੁਗ ਵਿਚ। ਕੂੜੀ=ਝੂਠੀ ਇਸਤ੍ਰੀ ਮਰਣੇਂ ਪਰਣੇ ਤੋਂ ਆਗੂ ਹੋਕੇ ਮੂਰੇ ਬੈਠਦੀ ਹੈ। ਧਾਰਮਕ ਅਦਾਰਿਆਂ ਵਿਚ ਵੀ ਵਡੀ ਆਗੂ ਦਾ ਸਿਰੋਪਾਉ ਇਸ ਝੂਠੀ ਇਸਤ੍ਰੀ ਦੇ ਸਿਰਿ ਤੇ ਰਖਿਆ ਜਾਂਦਾ ਹੈ।

ਕਲ ਜੁਗ ਦਾ ਇਹ ਘੁਢੰਗਾ ਇਨਸਾਫ ਗੁਰਮੁਖਾਂ=ਪੂਰਿਆਂ ਗੁਰਾਂ ਦੁਆਰਾ ਜਾਣਿਆਂ ਜਾਂਦਾ ਹੈ, ਪੂਰਿਆਂ ਗੁਰਾਂ ਵਾਲਾ ਸਮਝਦਾ ਹੈ ਕਲ ਜੁਗ ਦੇ ਨਿਆਉ ਨੂੰ।

ਤਥਾ: ਸੋ ਪੜਿਆਂ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥

(ਪੰਨਾ ੧੨੮੮)

ਅਰਥ: ਓਹੀ ਪੜਿਆ ਹੋਇਆ ਬੀਨਾ=ਚਤੁਰ ਸਿਆਣਾਂ ਹੈ, ਜਿਸ ਨੇਂ ਪ੍ਰਭੂ ਦੇ ਨਾਮ ਨੂੰ ਕਮਾਉਣਾਂ ਕੀਤਾ ਹੈ। ਇਸ ਨੂੰ ਸੱਚੀ ਦਰਗਾਹ ਵਿਚ ਸਿਰੋਪਾ ਮਿਲੇਗਾ, ਇਹ ਝੂਠਿਆਂ ਦੇ ਸਿਰੋਪੇ ਨਹੀਂ ਲੈਂਦਾ।

ਤਥਾ: ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥

ਤਿਸੁ ਗੁਰ ਕਉ ਛਾਦਲ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ

ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥੪॥

(ਪੰਨਾ ੧੨੬੪)

ਅਰਥ: ਜੋ ਪੁਰਖ ਬ੍ਰਹਮ ਨੂੰ ਜਾਣਾ ਹੈ, ਬ੍ਰਹਮ ਨੇਸ਼ਟੀ ਹੈ, ਸਿੱਖ ਦੇ ਸੰਸਿਆਂ ਦੀ ਨਿਵਰਤੀ ਕਰਨ ਵਾਲੀ ਹਰੀ ਦੀ ਕਥਾ ਸੁਣਾਂਦਾ ਹੋਵੇ। ਤਿਸੁ ਗੁਰ ਕਉ=ਉਸ ਪੂਰੇ ਗੁਰੂ ਨੂੰ ਬਹੁਤ ਸੁੰਦਰ ਬੱਸਤਰ ਅਤੇ ਸੁੰਦਰ ਛੱਤੀ ਪਦਾਰਥ ਪ੍ਰਸ਼ਾਦਿ ਛਕਾਵੇ, ਬਹੁਤ ਤਰਾਂ ਦੀਆਂ ਸਮਗਰੀਆਂ ਉਸ ਗੁਰੂ ਦੇ ਮੁਖ ਵਿਚ ਪਾਵਉ। ਸਿਖ ਨੂੰ ਜੋ ਪੁੰਨ ਮਿਲੇਗਾ, ਉਸ ਪੁੰਨ ਦੀ ਕੱਦੇ ਤੋਟ ਨਹੀਂ ਆਵੇਗੀ।

ਤਥਾ: ਸਤਿਗੁਰ ਦੇਉ ਪਰਤਖ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਵੈ॥

ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿੱਤੁ ਲਾਵੈ॥

(ਪੰਨਾ ੧੨੬੪)

ਅਰਥ: ਉਹ ਸਤਿਪੁਰਖ ਪਰਤੱਖ ਹਰੀ ਦੀ ਮੂਰਤੀ ਹੈ, ਹਰੀ ਦਾ ਸਰੂਪ ਹਨ। ਜੋ ਅੰਮ੍ਰਿਤ ਰੂਪੀ ਮਿੱਠੇ ਬਚਨ ਸੁਣਾਂਦੇ ਹਨ। ਉਸ ਪੁਰਖ ਦੇ ਬਹੁਤ ਹੀ ਚੰਗੇ ਭਾਗ ਹਨ, ਜੋ ਹਰੀ ਸਰੂਪ ਗੁਰਾਂ ਚਰਨਾਂ ਤੇ ਮੱਥਾ ਟੇਕਦੇ ਹਨ।

ਤਥਾ: ਅਠਸਠਿ ਤੀਰਥ ਜਹ ਸਾਧ ਪਗ ਧਰਹਿ॥

ਤਹ ਬੈਕੁੰਠੁ ਜਹ ਨਾਮੁ ਉਚਰਹਿ॥ ਮਹਲਾ ੫॥

(ਪੰਨਾ ੮੯੦)

ਅਰਥ: ਜਿਸ ਜੱਗਾ ਤੇ ਪੂਰਨ ਸਾਧੂ ਆਪਣੇ ਚਰਨ ਰੱਖਦਾ ਹੈ, ਉਥੇ ਅਠਾਹਟ ਤੀਰਥ ਸਾਧੂ ਦੀ ਚਰਨ ਰੇਨ ਵਿਚ ਨਹਾਕੇ ਆਪਣੇ ਵਿਚ ਪਾਏ ਕੁਲ ਜੁਗੀ ਜਵਾਂ ਦੇ ਪਾਪਾਂ ਦੇ ਕਾਲੇਪਨ ਨੂੰ ਦੂਰ ਕਰਦੇ ਹਨ। ਜਾਂ ਉਥੇ ਅਠਾਹਟ ਤੀਰਥਾਂ ਦਾ ਫੱਲ ਮਿਲਦਾ, ਜੋ ਪੂਰਨ ਸਾਧੂਆਂ ਦੇ ਦਰਸ਼ਨ ਕਰਦੇ ਹਨ। ਜਿੱਥੇ ਬੈਠਕੇ ਸਾਧੂ ਨਾਮ ਦਾ ਸਿਮਰਨ ਕਰਦਾ ਹੈ, ਜਾਂ ਜੁਗਿਆਸੂਆ ਨੂੰ ਉਚਾਰਕੇ ਨਾਮ ਦਿੰਦਾ ਹੈ ਸਾਧੂ। ਓਥੇ ਬੈਕੁੰਠ ਹੀ ਸਮਝੋ।

ਧਾਰਨਾਂ: ਅਠ ਸਠਿ ਤੀਰਥ ਨਿਵਾਸ਼ ਓਥੇ ਰਖਦੇ ਨੇਂ, ਜਿਥੇ ਸਾਧੂ ਪਰ ਧਰੇ॥੨॥

ਅੰਤਰਾ: ਮੇਰੇ ਪਿਆਰੇ ਜੀ ਜਿੱਥੇ ਸਾਧੂ ਪੈਰ ਧਰਹਿ॥੨॥

ਧਾਰਨਾਂ: ਅਠ ਅਠਸਠਿ ਤੀਰਤ ਨਿਵਾਸ਼ ਓਥੇ ਰਖਦੇ ਨੇਂ ਜਿਥੇ ਸਾਧੂ ਪੈਰ ਧਰਹ੍ਰਿ

ਤਥਾ: ਸੋ ਪੰਡਿਤੁ ਗੁਰ ਸਬਦੁ ਕਮਾਇ॥

ਤ੍ਰੈਗੁਣ ਕੀ ਓਸੁ ਉਤਰੀ ਮਾਇ॥

ਚਤੁਰ ਬੇਦੁ ਪੂਰਨ ਹਰਿ ਨਾਇ॥ ਨਾਨਕ ਤਿਸੁ ਕੀ ਸਰਣੀ ਪਾਇ॥ ਮਹਲਾ ੫॥

(ਪੰਨਾ ੮੮੮)

ਅਰਥ: ਅਸਲ ਪੰਡਿਤੁ ਜਾਂ ਵਿਦਵਾਨ ਓਹੀ ਹੈ, ਜੋ ਗੁਰਉਪਦੇਸ਼=ਗੁਰਮੰਤ੍ਰ ਦੀ ਕਮਾਈ ਕਰਦਾ ਹੈ। ਉਸ ਪੰਡਿਤੁ ਦੇ ਹਿਰਦੇ ਵਿਚੋਂ ਤਿਨਾਂ ਗੁਣਾਂ ਵਾਲੀ ਮਾਇਆ ਦੀ ਤ੍ਰਿਸ਼ਨਾਂ ਮਿੱਟ ਜਾਂਦੀ ਹੈ। ਜਿਸ ਹਰੀ ਦੇ ਨਾਮ ਕਰਕੇ ਚਾਰੇ ਬੇਦ ਪੂਰਨ ਹਨ, ਉਸ ਹਰੀ ਦੀ ਸ਼ਰਨ ਵਿਚ ਤੂੰ ਆਪਣੇਂ ਆਪ ਨੂੰ ਪਾਉਣਾਂ ਕਰ।

ਤਥਾ: ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥

ਨਾਨਕ ਜਿਉ ਮਥਨਿ ਮਾਧਾਣੀਆਂ ਤਿਉ ਮਥੇ ਧਰਮ ਰਾਇ॥

(ਪੰਨਾ ੧੪੨੫)

ਅਰਥ: ਪਾਪੀ ਪੁਰਸ਼ ਜ਼ਿਆਦਾ ਧਨ ਕਮੌਣ ਲਈ, ਪਾਪ ਕਰਦੇ ਨੇ। ਜਦੋਂ ਮਰਕੇ ਜਮਾਂ ਦੀ ਮਾਰ ਪੈਂਦੀ ਹੈ, ਫੇਰ ਹਾਏ ਹਾਏ ਕਰਕੇ ਰੋਂਦੇ ਹਨ। ਜਿਵੇਂ ਮਧਾਣੀਆਂ ਚਾਟੀ ਵਿਖੇ ਦਹੀਂ ਨੂੰ ਕੁੱਟ-ਕੁੱਟ ਕੇ ਮੱਖਣ ਕੱਢਦਿਆਂ ਹਨ, ਤਿਵੇਂ ਧਰਮ ਰਾਜਾ ਨਰਕਾਂ ਵਿਚ ਸੁਟਕੇ ਲੋਹੇ ਦੇ ਡੰਡਿਆਂ ਨਾਲ ਕਟਾਈ ਕਰਦਾ ਹੈ, ਪਾਪਾਂ ਰੂਪੀ ਮੱਖਣ ਕੱਢਦਾ ਹੈ।

ਤਥਾ: ਕਰਮੀ ਆਪੋ ਆਪਣੀ ਆਪੇ ਪਛੁਤਾਣੀ॥

ਅਜਰਾ ਈਲ ਫਰੇਸਤਾ ਤਿਲ ਪੀੜੇ ਘਾਣੀ॥

(ਪੰਨਾ ੩੧੫)

ਅਰਥ: ਕਰਮਾਂ ਵਿਚ ਬਹੁਤ ਸਾਰੇ ਪਾਪ ਬੀਜ ਕੇ ਆਪਹੀ ਪਛਤਾਉਣਾ ਪੈਂਦਾ ਹੈ। ਅਜਰਾਈਲ ਫਰੇਸ਼ਤਾ ਘਾਣੀਂ ਵਿਚ ਪੀੜਕੇ ਜਾਂ ਘਲਾੜੀ ਵਾਂਗ ਪਾਪਾਂ ਰੂਪੀ ਤੇਲ ਨਚੋੜ ਦਿੰਦਾ ਹੈ।

ਤਥਾ: ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥

ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥੧॥

(ਪੰਨਾ ੩੧੫)

ਅਰਥ: ਕੁੰਭੀ ਨਰਕ ਵਿਚ ਬਹੁਤ ਘਣੇਂ ਜ਼ਿਆਦਾ ਤਸੀਹੇ ਦਿਤੇ ਜਾਂਦੇ ਹਨ। ਅਕ੍ਰਿਤਘਣ=ਉਨਾਂ ਨੂੰ ਕਹਿੰਦੇ ਹਨ, ਜੋ ਹੀਰਾ ਜਨਮ ਦੇਣ ਵਾਲੇ ਪ੍ਰਮਾਤਮਾਂ ਨੂੰ ਭੁੱਲ ਜਾਣ। ਪ੍ਰਮਾਤਮਾਂ ਨਾਲ ਭੀ ਝੂਠੇ ਡਰਾਮੇਂ ਕਰਨ ਲੱਗ ਜਾਣ, ਉਹ ਲੋਕ ਪ੍ਰਭੂ ਦੇ ਮਾਰੇ ਹੋਏ ਨੇਂ। ਉਨ੍ਹਾਂ ਨੂੰ ਅਕ੍ਰਿਤ ਘਣਾਂ ਵਾਲੇ ਘੋਰ ਨਰਕ ਵਿਚ ਰਖਿਆ ਜਾਂਦਾ ਹੈ। ਉਹ ਪ੍ਰਮਾਤਮਾਂ ਦਾ ਡਰ ਨਹੀਂ ਮੰਨਦੇ, ਕਹਿੰਦੇ ਹਨ ਉਤੇ ਕਿੱਥੇ ਹੈ ਨਰਕ ਨਰਕ ਸੁਰਗ ਤਾਂ ਐਥੇ ਹੀ ਹੈ, ਉਹ ਹਰਾਮਦੇ ਹੋਕੇ ਮਰਦੇ ਹਨ।

ਗੋਇੰਦਵਾਲ ਵਿਚ ਇਕ ਤਪਾ ਗੁਰੂ ਅਮਰਦਾਸ ਨਾਲ ਈਰਖਾ ਕਰਦਾ ਸੀ। ਜਦੋਂ ਉਹ ਮਰਕੇ ਧਰਮਰਾਜੇ ਕੋਲ ਗਿਆ, ਗੁਰੂ ਰਾਮਦਾਸ ਜੀ ਦਸਦੇ ਹਨ:-

ਤਥਾ: ਧਰਮ ਰਾਇ ਜਮ ਕੰਕਰਾਂ ਨੋ ਆਖਿ ਛਡਿਆ,

ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾਂ ਮਹਾਂ ਹਤਿਆਰਿਆ॥

ਅਰਥ: ਧਰਮ ਰਾਜੇ ਨੇਂ ਜਮਦੂਤਾਂ ਨੂੰ ਕਿਹਾ ਏਸੁ ਤੱਪੇ ਨੂੰ, ਓਥੇ ਪਾਉ ਜਿਥੇ ਮਹਾਂ=ਬੜੇ ਬੜੇ ਹਤਿਆਰੇ ਪਾਏ ਹਨ। ਕਿਉਂਕਿ ਅਕਾਲ ਪੁਰਖ ਦੀ ਆਪਣੀਂ ਜੋਤਿ ਗੁਰੂ ਅਮਰਦਾਸ ਨਾਲ ਈਰਖਾ ਕਰਦਾ ਸੀ। ਗੁਰੂ ਗ੍ਰੰਥ ਵੀ ਉਹਨਾਂ ਦੀ ਗਿਆਰਵੀਂ ਜੋਤਿ ਹੈ, ਏਨ੍ਹਾਂ ਨਾਲ ਚੁਸਤੀ ਚਲਾਕੀ ਕਰਨ ਵਾਲੇ ਏਸ ਨਰਕ ਵਿਚ ਪਾਏ ਜਾਂਦੇ ਹਨ। ਏਸ ਸਤਿਗੁਰੂ ਦੇ ਫਿਟਕਾਰੇ ਹਨ।

ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥

ਇਕਨਾ ਨਾਦੁ ਨ ਬੇਦ ਨ ਗੀਆ ਰਸੁ ਰਸੁ ਕਸੁ ਨਾ ਜਾਣੰਤਿ॥

(ਪੰਨਾ ੧੪੧੧)

ਅਰਥ: ਇਕ ਗੁਰਾਂ ਦੇ ਦਿਤੇ ਸ਼ੁਭ ਉਪਦੇਸ਼ ਨ ਜਾਣਦੇ ਹਨ, ਇਕ ਕਹੇ ਹੋਏ ਗੁਰ ਉਪਦੇਸ਼ ਨੂੰ ਬੁਝਦੇ ਹਨ, ਇਹ ਦੋਵੇਂ ਪੁਰਸ਼ ਸੁਘੜ ਸਰੂਪ ਚਤੁਰ ਹਨ।

ਤਥਾ: ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥੧੫॥

(ਪੰਨਾ ੧੪੧੧)

ਅਰਥ: ਇਕਨਾਂ ਨੂੰ ਨਾਂ ਕੋਈ ਸਿਧੀ ਪ੍ਰਾਪਤ ਹੈ, ਨਾ ਹੀ ਰਿਧੀ ਹੈ ਨਾ ਹੀ ਸ੍ਰੇਬਟ ਬੁਧੀ ਦੀ ਪ੍ਰਾਪਤੀ ਹੈ, ਨਾਂ ਹੀ ਚੰਗੀ ਅਕਲ ਥਉ ਸਿਰਿ ਹੈ। ਗੁਰਬਾਣੀ ਦੇ ਅਖਰਾਂ ਦਾ ਵੀ ਕੋਈ ਗਿਆਨੁ ਨਹੀਂ। ਗੱਲਾਂ ਬਾਤਾਂ ਬਹੁਤ ਕਰਦਾ ਹੈ। ਗੁਰੁ ਨਾਨਕ ਦੇਵ ਜੀ ਕਹਿੰਦੇ ਹਨ:-

ਉਹ ਪੁਰਸ਼ ਅਸਲੇ ਖਰ=ਗਧਾ ਹੈ। ਜਿਹੜੇ ਸ਼ੁਭ ਗੁਣਾਂ ਤੋਂ ਬਿਨਾਂ ਹੀ ਗਰਬੁ=ਹੰਕਾਰ ਕਰਦੇ ਹਨ।

(ਨਿਗੁਰੇ ਕਾ ਹੈ ਨਾਉ ਬੁਰਾ)

ਤਥਾ: ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥੩੩॥

(ਮਹਲਾ ੫॥ ਪੰਨਾ ੧੩੫੭)

ਅਰਥ: ਖਲਹ=ਮੂਰਖ ਨਿਗੁਰਾ ਪੁਰਸ਼=ਕੁੱਤਾ, ਸੂਰ, ਗਧਾ, ਕਾਕਹ=ਕਾਂ=ਸਰਪਨਹ=ਸੱਪ, ਇਹਨਾਂ ਪੰਜਾਂ ਜੀਵਾ ਦੇ ਬਰਾਬਰ ਦੇ ਹਨ ਨਿਗੁਰੇ। ਪੈਹਲੇ 4 ਗੰਧਾ ਖਾਣ ਵਾਲੇ ਭ੍ਰਿਸ਼ਟੇ ਜੀਵ ਹਨ, ਪੰਜਵਾਂ ਸੱਪ ਹੈ, ਜਿਹੜਾ ਆਪਣੀਂ ਜ਼ਹਿਰ ਨਾਲ ਸੜਦਾ ਬਲਦਾ ਰਹਿੰਦਾ ਹੈ। ਪ੍ਰਮਾਤਮਾਂ ਨੇਂ ਪੈਰ ਵੀ ਨਹੀਂ ਦਿਤੇ, ਸਾਰੀ ਦਿਹਾੜੀ ਖੁੱਡ ਵਿਚ ਰਹਿੰਦਾ ਹੈ।

ਹੋਈਆਂ ਭੁੱਲਾਂ ਦੀ ਮਾਫੀ ਚਾਉਂਦਾ ਹਾਂ ਜੀ। ਕਰਨੈਲ ਸਿੰਘ ਟੋਰੰਟੋ-416-746-7642


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਪੰਜਾਬ ਚੋਣਾਂ ਵਾਸਤੇ ਗੁੱਛੀ-ਮਾਰ ਦਾਅ ਉੱਤੇ ਬੈਠੀ ਹੋਈ ਭਾਜਪਾ



ਪੰਜਾਬ ਇਸ ਵੇਲੇ ਵਿਧਾਨ ਸਭਾ ਚੋਣਾਂ ਵੱਲ ਵਧ ਰਿਹਾ ਹੈ। ਦਿਨੋ-ਦਿਨ ਉਹ ਘੜੀ ਨੇੜੇ ਆਈ ਜਾਂਦੀ ਹੈ, ਜਦੋਂ ਲੋਕਾਂ ਨੇ ਵੋਟਾਂ ਪਾਉਣੀਆਂ ਅਤੇ ਆਗੂ ਚੁਣਨੇ ਹਨ, ਜਿਹੜੇ ਅਗਲੇ ਪੰਜ ਸਾਲਾਂ ਲਈ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧ ਵਜੋਂ ਭਵਿੱਖ ਨਕਸ਼ਾ ਸੁਧਾਰਨ ਦੇ ਜ਼ਿੰਮੇਵਾਰ ਹੋਣਗੇ, ਪਰ ਅਮਲ ਵਿੱਚ ਜਿੱਦਾਂ ਅੱਗੇ ਹੁੰਦਾ ਰਿਹਾ ਹੈ, ਉਸ ਕਾਰਨ ਆਸ ਰੱਖਣੀ ਫਜ਼ੂਲ ਹੈ ਕਿ ਉਹ ਮਾਣ-ਸਨਮਾਨ ਬਖਸ਼ਣ ਵਾਲੇ ਵੋਟਰਾਂ ਦਾ ਚੇਤਾ ਵੀ ਰੱਖਣਗੇ। ਬਿਨਾਂ ਸਿਧਾਂਤ ਤੋਂ ਕੁਰਸੀਆਂ ਦੀ ਝਾਕ ਵਿੱਚ ਜਣਾ-ਖਣਾ ਆਗੂ ਬਣਨ ਤੁਰ ਪੈਂਦਾ ਹੈ ਤੇ ਆਗੂ ਬਣਨਾ ਵੀ ਔਖਾ ਨਹੀਂ, ਬੰਦੇ ਕੋਲ ਥੋੜ੍ਹਾ ਜਿਹਾ ਪੈਸਾ ਹੋਵੇ, ਲੋਕਾਂ ਦੀ ਨਜ਼ਰ ਵਿੱਚ ਲੀਡਰ ਬਣਾ ਕੇ ਪੇਸ਼ ਕਰਨ ਵਾਲਿਆਂ ਦੀ ਲਾਈਨ ਲੱਗ ਜਾਂਦੀ ਹੈ। ਕਿਸੇ ਵੱਡੇ ਰਾਜਸੀ ਆਗੂ ਨਾਲ ਕਿਸੇ ਤਰ੍ਹਾਂ ਦਾ ਉਸ ਦਾ ਰਿਸ਼ਤਾ ਹੋਵੇ ਤੇ ਉਹ ਉਸ ਰਿਸ਼ਤੇ ਨੂੰ ਵਰਤਣਾ ਜਾਣਦਾ ਹੋਵੇ ਤਾਂ ਅਪਣੇ ਲਈ ਮੈਦਾਨ ਬਣਾ ਲੈਣ ਵਿੱਚ ਉਸ ਨੂੰ ਉਂਜ ਹੀ ਦੇਰ ਨਹੀਂ ਲੱਗਦੀ। ਚਾਰ ਥਾਂਈਂ ਆਪਣੇ ਰਿਸ਼ਤੇਦਾਰ ਲੀਡਰ ਦੇ ਸਮਾਗਮ ਕਰਵਾਉਣ ਦਾ ਨਾਟਕ ਕਰ ਲਏ, ਫਿਰ ਚਾਰ ਥਾਂਈਂ ਉਸ ਲੀਡਰ ਨਾਲ ਜਾਂਦਿਆਂ ਸਟੇਜ ਸੈਕਟਰੀ ਨੂੰ ਕਹਿ ਕੇ ਭਾਸ਼ਣ ਕਰਨ ਲਈ ਵਕਤ ਕੱਢਵਾ ਲਵੇ ਤੇ ਉਸ ਭਾਸ਼ਣ ਵਾਲੀਆਂ ਫੋਟੋ ਚਾਰ ਅਖਬਾਰਾਂ ਵਿੱਚ ਛਪਵਾ ਲਵੇ ਤਾਂ ਉਹ 'ਸੀਨੀਅਰ ਲੀਡਰ' ਬਣ ਜਾਂਦਾ ਹੈ।

ਅੱਜ ਜਦੋਂ ਇੱਕ ਵਾਰ ਫਿਰ ਪੰਜਾਬ ਵਿੱਚ ਚੋਣਾਂ ਦਾ ਮਾਹੌਲ ਬਣਿਆ ਪਿਆ ਹੈ, ਓਦੋਂ ਕਈ ਲੀਡਰਾਂ ਦੇ ਕਾਕੇ ਅਤੇ ਚਹੇਤੇ ਰਿਸ਼ਤੇਦਾਰ ਰਾਤੋ-ਰਾਤ ਲੀਡਰ ਬਣਨ ਅਤੇ ਇੱਕ ਜਾਂ ਦੂਸਰੇ 'ਹਲਕੇ ਦੇ ਲੋਕਾਂ ਦੀ ਮੰਗ' ਦੱਸ ਕੇ ਟਿਕਟਾਂ ਵਾਸਤੇ ਦਾਅਵੇਦਾਰ ਬਣਦੇ ਆਮ ਮਿਲ ਜਾਂਦੇ ਹਨ। ਉਨ੍ਹਾਂ ਵਿੱਚੋਂ ਕਈਆਂ ਨੂੰ ਟਿਕਟਾਂ ਮਿਲ ਵੀ ਜਾਣੀਆਂ ਹਨ। ਪੰਜਾਬ ਦੀਆਂ ਸਭ ਪਾਰਟੀਆਂ ਵਿੱਚ ਏਦਾਂ ਦਾ ਕਲਚਰ ਹੈ, ਜਿਸ ਕਰ ਕੇ ਕਿਸੇ ਇੱਕ ਜਾਂ ਦੂਸਰੀ ਦਾ ਨਾਂਅ ਲੈਣ ਦੀ ਲੋੜ ਨਹੀਂ। ਸਰਕਾਰ ਚਲਾ ਰਹੀ ਪਾਰਟੀ ਵਿੱਚ ਏਦਾਂ ਦੇ ਲੋਕ ਵੱਧ ਹਨ। ਇਸ ਦਾ ਕਾਰਨ ਇਹ ਹੈ ਕਿ ਰਾਜ ਕਰਦਿਆਂ ਜਿਹੋ ਜਿਹੀ ਕਮਾਈ ਰਾਤ-ਦਿਨ ਦੋਵੇਂ ਹੱਥੀਂ ਕੀਤੀ ਜਾਂਦੀ ਆਮ ਲੋਕ ਸੁਣਦੇ ਹਨ, ਉਸ ਕਮਾਈ ਨੂੰ ਸੰਭਾਲਣ ਵਾਲਿਆਂ ਦੀ ਪਲਟਣ ਵੀ ਓਡੀ ਹੀ ਵੱਡੀ ਚਾਹੀਦੀ ਹੈ ਤੇ ਜਿਹੜੇ ਲੋਕ ਇਨ੍ਹਾਂ ਕੰਮਾਂ ਲਈ ਵਰਤੇ ਜਾਂਦੇ ਹਨ, ਉਹ ਏਨੇ ਰਾਜ਼ ਜਾਣ ਜਾਂਦੇ ਹਨ ਕਿ ਟਿਕਟ ਮੰਗਣ ਤਾਂ ਉਨ੍ਹਾਂ ਨੂੰ ਇਨਕਾਰ ਕਰਨ ਦਾ ਮਤਲਬ ਆਪਣੀ ਭੇਦਾਂ ਦੀ ਖੇਹ ਉਡਾਉਣ ਦਾ ਰਿਸਕ ਲੈਣਾ ਹੁੰਦਾ ਹੈ। ਇਸ ਕਰ ਕੇ ਲੀਡਰਾਂ ਨਾਲ ਲੱਗੇ ਹੋਏ ਏਦਾਂ ਦੇ ਬੰਦਿਆਂ ਦੀ ਗਿਣਤੀ ਰਾਜ ਕਰਦੀ ਪਾਰਟੀ ਦੇ ਲੀਡਰਾਂ ਵੱਲ ਵੱਧ ਹੋ ਸਕਦੀ ਹੈ, ਪਰ ਵਿਰੋਧੀ ਧਿਰ ਵਿੱਚ ਬੈਠਦੇ ਆਗੂਆਂ ਦੇ ਨਾਲ ਵੀ ਏਦਾਂ ਦੇ ਲੋਕਾਂ ਦੀ ਛੋਟੀ ਗਿਣਤੀ ਨਹੀਂ ਹੁੰਦੀ।

ਜਿਹੜੇ ਲੋਕ ਪਹਿਲਾਂ ਕਿਸੇ ਨਾ ਕਿਸੇ ਰੁਤਬੇ ਉੱਤੇ ਜਾ ਚੁੱਕੇ ਹੁੰਦੇ ਹਨ ਅਤੇ ਫਿਰ ਉਹ ਰੁਤਬਾ ਬਚਾਉਣਾ ਜਾਂ ਹੋਰ ਵੱਡਾ ਰੁਤਬਾ ਹਾਸਲ ਕਰਨਾ ਚਾਹੁੰਦੇ ਹਨ, ਉਨ੍ਹਾਂ ਵਿੱਚੋਂ ਬਹੁਤ ਵੱਡੀ ਗਿਣਤੀ ਹਰ ਵਾਰ ਚੋਣਾਂ ਨੇੜੇ ਆਉਣ ਨਾਲ ਬੇਸ਼ਰਮ ਹੋਣ ਦੇ ਰਿਕਾਰਡ ਤੋੜਨ ਲੱਗਦੇ ਹਨ। ਸਾਡੇ ਪੰਜਾਬ ਦੀ ਅੱਜ ਵਾਲੀ ਵਿਧਾਨ ਸਭਾ ਦੇ ਮੈਂਬਰਾਂ ਦਾ ਪਿਛੋਕੜ ਅਸੀਂ ਫੋਲਣਾ ਸ਼ੁਰੂ ਕੀਤਾ ਤਾਂ ਪਤਾ ਲੱਗਾ ਕਿ ਇਨ੍ਹਾਂ ਵਿੱਚੋਂ ਦੋ ਦਰਜਨ ਤੋਂ ਵੱਧ ਆਪਣੇ ਬਾਪ-ਦਾਦੇ ਜਾਂ ਰਿਸ਼ਤੇ ਵਿੱਚ ਕਿਸੇ ਆਗੂ ਨਾਲ ਨੇੜਲੇ ਸੰਬੰਧਾਂ ਕਰ ਕੇ ਵਿਧਾਇਕ ਬਣੇ ਸਨ। ਕਰੀਬ ਸੱਤਵਾਂ ਹਿੱਸਾ ਉਹ ਲੋਕ ਇਸ



ਜਤਿੰਦਰ ਪੰਨੂ

ਵਿਧਾਨ ਸਭਾ ਦੇ ਮੈਂਬਰ ਹਨ, ਜਿਹੜੇ ਕਦੇ ਨਾ ਕਦੇ ਇੱਕ ਪਾਰਟੀ ਤੋਂ ਦੂਸਰੀ ਵੱਲ ਛੜੱਪੇ ਮਾਰ ਚੁੱਕੇ ਹਨ ਅਤੇ ਕੁਝ ਲੋਕ ਤਾਂ ਤੀਸਰੀ ਜਾਂ ਚੌਥੀ ਪਾਰਟੀ ਤੱਕ ਦੇ ਛੜੱਪੇ ਮਾਰਨ ਪਿੱਛੋਂ ਵੀ ਆਗੂ ਮੰਨੇ ਜਾਂਦੇ ਹਨ। ਇਹੋ ਜਿਹੇ ਲੋਕ ਅੱਜ ਵਾਲੀ ਵਿਧਾਨ ਸਭਾ ਵਿੱਚ ਹੀ ਨਹੀਂ, ਅਗਲੀ ਵਾਰ ਜਿਹੜੇ ਚੁਣ ਕੇ ਆਉਣੇ ਹਨ, ਉਹ ਵੀ ਬਹੁਤ ਸਾਰੇ, ਬਲਕਿ ਅੱਜ ਵਾਲੇ ਵਿਧਾਇਕਾਂ ਤੋਂ ਵੱਧ ਏਦਾਂ ਦੇ ਹੋਣਗੇ।

ਕੁਝ ਹਫਤੇ ਪਹਿਲਾਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਮੰਤਰੀ ਇਹ ਕੁਰਸੀ ਛੱਡਣ ਲਈ ਮਜਬੂਰ ਹੋਇਆ ਤਾਂ ਉਹ ਆਪਣੀ ਪਾਰਟੀ ਵੀ ਛੱਡ ਗਿਆ। ਫਿਰ ਉਸ ਨੇ ਇੱਕ ਨਵੀਂ ਕਾਂਗਰਸ ਪਾਰਟੀ ਬਣਾਈ ਅਤੇ ਇਹ ਆਸ ਰੱਖੀ ਬੈਠਾ ਹੈ ਕਿ ਜਿਸ ਦਿਨ ਅਗਲੀਆਂ ਚੋਣਾਂ ਲਈ ਤਰੀਕਾਂ ਦਾ ਐਲਾਨ ਹੋਣਾ ਤੇ ਚੋਣ ਜ਼ਾਬਤਾ ਲਾਇਆ ਜਾਣਾ ਹੈ, ਉਸ ਦਿਨ ਦੂਸਰੀਆਂ ਪਾਰਟੀਆਂ ਵਿੱਚੋਂ ਤੇ ਖਾਸ ਕਰ ਕੇ ਕਾਂਗਰਸ ਵਿੱਚੋਂ ਕਈ ਮੌਜੂਦਾ ਵਿਧਾਇਕ ਤੇ ਸ਼ਾਇਦ ਕੁਝ ਮੰਤਰੀ ਵੀ ਉਸ ਨਾਲ ਆ ਜੁੜਨਗੇ। ਸਾਫ ਹੈ ਕਿ ਖੁਦ ਤਿੰਨ ਪਾਰਟੀਆਂ ਬਦਲ ਚੁੱਕਾ ਆਗੂ ਇਸ ਨਵੀਂ ਪਾਰਟੀ ਦਾ ਮੁੱਢ ਹੀ ਏਦਾਂ ਦੇ ਦਲ-ਬਦਲੂਆਂ ਨਾਲ ਬੰਨ੍ਹਣ ਦੀ ਤਾਕ ਵਿੱਚ ਹੈ, ਜਿਹੜੇ ਕਾਂਗਰਸ ਵੱਲੋਂ ਟਿਕਟ ਨਾ ਮਿਲਣ ਕਾਰਨ ਕਬੂਤਰ ਵਾਂਗ ਉਡਾਰੀ ਮਾਰ ਕੇ ਇਸ ਲੀਡਰ ਦੇ ਚੁਬਾਰੇ ਉੱਤੇ ਆ ਬੈਠਣਗੇ। ਆਮ ਆਦਮੀ ਪਾਰਟੀ ਇਹ ਕਹਿੰਦੀ ਹੈ ਕਿ ਕਾਂਗਰਸ ਦੇ ਪੰਝੀ ਦੇ ਕਰੀਬ ਵਿਧਾਇਕ ਉਸ ਨਾਲ ਜੁੜਨ ਨੂੰ ਤਿਆਰ ਹਨ, ਪਰ ਉਹ ਇਹੋ ਜਿਹੇ ਦਲਬਦਲੂਆਂ ਲਈ ਆਪਣੇ ਦਰਵਾਜ਼ੇ ਨਹੀਂ ਖੋਲ੍ਹਣਾ ਚਾਹੁੰਦੀ। ਇਹ ਗੱਲ ਹੋ ਵੀ ਸਕਦੀ ਹੈ ਅਤੇ ਹਵਾ ਬੰਨ੍ਹਣ ਲਈ ਯੱਕੜ ਮਾਰਿਆ ਵੀ ਹੋਵੇ ਤਾਂ ਹੈਰਾਨੀ ਵਾਲੀ ਕੋਈ ਗੱਲ ਨਹੀਂ। ਏਦਾਂ ਦਾ ਦਾਅਵਾ ਉਸ ਪਾਰਟੀ ਨੇ ਅਕਾਲੀ ਦਲ ਬਾਰੇ ਵੀ ਕੀਤਾ ਹੈ। ਅਕਾਲੀ ਆਗੂ ਵੀ ਏਦਾਂ ਦੀ ਗੱਲ ਕਈ ਵਾਰ ਕਹਿ ਚੁੱਕੇ ਹਨ ਕਿ ਕਾਂਗਰਸ ਹੀ ਨਹੀਂ, ਆਮ ਆਦਮੀ ਪਾਰਟੀ ਦੇ ਕਈ ਵਿਧਾਇਕ ਅਗਲੇ ਦਿਨਾਂ ਵਿੱਚ ਉਨ੍ਹਾਂ ਵੱਲ ਆ ਸਕਦੇ ਹਨ। ਜਦੋਂ ਆਇਆ ਤੇ ਜਿਹੜਾ ਕੋਈ ਵੀ ਉਨ੍ਹਾਂ ਕੋਲ ਆ ਗਿਆ, ਨਾ ਆਮ ਆਦਮੀ ਪਾਰਟੀ ਨੇ ਕਦੀ ਮੋੜਨ ਦੀ ਲੋੜ ਸਮਝੀ ਹੈ, ਨਾ ਅਕਾਲੀ ਦਲ ਨੇ ਮੋੜਨਾ ਹੈ ਅਤੇ ਨਾ ਉਸ ਕਾਂਗਰਸ ਪਾਰਟੀ ਨੇ, ਜਿਸ ਨੇ ਇਸੇ ਸਾਲ ਅੱਠ ਜਣੇ ਆਮ ਆਦਮੀ ਪਾਰਟੀ ਵਿੱਚੋਂ ਖਿੱਚ ਕੇ ਆਪਣੇ ਵਿੱਚ ਮਿਲਾਏ ਹਨ। ਇਨ੍ਹਾਂ ਵਿੱਚੋਂ ਤਿੰਨ ਜਣੇ ਕੈਪਟਨ ਅਮਰਿੰਦਰ ਸਿੰਘ ਦੇ ਕਹੇ ਉੱਤੇ ਏਧਰ ਆਏ ਸਨ ਤੇ ਉਸ ਵੱਲੋਂ ਪਾਰਟੀ ਛੱਡਣ ਪਿੱਛੋਂ ਕੋਈ ਕਦਰ ਨਾ ਪੈਂਦੀ ਵੇਖ ਕੇ ਅਸੈਂਬਲੀ ਮੈਂਬਰੀ ਤੋਂ ਹੀ ਅਸਤੀਫੇ ਦੇ ਗਏ ਹਨ। ਇੱਕ ਜਣਾ ਵਿਧਾਨ ਸਭਾ ਮੈਂਬਰੀ ਤੋਂ ਅਯੋਗ ਕਰਾਰ ਦਿੱਤੇ ਜਾਣ ਦੇ ਬਾਅਦ ਟਿਕਟ ਦੀ ਝਾਕ ਵਿੱਚ ਏਧਰ ਆਇਆ ਤੇ ਇੱਕ ਬੀਬੀ ਇਸ ਲਈ ਕਾਂਗਰਸ ਵਿੱਚ ਆਈ ਹੈ ਕਿ ਆਮ ਆਦਮੀ ਪਾਰਟੀ ਨੇ ਉਸ ਨੂੰ ਟਿਕਟ ਨਾ ਦੇਣ ਦਾ ਇਸ਼ਾਰਾ ਅਗੇਤਾ ਹੀ ਕਰ ਦਿੱਤਾ ਸੀ। ਇਸ ਤੋਂ ਕਾਂਗਰਸ ਵਾਲੇ ਇਹ ਸਮਝਦੇ ਹਨ ਕਿ ਉਨ੍ਹਾਂ ਵੱਲ ਲੋਕ ਆਈ ਜਾਂਦੇ ਹਨ, ਪਰ ਉਹ ਚੇਤਾ ਭੁਲਾ ਦੇਂਦੇ ਹਨ ਕਿ ਲੋਕ ਉਨ੍ਹਾਂ ਵੱਲ ਨਹੀਂ, ਸੱਤਾ ਵੱਲ ਆਏ ਹਨ, ਜਦੋਂ ਹਵਾ ਦਾ ਰੁਖ ਬਦਲ ਰਿਹਾ ਦਿੱਸੇਗਾ ਤਾਂ ਰਾਤੋ-ਰਾਤ ਕਿਸੇ ਹੋਰ ਪਾਸੇ ਜਾਣ ਵਿੱਚ ਵੀ ਪਲ ਨਹੀਂ ਲਾਉਣਗੇ। ਬਿਨਾਂ ਕਿਸੇ ਸਿਧਾਂਤ ਤੋਂ ਸੱਤਾ ਸੁਖ ਲਈ ਜਿਨ੍ਹਾਂ ਲੋਕਾਂ ਨੇ ਪਹਿਲਾਂ ਛੜੱਪੇ ਮਾਰਦਿਆਂ ਸ਼ਰਮ ਨਹੀਂ ਸੀ ਕੀਤੀ, ਅਗੋਂ ਵੀ ਕਦੇ ਨਹੀਂ ਕਰਨਗੇ।

ਅਕਾਲੀ ਦਲ ਨੇ ਪਿਛਲੇ ਦਿਨਾਂ ਵਿੱਚ ਇਹੋ ਜਿਹੇ ਕੁਝ ਲੋਕ ਨਾਲ ਮਿਲਾਏ ਹਨ, ਪਰ ਕਾਂਗਰਸੀਆਂ ਤੋਂ ਉਲਟ ਇਸ ਪਾਸੇ ਮੌਜੂਦਾ ਦੀ ਬਜਾਏ ਸਾਬਕਾ ਵਿਧਾਇਕਾਂ ਦੀ ਲਾਈਨ ਹੀ ਲੱਗਦੀ ਦਿੱਸੀ ਹੈ। ਉਨ੍ਹਾਂ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਵਾਰੀ 'ਅਭੀ ਨਹੀਂ ਤੋਂ ਕਭੀ ਨਹੀਂ' ਵਾਲੀ ਸੋਚ ਨਾਲ ਚੋਣਾਂ ਦੇ ਮੈਦਾਨ ਵਿੱਚ ਹੈ। ਉਸ ਦੇ ਸਾਹਮਣੇ ਵੱਡੀ ਚੁਣੌਤੀ ਹੈ ਕਿ ਜੇ ਇਸ ਵਾਰੀ ਆਪਣੀ ਪਾਰਟੀ ਨੂੰ ਰਾਜ-ਗੱਦੀਆਂ ਤੱਕ ਨਾ ਪੁਚਾ ਸਕਿਆ ਤਾਂ ਅਗਲੀ ਵਾਰੀ ਪਾਰਟੀ ਦੀ ਅਗਵਾਈ ਵੀ ਉਸ ਦੇ ਹੱਥੋਂ ਨਿਕਲ ਸਕਦੀ ਹੈ। ਪਿਛਲੀ ਵਾਰ ਦੀਆਂ ਚੋਣਾਂ ਵਿੱਚ ਪਾਰਟੀ ਦੀ ਸਿਰਫ ਹਾਰ ਨਹੀਂ ਸੀ ਹੋਈ, ਪਾਰਟੀ ਦੀ ਹੈਸੀਅਤ ਏਨੀ ਪਾਣੀਉਂ ਪਤਲੀ ਹੋ ਗਈ ਸੀ ਕਿ ਜਦੋਂ ਚੋਣਾਂ ਦਾ ਰਿਵੀਊ ਕਰਨ ਦੇ ਲਈ ਸੀਨੀਅਰ ਲੀਡਰ ਬੈਠੇ ਸਨ ਤਾਂ ਉਸ ਦੀ ਪ੍ਰਧਾਨਗੀ ਨੂੰ ਚੁਣੌਤੀ ਓਦੋਂ ਵੀ ਦੇ ਦਿੱਤੀ ਗਈ ਸੀ। ਉਸ ਵੇਲੇ ਕਈ ਵੱਡੇ ਲੀਡਰ ਸਿੱਧੇ ਉਸ ਦੇ ਨਾਲ ਖੜੋਤੇ ਸਨ ਜਾਂ ਉਸ ਦੇ ਪਿਤਾ ਜੀ ਦੀ ਸ਼ਰਮ ਕਾਰਨ ਨਾਲ ਖੜੋਤੇ ਸਨ, ਪਰ ਉਸ ਵੇਲੇ ਉਹ ਚੁਣੌਤੀ ਟਲ ਗਈ ਸੀ, ਇਹੋ ਜਿਹੀ ਹਾਰ ਇਸ ਵਾਰ ਵੀ ਹੋ ਗਈ ਤਾਂ ਚੁਣੌਤੀ ਦੇਣ ਵਾਲਿਆਂ ਦੀ ਗਿਣਤੀ ਤੇ ਦਬਾਅ ਦੋਵੇਂ ਵਧਣ ਦਾ ਡਰ ਹੈ। ਆਮ ਆਦਮੀ ਪਾਰਟੀ ਜਦੋਂ ਪਿਛਲੀ ਵਾਰੀ ਜਿੱਤ ਦੀ ਵੱਡੀ ਆਸ ਲਾਈ ਬੈਠੀ ਸੀ ਤੇ ਸੌ ਸੀਟਾਂ ਜਿੱਤਣ ਦੇ ਦਾਅਵੇ ਕਰਦੀ ਮਸਾਂ ਵੀਹ ਕੁ ਸੀਟਾਂ ਉੱਤੇ ਸਿਮਟ ਗਈ ਸੀ, ਉਸ ਦੇ ਬਾਅਦ ਉਸ ਦੇ ਆਗੂ ਮੰਨਦੇ ਸਨ ਕਿ ਅਸੀਂ 'ਜਿਤੀ ਹੋਣੀ ਚੋਣ ਕਿੱਦਾਂ ਹਾਰੀਏ' ਵਾਲੀ ਕਿਤਾਬ ਲਿਖ ਸਕਦੇ ਹਾਂ। ਪਿਛਲੇ ਦਿਨੀਂ ਉਨ੍ਹਾਂ ਦੇ ਆਗੂਆਂ ਨਾਲ ਮਿਲਣ ਦਾ ਸਬੱਬ ਬਣਿਆ ਤਾਂ ਅਸੀਂ ਹਾਸੇ ਵਿੱਚ ਕਿਹਾ ਸੀ ਕਿ ਜਿਹੜੀ ਕਿਤਾਬ ਤੁਸੀਂ ਪਿਛਲੀ ਵਾਰੀ ਲਿਖ ਸਕਦੇ ਸੀ, ਪਰ ਓਦੋਂ ਲਿਖੀ ਨਹੀਂ ਸੀ, ਜੇ ਤੁਹਾਡੀ ਨੀਤੀ ਦਾ ਚੱਕਾ ਏਦਾਂ ਹੀ ਚੱਲਦਾ ਰਿਹਾ ਤਾਂ ਤੁਸੀਂ ਉਸੇ ਕਿਤਾਬ ਦੀ ਦੂਸਰੀ ਐਡੀਸ਼ਨ ਵੀ ਨਾਲ ਹੀ ਲਿਖਣ ਜੋਗੇ ਹੋ ਜਾਓਗੇ।

ਇੱਕ ਪਾਰਟੀ ਦਾ ਜ਼ਿਕਰ ਅਸੀਂ ਇਸ ਲਿਖਤ ਵਿੱਚ ਨਹੀਂ ਕੀਤਾ ਅਤੇ ਦੇਸ਼ ਉੱਤੇ ਰਾਜ ਕਰਦੀ ਉਸ ਪਾਰਟੀ ਬਾਰੇ ਜ਼ਿਕਰ ਇਸ ਲਈ ਨਹੀਂ ਕੀਤਾ ਕਿ ਉਹ ਕਿਸੇ ਵੱਡੀ ਤਾਕ ਵਿੱਚ ਅਜੇ ਪੱਤੇ ਨਹੀਂ ਖੋਲ੍ਹ ਰਹੀ। ਅਗਲੇ ਦਿਨੀਂ ਜਿਹੜੇ ਦਾਅ ਵਰਤਣ ਦੇ ਸੰਕੇਤ ਉਸ ਵੱਲੋਂ ਮਿਲ ਰਹੇ ਹਨ, ਉਨ੍ਹਾਂ ਬਾਰੇ ਅਗੇਤਾ ਕੁਝ ਕਹਿਣਾ ਔਖਾ ਹੈ। ਉਨ੍ਹਾਂ ਦੇ ਇਹ ਸੰਕੇਤ ਵੇਖਣੇ ਸ਼ੁਰੂ ਕਰੀਏ ਤਾਂ ਵਿਧਾਨ ਸਭਾ ਚੋਣਾਂ ਦੀ ਇਸ ਵਕਤ ਚੱਲਦੀ ਸਾਰੀ ਮੁਹਿੰਮ ਦਾ ਰੁਖ ਹੀ ਪਲਟ ਸਕਦਾ ਹੈ। ਉਹ ਸੰਕੇਤ ਅਸਲੋਂ ਚੁੱਪ-ਚੁਪੀਤੇ ਦਾਅ ਖੇਡਣ ਵਾਲੇ ਸੁਣੇ ਜਾਂਦੇ ਹਨ। ਪੰਜਾਬ ਦੀ ਰਾਜਨੀਤੀ ਲਈ ਇਹੀ ਦਾਅ ਹੋਰ ਸਾਰੇ ਪੱਖਾਂ ਉੱਤੇ ਭਾਰੂ ਹੋਣ ਦਾ ਯਤਨ ਬਣ ਸਕਦਾ ਹੈ, ਏਨਾ ਭਾਰੂ, ਕਿ ਕਈ ਧਨੰਤਰ ਵੀ ਚੱਕਰ ਵਿੱਚ ਪੈ ਸਕਦੇ ਹਨ।

## ਪੈਨਸ਼ਨਰ ਦਿਵਸ ਦੀ ਪੈਨਸ਼ਨ ਬਹਾਲੀ ਸੰਘਰਸ਼ ਲਈ ਪ੍ਰੇਰਨਾ

ਪੈਨਸ਼ਨਰ ਦਿਵਸ 17 ਦਸੰਬਰ 'ਤੇ ਵਿਸ਼ੇਸ਼

ਅੱਜ ਦੇ ਦਿਨ ਨੂੰ ਪੈਨਸ਼ਨਰ ਦਿਵਸ ਵਜੋਂ ਮਨਾਉਣ ਦੇ ਇਤਿਹਾਸ ਬਾਰੇ ਦੱਸਣ ਲਈ ਸ੍ਰੀ ਪੀ .ਐਸ. ਨਾਕਾਰਾ ਜੋ ਡਿਫੈਂਸ ਡਿਪਾਰਟਮੇਂਟ ਚ ਵਿੱਤੀ ਸਲਾਹਕਾਰ ਵਜੋਂ ਸੇਵਾ ਮੁਕਤ ਹੋਏ ਸਨ, ਵੱਲੋਂ ਆਪਣੀ ਪੈਨਸ਼ਨ ਲਈ ਦਸ ਸਾਲ ਕਾਨੂੰਨੀ ਲੜਾਈ ਲੜ ਕੇ ਪੰਜਾਹ ਲੱਖ ਤੋਂ ਵੱਧ ਮੁਲਾਜ਼ਮਾਂ ਨੂੰ ਪੈਨਸ਼ਨ ਦਾ ਹੱਕ ਦਿਵਾਉਣ ਬਾਰੇ ਦੱਸਣਾ ਜ਼ਰੂਰੀ ਹੋ ਜਾਂਦਾ ਹੈ। ਸ੍ਰੀ ਡੀ .ਐਸ.ਨਾਕਾਰਾ ਦੇ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਦੇ ਉਸ ਸਮੇਂ ਦੇ ਚੀਫ ਜਸਟਿਸ ਸ੍ਰੀ ਯਸ਼ਵੰਤ ਰਾਓ ਚੰਦਰਚੂੜ੍ਹ ਨੇ ਖੁਦ ਕੀਤੀ ਸੀ ਜਿਹਨਾਂ ਨੇ 17 ਦਸੰਬਰ 1982 ਨੂੰ ਇਤਿਹਾਸਕ ਫੈਸਲਾ ਦਿੰਦਿਆਂ ਕਿਹਾ ਸੀ ਕਿ ਪੈਨਸ਼ਨ ਨਾ ਤਾਂ ਕੋਈ ਖੈਰਾਤ ਹੈ ਨਾ ਹੀ ਕੋਈ ਬਖਸ਼ੀਸ਼ ਹੈ ਸਗੋਂ ਇਹ ਤਾਂ ਰੁਜਗਾਰ ਦਾਤਾ ਵੱਲੋ ਆਪਣੇ ਕਰਮਚਾਰੀ ਨੂੰ ਸੇਵਾ ਕਾਲ ਦੌਰਾਨ ਉਸ ਦੁਆਰਾ ਨਿਭਾਈਆਂ ਸੇਵਾਵਾਂ ਦਾ ਫਲ ਹੈ। ਫੈਸਲੇ ਚ ਸਰਕਾਰ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਹਰ ਕਰਮਚਾਰੀ ਸੇਵਾ-ਮੁਕਤੀ ਤੋਂ ਬਾਅਦ ਸ਼ਾਂਤੀ ਪੂਰਵਕ, ਜ਼ਰੂਰੀ ਸੁਵਿਧਾਵਾਂ ਸਮੇਤ ਸਨਮਾਨਜਨਕ ਜੀਵਨ ਜੀਅ ਸਕੇ । "ਟਾਈਮਜ਼ ਆਫ ਇੰਡੀਆ "ਦੀ ਖ਼ਬਰ ਮੁਤਾਬਿਕ ਇਸ ਫੈਸਲੇ ਨੂੰ ਸਭ ਤੋਂ ਵੱਧ ਲੋਕਾਂ (ਪੰਜਾਹ ਲੱਖ ) ਨੂੰ ਲਾਭ ਦੇਣ ਵਾਲਾ ਫੈਸਲਾ ਹੋਣ ਕਰਕੇ ਗਿੰਨੀਜ਼ ਬੁੱਕ ਆਫ ਰਿਕਾਰਡ ਚ ਵੀ ਦਰਜ ਕੀਤਾ ਗਿਆ ਸੀ। ਇਹੀ ਕਾਰਨ ਹੈ ਕਿ ਇਸ ਫੈਸਲੇ ਵਾਲਾ ਦਿਨ 17 ਦਸੰਬਰ ਹਰ ਸਾਲ "ਪੈਨਸ਼ਨ ਦਿਵਸ " ਵਜੋਂ ਮਨਾਇਆ ਜਾਦਾ ਹੈ ।

ਭਾਰਤ ਸਰਕਾਰ ਨੇ 2003 ਵਿਚ ਐਨ. ਪੀ. ਐੱਸ ਐਕਟ ਪਾਸ ਕਰਕੇ ਉਸ ਸਮੇਂ ਦੀ ਏਸ਼ੀਆ ਭਰ ਦੀਆਂ ਪੈਨਸ਼ਨ ਪ੍ਰਣਾਲੀਆਂ ਚੋਂ ਸਭ ਤੋਂ ਵਧੀਆ ਪੈਨਸ਼ਨ ਪ੍ਰਣਾਲੀ ਜਾਣੀ ਜਾਂਦੀ ਭਾਰਤ ਦੀ ਪੈਨਸ਼ਨ ਸਕੀਮ (ਡਿਫਾਈਨਡ ਬੈਨੀਫਿਟ ਸਕੀਮ) ਜਾਣੀ ਕਿ ਪੁਰਾਣੀ ਪੈਨਸ਼ਨ ਸਕੀਮ ਨੂੰ ਬਦਲ ਕੇ ਨੁਕਸਾਨਦੇਹ ਸਕੀਮ ਨਵੀਂ ਪੈਨਸ਼ਨ ਸਕੀਮ,ਡਿਫਾਈਂਡ ਕੰਟਰੀਬੂਟਰੀ ਪੈਨਸ਼ਨ ਸਕੀਮ (ਡੀ ਸੀ ਐਸ) ਨੂੰ ਲਾਗੂ ਕੀਤਾ ਹੈ। ਇਸ ਨਵੀਂ ਸਕੀਮ ਨੂੰ ਨੈਸ਼ਨਲ ਪੈਨਸ਼ਨ ਸਿਸਟਮ ( ਐਨ ਪੀ ਐੱਸ ) ਕਿਹਾ ਜਾਂਦਾ ਹੈ। ਇਹ ਸਕੀਮ ਪੈਨਸ਼ਨ ਸਕੀਮ ਵਾਲਾ ਕੋਈ ਵੀ ਗੁਣ ਨਾ ਰੱਖਣ ਵਾਲੀ ਨਿਵੇਸ਼ ਸਕੀਮ ਹੀ ਹੈ। ਇਸ ਦਾ ਲਾਭ ਲੈਣ ਲਈ ਕਰਮਚਾਰੀ ਨੂੰ ਅਸਲ ਤਨਖਾਹ ਦਾ 10 % ਹਿੱਸਾ ਪੈਨਸ਼ਨ ਫੰਡ ਚ ਪਾਉਣਾ ਪੈਂਦਾ ਹੈ ਅਤੇ ਇਸ ਚ ਸਰਕਾਰ ਵੱਲੋਂ ਆਪਣਾ ਹਿੱਸਾ ਵੀ ਪਾਇਆ ਜਾਂਦਾ ਹੈ । ਇਹ ਪੈਨਸ਼ਨ ਨੂੰ ਨਿਸਚਿਤ ਕਰਨ ਦਾ ਕੋਈ ਫਾਰਮੂਲਾ ਹੀ ਨਹੀਂ ,ਇਹ ਨਿਰੋਲ ਸ਼ੇਅਰ ਮਾਰਕੀਟ ਤੇ ਹੀ ਨਿਰਭਰ ਕਰੇਗੀ । ਪੀ .ਐੱਫ .ਆਰ. ਡੀ .ਏ ਐਕਟ ਪ੍ਰਾਈਵੇਟ ਫੰਡ ਮੈਨੇਜਰਾਂ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਕਰਮਚਾਰੀਆਂ ਦੇ ਪੈਨਸ਼ਨ ਫੰਡ ਨੂੰ ਆਪਣੀ ਮਰਜੀ ਨਾਲ ਨਿਵੇਸ਼ ਕਰ ਸਕਣ। ਇਸ ਕਰਕੇ ਹੁਣ ਤਕ ਪੂਰੇ ਦੇਸ਼ ਦਾ 6 ਲੱਖ ਕਰੋੜ ਪੈਨਸ਼ਨ ਫੰਡ ਦੇ ਰੂਪ ਚ ਪ੍ਰਾਈਵੇਟ ਫੰਡ ਮੈਨੇਜਰਾਂ ਕੋਲ ਜਾ ਚੁੱਕਿਆ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਮਿਲੀ ਜਾਣਕਾਰੀ ਅਨੁਸਾਰ ਨਵੀ ਪੈਨਸ਼ਨ ਸਕੀਮ ਤਹਿਤ ਇਕ ਜਨਵਰੀ 2004 ਤੋ 31 ਮਾਰਚ 2021 ਤਕ ਕੇਵਲ ਪੰਜਾਬ ਦੇ ਕਰਮਚਾਰੀਆਂ ਦਾ ਸੀ ਪੀ ਐਫ ਦੇ ਰੂਪ ਚ 13000 ਕਰੋੜ ਰੁਪਿਆ ਕਾਰਪੋਰੇਟ ਅਦਾਰਿਆਂ ਕੋਲ ਜਾ ਚੁੱਕਿਆ ਹੈ। ਇਸ ਤਰਾ ਨਵੀ ਪੈਨਸ਼ਨ ਸਕੀਮ ਕਾਰਨ ਰਾਜਾਂ ਦਾ ਉਹ ਪੈਸਾ ਕਾਰਪੋਰੇਟ ਜਗਤ ਰਾਹੀਂ ਸ਼ੇਅਰ ਬਜਾਰ ਵਿੱਚ ਲਗ ਰਿਹਾ ਹੈ ਜਿਹੜਾ ਰਾਜ ਸਰਕਾਰਾਂ ਨੇ ਲੋਕ ਭਲਾਈ ਸਕੀਮਾਂ ਚ ਲਗਾਉਣਾ ਸੀ।

ਵੱਡੀ ਗੱਲ ਇਹ ਹੈ ਕਿ ਪੈਨਸ਼ਨ ਫੰਡ ਜਿਸ ਅਦਾਰੇ ਰਾਹੀਂ ਨਿਵੇਸ਼ ਹੋ ਰਿਹਾ ਹੈ ਉਹ ਅਦਾਰਾ 1987 ਚ ਪਬਲਿਕ ਬੈਂਕਾਂ ਅਤੇ ਬੀਮਾ ਕੰਪਨੀਆ ਦੁਆਰਾ ਸਥਾਪਿਤ ਇਨਫਰਾਸਟਰਕਚਰ ਲੀਜ਼ਿੰਗ ਐਂਡ ਫਾਇਨਲ ਸਰਵਿਸੇਜ ਹੈ ਜੋ ਲਗਭਗ 250 ਕੰਪਨੀਆ ਦੀ ਹਿੱਸੇਦਾਰੀ ਹੈ। ਆਰਥਿਕ ਮਾਹਿਰ ਅਤੇ ਕਰਮਚਾਰੀ ਸੰਗਠਨ ਇਸ ਆਦਾਰੇ ਰਾਹੀਂ ਪੈਨਸ਼ਨ ਫੰਡ ਦੇ ਨਿਵੇਸ਼ ਨੂੰ ਸੁਰੱਖਿਅਤ ਨਹੀਂ ਮੰਨਦੇ। ਇਸ ਵਿਚਲੀਆਂ ਬਹੁਤ ਕੰਪਨੀਆ ਆਪਣੀਆਂ ਦੇਣਦਾਰੀਆ ਮੋੜਨ ਤੋਂ ਵੀ ਅਸਮਰੱਥ ਹਨ। ਵੈਸੇ ਵੀ ਪੈਨਸ਼ਨ ਫੰਡ ਵਿਚ ਵੱਡੇ ਪੱਧਰ 'ਤੇ ਬੇਨਿਯਮੀਆਂ ਦੀਆਂ ਖ਼ਬਰਾਂ ਨਸ਼ਰ ਹੁੰਦੀਆਂ ਰਹੀਆਂ ਹਨ। ਦੇਸ਼ ਦੇ ਕਰੋੜਾਂ ਕਰਮਚਾਰੀਆਂ ਦਾ ਫੰਡ ਪੁਰਾਣੀ ਪੈਨਸ਼ਨ ਸਕੀਮ ਬਹਾਲ ਹੋਣ ਨਾਲ ਹੀ ਸੁਰੱਖਿਅਤ ਰਹੇਗਾ।

ਇਸ ਪੈਨਸ਼ਨ ਤੇ ਕੋਈ ਗਰੇਡ ਦੁਹਰਾਈ ਨਹੀਂ, ਮਹਿਗਾਈ ਭੱਤਾ ਜਾਂ ਪਰਿਵਾਰਿਕ ਪੈਨਸ਼ਨ ਨਹੀ ਹੈ ਜਦਕਿ ਪਹਿਲੀ ਪੁਰਾਣੀ ਪੈਨਸ਼ਨ ਵਿੱਚ ਇਹ ਸਾਰੇ ਲਾਭ ਸੁਰੱਖਿਅਤ ਸਨ ।

ਇਸ ਸਕੀਮ ਚ ਕੋਈ ਘੱਟੋ ਘੱਟ ਪੈਨਸ਼ਨ ਵੀ ਨਹੀਂ ਮਿਥੀ ਗਈ । ਜਦ ਨਵੀਂ ਪੈਨਸ਼ਨ ਸਕੀਮ ਵਾਲੇ ਸੇਵਾ ਮੁਕਤ ਕਰਮਚਾਰੀ ਆਪਣੀ ਪੈਨਸ਼ਨ ਦੋ-ਤਿੰਨ ਹਜਾਰ ਰੁਪਏ ਦੇ ਨੇੜੇ ਤੇੜੇ ਹੀ ਤਹਿ ਹੋਣ ਦੀਆਂ ਖਬਰਾਂ ਸੋਸ਼ਲ ਮੀਡੀਆ ਤੇ ਸ਼ੇਅਰ ਕਰਦੇ ਹਨ ਤਾ ਸਾਡਾ ਦਿਲ ਬੜਾ ਉਦਾਸ ਹੁੰਦਾ ਹੈ । ਦੁੱਖ ਨਾਲ ਐਨ ਪੀ ਐਸ ਨੂੰ ਭਾਵ ਨਵੀਂ ਪੈਨਸ਼ਨ ਸਕੀਮ ਨੂੰ ਨੋ ਪੈਨਸ਼ਨ ਸਕੀਮ ਕਿਹਾ ਜਾਣ ਲਗਾ ਹੈ ਮੁਲਾਜ਼ਮਾਂ ਲਈ ਇਹ ਪੈਨਸ਼ਨ ਸਕੀਮ ਨਹੀਂ ਸਗੋਂ ਇੱਕ ਪੈਨਸ਼ਨ ਸਕੈਮ ਹੈ। ਨਵੀਂ ਪੈਨਸ਼ਨ ਸਕੀਮ ਅਧੀਨ ਆਉਂਦੇ ਪੰਜਾਬ ਦੇ ਲਗਭਗ ਦੋ ਲੱਖ ਕਰਮਚਾਰੀ ਚਾਹੁੰਦੇ ਹਨ ਕਿ ਨਵੀਂ ਪੈਨਸ਼ਨ ਸਕੀਮ ਜਿਹੀ ਮੁਲਾਜ਼ਮ ਮਾਰੂ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ । ਕੇਂਦਰ ਨੇ ਇਸ ਸਕੀਮ ਨੂੰ ਰਾਜਾਂ ਲਈ ਲਾਜਮੀ ਨਹੀਂ ਕੀਤਾ ਗਿਆ ਸੀ ਸਗੋਂ ਰਾਜਾਂ ਦੀ ਮਰਜੀ ਤੇ ਛੱਡ ਦਿੱਤਾ ਸੀ। ਇਸ ਲਈ ਇਹ ਮਸਲਾ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿਚ ਹੈ । ਇਸ ਮੁੱਦੇ ਨੂੰ ਕਾਂਗਰਸ ਪਾਰਟੀ ਨੇ ਆਪਣੇ 2017 ਵਾਲੀਆਂ ਵਿਧਾਨ ਸਭਾ ਲਈ ਚੋਣਾਂ ਵਾਅਦਿਆਂ ਚ ਵੀ ਸ਼ਾਮਲ ਕੀਤਾ ਸੀ। ਇਸ ਕਰਕੇ ਇਸ ਮੰਗ ਨੂੰ ਮੰਨਣਾ ਪੰਜਾਬ ਸਰਕਾਰ ਦਾ ਨੈਤਿਕ ਫਰਜ਼ ਹੈ ।

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨਵੀਂ ਪੈਨਸ਼ਨ ਸਕੀਮ ਤਹਿਤ ਆਉਂਦੇ ਮੁਲਾਜ਼ਮਾਂ ਨੂੰ ਅੱਜ 17 ਦਸੰਬਰ ਨੂੰ ਪੈਨਸ਼ਨਰ ਦਿਵਸ ਤੇ ਯਾਦ ਕਰਵਾਉਣਾ ਚਾਹੁੰਦੀ ਹੈ ਕਿ ਉਹ ਇਸ ਗੱਲ ਨੂੰ ਦਿਮਾਗ ਚ ਨਾ ਰੱਖਣ ਕਿ ਸੱਤਾ ਤੇ ਬੈਠਾ ਹਾਕਮ ਹੀ ਸਰਬ ਉੱਚ ਹੈ ਜਿਸ ਦੀ ਮਰਜ਼ੀ ਮੁਤਾਬਕ ਕਿਸੇ ਵੀ ਕਾਨੂੰਨ ਨੂੰ ਖ਼ਤਮ ਜਾ ਸੁਰਜੀਤ ਕੀਤਾ ਜਾਂਦਾ ਹੈ ਕਿਉਂਕਿ ਕਿਸਾਨ ਸੰਘਰਸ਼ ਨੇ ਸਮਝਾਅ ਦਿੱਤਾ ਹੈ ਕਿ ਸਾਂਝਾ ਜਥੇਬੰਧਕ ਸੰਘਰਸ਼ ਕਰਕੇ ਹਰ ਤਾਨਾਸ਼ਾਹੀ ਫੁਰਮਾਨ ਵਾਪਸ ਕਰਵ-ਇਆ ਜਾ ਸਕਦਾ ਹੈ। ਲੋੜ ਹੈ ਪੂਰੇ ਭਾਰਤ ਵਿੱਚ ਨਵੀਂ ਪੈਨਸ਼ਨ ਸਕੀਮ ਵਿਰੁੱਧ ਤਕੜੇ ਸੰਘਰਸ਼ ਦੀ ਤਾਂ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਵਾਈ ਜਾ ਸਕੇ। ਡੀ ਐਸ ਨਾਕਾਰਾ ਜੀ ਅਤੇ ਉਹਨਾਂ ਦਾ ਸੰਘਰਸ਼ ਸਾਡੇ ਲਈ ਪ੍ਰੇਰਨਾ ਸਰੋਤ ਹਨ।

*-ਪ੍ਰਭਜੀਤ ਸਿੰਘ ਰਸੂਲਪੁਰ*

## ਕਵੀਸ਼ਰੀ ਦਾ ਯੁੱਗ-ਪੁਰਸ਼ ਸੀ 'ਕਵੀਸ਼ਰ ਬਲਵੰਤ ਸਿੰਘ ਪਮਾਲ'

-ਸਵਰਨ ਸਿੰਘ ਸਿਵੀਆ-

ਪੰਜਾਬੀ-ਕਾਵਿ ਵਿੱਚੋਂ ਕਵੀਸ਼ਰੀ ਕਲਾ ਦਾ ਇੱਕ ਅਪਣਾ ਹੀ ਨਿਵੇਕਲਾ ਸਥਾਨ ਹੈ ਜੋ ਸਾਡੇ ਪੁਰਖਿਆਂ ਨੇ ਪੀੜ੍ਹੀ ਦਰ ਪੀੜ੍ਹੀ ਪੂਰੀ ਇਖਲਾਕੀ ਜ਼ਿੰਮੇਵਾਰੀ 'ਤੇ ਖਾਨਦਾਨੀ ਪਹਿਰਾ ਦਿੰਦੇ ਹੋਇਆਂ ਪੂਰੀ ਪੁਖਤਗੀ ਅਤੇ ਇਮਾਨਦਾਰੀ ਨਾਲ਼ ਬਿਨਾਂ ਕਿਸੇ ਸੰਸਥਾ ਦੇ ਦਿਸ਼ਾ-ਨਿਰਦੇਸ਼ ਦੇ ਭਲੀਭਾਂਤ ਸੰਭਾਲ਼ਕੇ ਰੱਖੀ ਹੈ ਜਿਸ ਵਿੱਚ ਪੰਜਾਬ ਦੇ ਪੁਰਾਤਨ ਇਤਿਹਾਸ ਤੋਂ ਲੈ ਕੇ ਭਗਤੀ-ਮਾਰਗ ਤੋਂ ਅੱਗੇ ਇਸ਼ਕ-ਮਜ਼ਾਜੀ ਦੇ ਕਿਸਿਆਂ ਤੋਂ ਲੈ ਕੇ ਦੇਸ਼-ਭਗਤੀ ਵਰਗੇ ਅਨੇਕਾਂ ਰੰਗਾਂ ਨਾਲ਼ ਸਰਸ਼ਾਰ ਰਹੀ ਹੈ। ਕਵੀਸ਼ਰੀ ਪੰਜਾਬੀ ਲੋਕ-ਗਾਇਕੀ ਦਾ ਇੱਕ ਖ਼ਾਸ ਜੋਸ਼ੀਲਾ ਅੰਦਾਜ਼ ਹੈ ਜਿਸ ਵਿੱਚ ਕਿਸੇ ਕਿਸਮ ਦੇ ਸਾਜ਼ਾਂ ਦੀ ਕੋਈ ਵਰਤੋਂ ਨਹੀਂ ਕੀਤੀ ਜਾਂਦੀ ਬਲਕਿ ਗਾਇਕ ਹੀ ਸਾਜ਼ਾਂ ਦੀ ਘਾਟ ਨੂੰ ਪੂਰਾ ਕਰਦੇ ਹਨ। ਅਸਲ ਵਿੱਚ ਆਮ ਤੌਰ 'ਤੇ ਕਵੀਸ਼ਰੀ ਬਿਨਾਂ ਕਿਸੇ ਸੰਗੀਤਕ ਸਾਜ਼ ਤੋਂ ਗਾਈ ਜਾਂਦੀ ਹੈ। ਇਸ ਦਾ ਜਨਮ ਪੰਜਾਬ ਦੀ ਜ਼ਰਖੇਜ਼ ਮਾਲਵੇ ਦੀ ਧਰਤੀ 'ਤੇ ਹੋਇਆ। ਇੱਥੇ ਉੱਚੀ ਅਤੇ ਲਚਕਦਾਰ ਅਵਾਜ਼ ਵਿੱਚ ਛੰਦ-ਬੱਧ ਕਵਿਤਾ ਗਾਉਣ ਨੂੰ ਕਵੀਸ਼ਰੀ ਆਖਦੇ ਹਨ। ਜੋ ਆਦਮੀ ਕਵੀਸ਼ਰੀ ਲਿਖਦਾ ਜਾਂ ਗਾਉਂਦਾ ਹੈ ਉਸਨੂੰ ਕਵੀਸ਼ਰ ਆਖਦੇ ਹਨ। ਕਵੀਸ਼ਰੀ ਆਮ ਤੌਰ 'ਤੇ ਮੇਲਿਆਂ, ਦੀਵਾਨਾ, ਵਿਆਹਾਂ ਅਤੇ ਮਹਿਫ਼ਲਾਂ ਆਦਿ ਵਿੱਚ ਗਾਈ ਜਾਂਦੀ ਹੈ। ਕਵੀਸ਼ਰੀ ਨੂੰ ਜੋਟੀ ਦੇ ਰੂਪ 'ਚ ਗਾਇਆ ਜਾਂਦਾ ਹੈ।

ਜਦੋਂ ਵੀ ਪਮਾਲ਼, ਜ਼ਿਲ੍ਹਾ ਲੁਧਿਆਣਾ, ਦਾ ਜ਼ਿਕਰ ਚੱਲੇਗਾ ਤਾਂ ਦੋ ਗੁਰਸਿੱਖ ਚਿਹਰੇ ਅੱਖਾਂ ਦੇ ਸਾਹ-ਮਣੇ ਆਉਣਗੇ ਉਹ ਹਨ: ਕਵੀਸ਼ਰ ਬਲਵੰਤ ਸਿੰਘ ਪਮਾਲ਼ ਅਤੇ ਉਸ ਦਾ ਫਰਜ਼ੰਦ ਸਿਰਮੌਰ ਢਾਡੀ ਰਛਪਾਲ ਸਿੰਘ ਪਮਾਲ਼।

ਕਵੀਸ਼ਰ ਬਲਵੰਤ ਸਿੰਘ ਪਮਾਲ਼ ਦਾ ਜਨਮ 30 ਜੁਲਾਈ, 1930 ਨੂੰ ਲੁਧਿਆਣੇ ਸ਼ਹਿਰ ਦੇ ਲਹਿੰਦੇ ਪਾਸੇ ਵਸੇ ਪਿੰਡ ਪਮਾਲ਼ ਵਿਖੇ ਪਿਤਾ ਸ੍ਰ: ਬਚਨ ਸਿੰਘ ਅਤੇ ਮਾਤਾ ਸੰਤ ਕੌਰ ਦੇ ਗ੍ਰਹਿ ਵਿਖੇ ਹੋਇਆ। ਸ੍ਰ: ਬਲਵੰਤ ਸਿੰਘ ਅਪਣੇ ਚਾਰ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਆਪ ਸਕੂਲੀ ਵਿੱਦਿਆ ਸਿਰਫ਼ ਪੰਜ ਜਮਾਤਾਂ ਤੱਕ ਹੀ ਹਾਸਲ ਕਰ ਸਕੇ, ਪਰ ਆਪ ਜੀ ਦੀ ਮਾਤਾ ਸਰਦਾਰਨੀ ਸੰਤ ਕੌਰ ਜੀ ਨੇ ਆਪ ਜੀ ਨੂੰ ਸਾਧੂ-ਸੰਤਾਂ ਅਤੇ ਗੁਰੂਆਂ-ਪੀਰਾਂ ਦੀਆਂ ਸਾਖੀਆਂ ਸੁਣਾ ਕੇ ਆਪ ਜੀ ਦੇ ਅੰਦਰ ਪੰਜਾਬੀ ਕਿਸਾਕਾਰੀ ਦਾ ਇੱਕ ਅਜਿਹਾ ਜਾਗ ਲਗਾਇਆ ਕਿ ਆਪ ਜੀ ਦੇ ਅੰਦਰ ਪੰਜਾਬੀ ਕਵਿਤਾ ਇੱਕ ਝਰਨੇ ਵਾਂਗੂੰ ਫੁੱਟਣ ਲੱਗ ਪਈ। 'ਹੋਣਹਾਰ ਬਿਰਵਾਨ ਕੇ ਹੋਤ ਚੀਕਨੇ ਪਾਤ' - ਇਹ ਕਹਾਵਤ ਸ੍ਰ: ਬਲਵੰਤ ਸਿੰਘ ਪਮਾਲ਼ ਤੇ ਬਿਲਕੁੱਲ ਫਿੱਟ ਬੈਠਦੀ ਹੈ। ਸੋਨੇ 'ਤੇ ਸੁਹਾਗੇ ਵਾਲ਼ੀ ਇੱਕ ਗੱਲ ਇਹ ਹੋ ਗਈ ਕਿ ਆਪ ਜੀ ਦੇ ਦਾਦਾ ਜੀ ਵੀ ਗਾਉਂਦੇ ਸਨ, ਜਿਸ ਨਾਲ਼ ਆਪ ਜੀ ਦੇ ਅੰਦਰ ਪਿਤਾ-ਪੁਰਖੀ ਗਾਇਕੀ ਨੇ ਇੱਕ ਬੀਜ ਦੇ ਅੰਕੁਰ ਦਾ ਕੰਮ ਕੀਤਾ ਜਿਸ ਦੀ ਗਾਇਕੀ ਦੇ ਬੂਟੇ ਨੇ ਆਪ-ਮੁਹਾਰੇ ਪੰਖੜੀਆਂ ਕੱਢ ਲਈਆਂ ਸਨ ਜਿਸ ਦੀ ਸੁਚੱਜੀ ਦੇਖ-ਰੇਖ ਲਈ ਸ੍ਰ: ਬਲਵੰਤ ਸਿੰਘ ਪਮਾਲ਼ ਜੀ ਨੇ ਬਚਪਨ ਵਿੱਚ ਅਪਣੇ ਗੁਆਂਢੀ ਪਿੰਡ ਬੱਦੋਵਾਲ ਦੇ ਨਾਮਵਰ ਕਵੀਸ਼ਰ ਸ੍ਰ: ਅਜਾਇਬ ਸਿੰਘ ਜੀ ਨੂੰ ਅਪਣਾ ਉਸਤਾਦ ਧਾਰਨ ਕਰ ਲਿਆ ਅਤੇ ਉਨ੍ਹਾਂ ਦੇ ਨਾਲ਼ ਹੀ ਕਵੀਸ਼ਰੀ ਵੀ ਗਾਉਣ ਲੱਗ ਪਏ।

ਸ੍ਰ: ਬਲਵੰਤ ਸਿੰਘ ਪਮਾਲ਼ ਅਪਣੀ ਸਿਰਫ਼ 15 ਸਾਲ ਦੀ ਉਮਰ ਵਿੱਚ ਅਪਣੇ ਉਸਤਾਦ ਸ੍ਰ: ਅਜਾਇਬ ਸਿੰਘ ਜੀ ਨੂੰ ਅਪਣੇ ਦੁਆਰਾ ਰਚਿਤ ਰਮਾਇਣ ਕਵੀਸ਼ਰੀ ਦੇ ਰੂਪ ਵਿੱਚ ਸੁਣਾਈ ਜਿਸ ਨੂੰ ਸੁਣਕੇ ਉਹ ਦੰਗ ਰਹਿ ਗਏ। ਉਸ ਤੋਂ ਬਾਅਦ ਪਮਾਲ਼ ਸਾਹਿਬ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅਪਣੇ ਮਨ ਦੇ ਵਲਵਲਿਆਂ ਰਾਹੀਂ ਉਮਡ ਰਹੀ ਅਥਾਹ ਕਵਿਤਾ ਨੂੰ ਕੋਰੜੇ, ਦਵੱਈਏ, ਦੋਹਰੇ, ਬੈਂਤ, ਕਲੀ, ਡਿਊਢੇ, ਢਾਈਏ, ਕਾਫੀ, ਦੋਤਾਰਾ, ਜੰਗਲ਼ਾ, ਝੋਕ, ਟਰਲ, ਰੁਬਾਈ ਅਤੇ ਦੁੱਖ-ਹਰਨ ਛੰਦਾਂ ਵਿੱਚ ਦਬੋਚਣਾ ਸ਼ੁਰੂ ਕਰ ਦਿੱਤਾ। ਜਦੋਂ ਆਪ ਜੀ ਪਾਸ ਅਪਣੀਆਂ ਲਿਖੀਆਂ ਅਨੇਕਾਂ ਲੜੀਵਾਰ ਕਵੀਸ਼ਰੀਆਂ ਹੋ ਗਈਆਂ ਤਾਂ ਆਪ ਜੀ ਨੇ ਅਪਣੇ ਹੀ ਪਿੰਡ ਦੇ



ਬਲਵੰਤ ਸਿੰਘ ਪਮਾਲ

ਦੋ ਸੁਰੀਲੇ ਬੋਲਾਂ ਵਾਲ਼ੇ ਪਾਸ਼ੂ ਮੁੰਡਿਆਂ ਸ੍ਰ: ਗੁਰਦੇਵ ਸਿੰਘ ਅਤੇ ਸ੍ਰ: ਸਾਧੂ ਸਿੰਘ ਜੀ ਹੋਰਾਂ ਨੂੰ ਲੈ ਕੇ ਅਪਣਾ ਪਮਾਲ਼ ਵਾਲਾ ਕਵੀਸ਼ਰੀ ਜੱਥਾ ਬਣਾ ਲਿਆ। ਇਹ ਕਵੀਸ਼ਰੀ ਕਲਾ ਦਾ ਇੱਕ ਸੁਨਹਿਰੀ ਦੌਰ ਸੀ ਜਦੋਂ ਸਰੋਤੇ ਕਵੀਸ਼ਰਾਂ ਨੂੰ ਬਿਨਾਂ ਕਿਸੇ ਲਾਊਡ ਸਪੀਕਰ ਦੇ ਅਖਾੜੇ ਦੇ ਰੂਪ ਵਿੱਚ ਜ਼ਮੀਨ 'ਤੇ ਬਹਿ ਕੇ ਇੱਕ-ਮਨ ਇੱਕ-ਚਿੱਤ ਹੋ ਕੇ ਬੜੀ ਸ਼ਰਧਾ ਪੂਰਵਕ ਸੁਣਦੇ ਸਨ। ਕਵੀਸ਼ਰ ਬਲਵੰਤ ਸਿੰਘ ਜੀ ਨੇ ਜਦੋਂ ਅਪਣਾ ਕਵੀਸ਼ਰੀ ਜੱਥਾ ਸ਼ੁਰੂ ਕੀਤਾ ਸੀ ਉਨ੍ਹਾਂ ਵੇਲ਼ਿਆਂ ਵਿੱਚ ਪੰਜਾਬ ਦੇ ਨਾਮਵਰ ਕਵੀਸ਼ਰ ਕਰਨੈਲ ਸਿੰਘ ਪਾਰਸ (ਰਾਮੂੰਵਾਲੀਆ) ਅਤੇ ਰਣਜੀਤ ਸਿੰਘ ਸਿੱਧਵਾਂ ਦੇ ਢਾਡੀ ਜੱਥੇ ਨੇ ਕਵੀਸ਼ਰੀ ਦੇ ਖੇਤਰ ਵਿੱਚ ਨੇਹਰੀ ਲਿਆਂਦੀ ਪਈ ਸੀ ਅਤੇ ਦੋਆਬੇ ਦੇ ਖੇਤਰ ਵਿੱਚ ਜੋਗਾ ਸਿੰਘ ਜੋਗੀ ਜੀ ਦਾ ਕਵੀਸ਼ਰੀ ਜੱਥਾ ਯਤਨਸ਼ੀਲ ਸੀ। ਅਪਣੀ ਦਮਦਾਰ ਕਵੀਸ਼ਰੀ ਦੇ ਬੋਲਾਂ ਅਤੇ ਸੁਰੀਲੇ ਜੱਥੇ ਦੇ ਸਦਕਾ ਕਵੀਸ਼ਰ ਬਲਵੰਤ ਸਿੰਘ ਪਮਾਲ਼ ਸਾਹਿਬ ਨੇ ਕਵੀਸ਼ਰੀ ਦੇ ਰੰਗ ਵਿੱਚ ਅਪਣਾ ਵਿਲੱਖਣ ਮੁਕਾਮ ਬਣਾ ਲਿਆ। ਉਨ੍ਹਾਂ ਦਿਨਾਂ ਵਿੱਚ ਐੱਚ.ਐੱਮ.ਵੀ. (ਹਿਜ਼ ਮਾਸਟਰਜ਼ ਵਾਇਸ/ਕੁੱਤਾ ਮਾਰਕਾ) ਤੋਂ ਪ੍ਰਮਾਣਿਤ ਕਲਾਕਾਰ ਹੋਣਾ ਅਪਣੇ-ਆਪ ਵਿੱਚ ਇੱਕ ਬਹੁਤ ਵੱਡੀ ਪ੍ਰਾਪਤੀ ਹੁੰਦੀ ਸੀ। ਕਵੀਸ਼ਰ ਬਲਵੰਤ ਸਿੰਘ ਪਮਾਲ਼ ਨੇ ਐੱਚ.ਐੱਮ.ਵੀ. ਕੰਪਨੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ, ਪੂਰਨ ਭਗਤ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ ਅਤੇ ਹੀਰ ਰਾਂਝੇ ਦੇ ਪ੍ਰਸੰਗ ਰਿਕਾਰਡ ਕਰਵਾ ਕੇ ਕਵੀਸ਼ਰੀ ਦੇ ਖੇਤਰ ਵਿੱਚ ਅਪਣੇ ਕਵੀਸ਼ਰੀ ਜੱਥੇ ਦੇ ਨਾਮ ਦਾ ਇੱਕ ਤਹਿਲਕਾ ਮਚਾ ਦਿੱਤਾ ਸੀ।

ਕਵੀਸ਼ਰ ਬਲਵੰਤ ਸਿੰਘ ਪਮਾਲ਼ ਸਾਹਿਬ ਜੀ ਨੂੰ ਦੂਰਦਰਸ਼ਨ, ਦਿੱਲੀ ਤੋਂ ਕਵੀਸ਼ਰੀ ਰੰਗ ਵਿੱਚ ਦੇਸ਼-ਭਗਤੀ (ਸ਼ਹੀਦ ਭਗਤ ਸਿੰਘ) ਦੇ ਪ੍ਰਸੰਗ ਗਾਉਣ ਦਾ ਮਾਣ ਹਾਸਿਲ ਹੈ। ਆਪ ਜੀ ਦੇ ਜੱਥੇ ਨੇ ਜਲੰਧਰ ਦੂਰਦਰਸ਼ਨ ਤੋਂ ਅਨੇਕਾਂ ਵਾਰ ਅਪਣੀ ਕਵੀਸ਼ਰੀ ਦੀ ਕਲਾ ਦਾ ਲੋਹਾ ਮਨਵਾਇਆ ਹੈ। ਆਪ ਜੀ ਦੀ ਕਵੀਸ਼ਰੀ ਦੀ ਚੜ੍ਹਦੀਕਲਾ ਸਮੇਂ ਆਪ ਜੀ ਦੀ ਸ਼ਾਦੀ ਪਿੰਡ ਫੱਲੇਵਾਲ ਦੇ ਸ੍ਰ: ਬੰਤਾ ਸਿੰਘ ਜੀ ਦੀ ਬੇਟੀ ਸ੍ਰੀਮਤੀ ਮਹਿੰਦਰ ਕੌਰ ਜੀ ਨਾਲ਼ ਹੋਈ। ਆਪ ਜੀ ਦੇ ਘਰ ਚਾਰ ਬੇਟੀਆਂ ਅਤੇ ਇੱਕ ਬੇਟੇ (ਅੱਜ ਦੇ ਪ੍ਰਸਿੱਧ ਢਾਡੀ ਸ੍ਰ: ਰਛਪਾਲ ਸਿੰਘ ਪਮਾਲ਼) ਨੇ ਜਨਮ ਲਿਆ।

ਕਵੀਸ਼ਰ ਬਲਵੰਤ ਸਿੰਘ ਪਮਾਲ਼ ਜੀ ਨੇ ਕਈ ਮਹਾ-ਕਾਵਿ ਵੀ ਲਿਖਕੇ ਪੰਜਾਬੀ ਮਾਂ-ਬੋਲੀ ਦੀ ਝੋਲ਼ੀ ਵਿੱਚ ਪਾ ਕੇ ਅਪਣੀ ਮਾਂ-ਬੋਲੀ ਨੂੰ ਦੇ ਘੇਰੇ ਨੂੰ ਹੋਰ ਵੀ ਵਿਸ਼ਾਲ ਕੀਤਾ ਹੈ ਜਿਨ੍ਹਾਂ ਉੱਪਰ ਕਈ ਖੋਜ ਪੱਤਰਾਂ ਦੇ ਅਧਾਰ 'ਤੇ ਥੀਸਿਜ਼ ਲਿਖੇ ਜਾ ਸਕਦੇ ਹਨ।

ਪੰਜਾਬ ਦਿਆਂ ਮੇਲਿਆਂ, ਤੀਰਥ ਅਸਥਾਨਾਂ ਅਤੇ ਵਿਆਹ-ਸ਼ਾਦੀਆਂ 'ਤੇ ਕੋਈ ਚਾਰ ਦਹਾਕੇ ਅਪਣੀ ਕਵੀਸ਼ਰੀ ਦੀਆਂ ਮਿੱਠੀਆਂ ਸੁਰਾਂ ਨੂੰ ਪੰਜਾਬ ਦੀ ਫਿਜ਼ਾ ਵਿੱਚ ਬਿਖੇਰਦਾ ਹੋਇਆ ਇਹ ਮਾਣ-ਮੱਤਾ ਸ਼੍ਰੋਮਣੀ ਕਵੀਸ਼ਰ ਬਲਵੰਤ ਸਿੰਘ ਪਮਾਲ਼ ਮਿਤੀ 13 ਦਸੰਬਰ, 1988 ਨੂੰ ਪਿੰਡ ਖੋਸਾ ਪਾਂਡੋ (ਮੋਗਾ)ਵਿੱਚ ਪੂਰਾ ਦਿਨ ਨਗਰ-ਕੀਰਤਨ ਵਿੱਚ ਅਪਣੇ ਕਵੀਸ਼ਰੀ-ਜੱਥੇ ਨਾਲ਼

ਸੇਵਾਵਾਂ ਨਿਭਾਅ ਕੇ ਸ਼ਾਮ ਦੇ ਅੱਠ ਵਜੇ ਅਪਣੇ ਪਿੰਡ ਦੇ ਪਾਸ਼ੂ ਸਾਥੀਆਂ ਨਾਲ਼ 35 ਸਾਲ ਦਾ ਲੰਬਾ ਅਰਸਾ ਸਾਥ ਨਿਭਾ ਕੇ ਅਪਣੇ ਪਰਿਵਾਰ ਅਤੇ ਕਵੀਸ਼ਰੀ ਕਲਾ ਦੇ ਸ਼ੁਦਾਈ ਸਮੂਹ ਸਰੋਤਾ-ਜਨ ਨੂੰ ਆਖਰੀ ਗੁਰ-ਫਤਹਿ ਗੁਜ਼ਾਰ ਕੇ ਨੂਰਾਨੀ ਜੋਤ ਵਿੱਚ ਬ੍ਰਹਮਲੀਨ ਹੋ ਗਏ।

ਰਛਪਾਲ ਸਿੰਘ ਪਮਾਲ਼ ਸਾਹਿਬ ਸ਼੍ਰੋਮਣੀ ਕਵੀਸ਼ਰ ਬਲਵੰਤ ਸਿੰਘ ਪਮਾਲ਼ ਸਾਹਿਬ ਜੀ ਇਕਲੌਤੇ ਸਪੁੱਤਰ ਹਨ ਜੋ ਢਾਡੀ ਕਲਾ ਦੀ ਛੰਦਾਬੰਦੀ ਵਾਲੀ ਪੁਰਾਤਨ ਪਰੰਪਰਾ ਨੂੰ ਦੁਨੀਆਂ ਦੇ ਕੋਨੇ-ਕੋਨੇ ਬਹੁਤ ਹੀ ਮਿਹਨਤ ਨਾਲ ਪਹੁੰਚਾ ਰਹੇ ਹਨ।

## ਹਲਕਾ ਫੁਲਕਾ

ਇੱਕ ਸ਼ਰਾਬੀ ਛੱਤ ਤੋਂ ਹੇਠਾਂ ਡਿੱਗ ਪਿਆ, ਸਭ ਲੋਕ ਭੱਜੇ ਆਏ ਅਤੇ ਪੁੱਛਣ ਲੱਗੇ, ''ਭਰਾ ਕੀ ਹੋਇਆ?''

ਸ਼ਰਾਬੀ, ''ਪਤਾ ਨਹੀਂ ਜੀ, ਮੈਂ ਵੀ ਅਜੇ ਹੇਠਾਂ ਆਇਆ ਹੀ ਹਾਂ।''

*******

ਪੱਪੂ ਆਪਣੀ ਪਤਨੀ ਨਾਲ ਸਟੇਸ਼ਨ ਉੱਤੇ ਟਰੇਨ ਦਾ ਇੰਤਜ਼ਾਰ ਕਰ ਰਿਹਾ ਸੀ, ਉਦੋਂ ਇੱਕ ਗੱਡੀ ਆਈ, ਜਿਸ ਉੱਤੇ ਲਿਖਿਆ ਸੀ 'ਬੌਂਬੇ ਮੇਲ'।

ਪੱਪੂ ਭੱਜ ਕੇ ਟਰੇਨ ਵਿੱਚ ਚੜ੍ਹ ਗਿਆ ਤੇ ਆਪਣੀ ਪਤਨੀ ਨੂੰ ਬੋਲਿਆ, ''ਜਦੋਂ 'ਬੌਂਬੇ ਫੀਮੇਲ' ਆਵੇਗੀ, ਤੂੰ ਉਸ ਵਿੱਚ ਆ ਜਾਵੀਂ।''



*******

ਸਕੂਟਰ ਵਿੱਚ ਤੇਲ ਭਰਾਉਣ ਗਏ ਰਾਜੂ ਨੇ ਉਥੇ ਲਿਖਿਆ ਦੇਖਿਆ, ''ਕਿਰਪਾ ਕਰ ਕੇ ਮੋਬਾਈਲ ਦੀ ਵਰਤੋਂ ਨਾ ਕਰੋ।'' ਰਾਜੂ ਨੇ ਤੁਰੰਤ ਮੋਬਾਈਲ ਕੱਢਿਆ ਤੇ ਸਾਰਿਆਂ ਨੂੰ ਫੋਨ ਕੀਤਾ, ''ਯਾਰ ਕਾਲ ਨਾ ਕਰਨਾ। ਮੈਂ ਪੈਟਰੋਲ ਪੰਪ ਉੱਤੇ ਹਾਂ।''

## ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਵਿੱਚ ਗੁਟਕਾ ਸਾਹਿਬ ਸੁੱਟਣ ਵਾਲਾ ਪੁਲਸ ਦੇ ਹਵਾਲੇ

ਅੰਮ੍ਰਿਤਸਰ, 16 ਦਸੰਬਰ (ਪੋਸਟ ਬਿਊਰੋ)- ਸ੍ਰੀ ਦਰਬਾਰ ਸਾਹਿਬ ਵਿਖੇ ਕੱਲ੍ਹ ਇੱਕ ਨੌਜੁਆਨ ਨੇ ਗੁਰਬਾਣੀ ਦਾ ਗੁਟਕਾ ਸਾਹਿਬ ਸਰੋਵਰ ਵਿੱਚ ਸੁੱਟ ਦਿੱਤਾ, ਜਿਸ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਰਣਬੀਰ ਸਿੰਘ ਨਾਮੀਂਇਹ ਨੌਜੁਆਨ ਸਿਰ ਤੋਂ ਮੋਨਾ ਹੈ। ਉਸ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਦੌਰਾਨ ਗੁਟਕਾ ਸਾਹਿਬ ਜੇਬ ਤੋਂ ਕੱਢ ਕੇ ਸਰੋਵਰ ਵਿੱਚ ਸੁੱਟ ਦਿੱਤਾ, ਜਿਸ ਨੂੰ ਉਥੇ ਡਿਊਟੀ ਵਾਲੇ ਮੁਲਾਜ਼ਮਾਂ ਨੇ ਕਾਬੂ ਕਰ ਕੇ ਪੁਲਸ ਦੇ ਹਵਾਲੇ ਕਰ ਦਿੱਤਾ।ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾ ਕਿਹਾ ਕਿ ਇਹ ਘਟਨਾ ਅਚਾਨਕ ਨਹੀਂ ਵਾਪਰੀ, ਸੋਚੀ ਸਮਝੀ ਸਾਜ਼ਿਸ਼ ਹੈ, ਜੋ ਸਿੱਖਾਂ ਦੀਆਂ ਭਾਵਨਾਵਾਂ ਭੜਕਾ ਕੇ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰਨ ਦਾ ਯਤਨ ਹੈ। ਉਨ੍ਹਾਂ ਪੁਲਸ ਤੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਸਾਹਮਣੇ ਲਿਆ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ, ਕਿਉਂਕਿ ਪਹਿਲਾਂ ਵੀ ਵੱਖ-ਵੱਖ ਥਾਵਾਂ ਉੱਤੇ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਸਰਕਾਰਾਂ ਵੱਲੋਂ ਦੋਸ਼ੀਆਂ ਦੇ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਸਾਹਮਣੇ ਨਹੀਂ ਲਿਆਂਦਾ ਜਾਂਦਾ ਅਤੇ ਘਟਨਾਵਾਂ ਵਾਪਰ ਰਹੀਆਂ ਹਨ।

## 82 ਸਾਲਾ ਬਜ਼ੁਰਗ ਦੇ ਰਿਟਾਇਰਮੈਂਟ ਬੈਨੀਫਿਟਸ ਨਾ ਦੇਣ ਉੱਤੇ ਚਾਰ ਅਫਸਰਾਂ ਦੀ ਸਰਕਾਰੀ ਗੱਡੀ ਅਟੈਚ

ਚੰਡੀਗੜ੍ਹ, 16 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਦਾ ਇੱਕ 82 ਸਾਲਾ ਰਿਟਾਇਰਡ ਮੁਲਾਜ਼ਮ ਆਪਣੇ ਸੇਵਾ ਮੁਕਤੀ ਦੇ ਲਾਭ ਲੈਣ ਲਈ ਬੀਤੇ ਕਈ ਸਾਲਾਂ ਤੋਂ ਕੋਰਟ ਦੇ ਚੱਕਰ ਲਾ ਰਿਹਾ ਸੀ। ਚਾਰ ਸਾਲ ਪਹਿਲਾਂ ਉਸ ਦੇ ਹੱਕ ਵਿੱਚ ਕੋਰਟ ਨੇ ਫੈਸਲਾ ਸੁਣਾ ਦਿੱਤਾ, ਪ੍ਰੰਤੂ ਪੰਜਾਬ ਸਰਕਾਰ ਨੇ ਅਜੇ ਤਕ ਉਸ ਨੂੰ ਉਸ ਦਾ ਹੱਕ ਨਹੀਂ ਦਿੱਤਾ। ਕੱਲ੍ਹ ਡਿਸਟ੍ਰਿਕਟ ਕੋਰਟ ਨੇ ਸਰਕਾਰ ਉੱਤੇ ਸਖਤੀ ਦਿਖਾਉਂਦੇ ਹੋਏ ਪੰਜਾਬ ਦੇ ਡਾਇਰੈਕਟਰ ਹੈਲਥ ਸਰਵਿਸਿਜ਼ ਦੀ ਸਰਕਾਰੀ ਗੱਡੀ ਅਟੈਚ ਕਰਨ ਦਾ ਫੈਸਲਾ ਸੁਣਾਇਆ ਅਤੇ ਡਿਪਾਰਟਮੈਂਟ ਦੀ ਤਨਖਾਹ ਵੀ ਅਟੈਚ ਕਰਨ ਦੇ ਹੁਕਮ ਦਿੱਤੇ ਹਨ।

ਕੋਰਟ ਨੇ ਹੈਲਥ ਡਿਪਾਰਟਮੈਂਟ ਦੇ ਤਿੰਨ ਅਫਸਰਾਂ ਦੀਆਂ ਗੱਡੀਆਂ ਅਟੈਚ ਕਰ ਦਿੱਤੀਆਂ ਹਨ। ਮਾਮਲੇ ਦੀ ਅਗਲੀ ਸੁਣਵਾਈ ਸੱਤ ਫਰਵਰੀ 2022 ਨੂੰ ਹੋਵੇਗੀ। ਜੇ ਓਦੋਂ ਤੱਕ ਵੀ ਡਿਪਾਰਟਮੈਂਟ ਨੇ ਓਮ ਪ੍ਰਕਾਸ਼ ਸੈਣੀ ਨੂੰ ਉਨ੍ਹਾਂ ਦੇ ਸੇਵਾ ਮੁਕਤੀ ਦੇ ਲਾਭ ਨਾ ਦਿੱਤੇ ਤਾਂ ਸਰਕਾਰੀ ਅਫਸਰਾਂ ਦੀਆਂ ਗੱਡੀਆਂ ਨੂੰ ਸੇਲ ਕਰਨ ਦਾ ਨੋਟਿਸ ਜਾਰੀ ਕੀਤਾ ਜਾਏਗਾ। ਓਮ ਪ੍ਰਕਾਸ਼ ਸੈਣੀ ਦਾ ਕੇਸ ਲੜ ਰਹੇ ਵਕੀਲ ਟੀ ਐਸ ਸੂਦਨ ਨੇ ਦੱਸਿਆ ਕਿ ਸੈਣੀ ਨੇ 1962 ਵਿੱਚ ਪੰਜਾਬ ਸਿਹਤ ਵਿਭਾਗ ਵਿੱਚ ਬਤੌਰ ਕਲਰਕ ਨੌਕਰੀ ਸ਼ੁਰੂ ਕੀਤੀ ਸੀ। ਉਸ ਨੂੰ ਕਲਰਕ ਤੋਂ ਅਸਿਸਟੈਂਟ ਅਤੇ ਫਿਰ ਸੁਪਰਡੈਂਟ ਗ੍ਰੇਡ-2 ਦੇ ਅਹੁਦੇ ਉੱਤੇ ਪ੍ਰਮੋਟ ਕੀਤਾ ਗਿਆ, ਪਰ ਸਤੰਬਰ 1995 ਵਿੱਚ ਉਸ ਨੂੰ ਕੇਸ ਵਿੱਚ ਫਸਾ ਕੇ ਸਸਪੈਂਡ ਕਰ ਦਿੱਤਾ ਗਿਆ। ਉਸ ਦੇ ਖਿਲਾਫ ਜਾਂਚ ਚੱਲਦੀ ਦੌਰਾਨ ਉਹ ਰਿਟਾਇਰ ਹੋ ਗਿਆ। ਜਾਂਚ ਦੇ ਬਾਅਦ ਉਸ ਦੇ ਰਿਟਾਇਰਮੈਂਟ ਲਾਭ ਰੋਕ ਦਿੱਤੇ ਗਏ। ਸੈਣੀ ਨੇ ਅਪੀਲ ਕੀਤੀ ਤਾਂ ਉਨ੍ਹਾਂ ਨੂੰ ਬਹਾਲ ਕਰ ਦਿੱਤਾ ਗਿਆ, ਪ੍ਰੰਤੂ ਉਸ ਦੇ ਲਾਭ ਨਹੀਂ ਦਿੱਤੇ ਗਏ। ਇਸ ਉੱਤੇ ਸੈਣੀ ਨੇ 2012 ਵਿੱਚ ਪੰਜਾਬ ਸਿਹਤ ਵਿਭਾਗ ਦੇ ਖਿਲਾਫ ਸਿਵਲ ਕੇਸ ਫਾਈਲ ਕਰ ਦਿੱਤਾ। 2017 ਵਿੱਚ ਕੋਰਟ ਨੇ ਸੈਣੀ ਦੇ ਹੱਕ ਵਿੱਚ ਫੈਸਲਾ ਦਿੱਤਾ ਅਤੇ ਉਨ੍ਹਾਂ ਨੂੰ ਵਿਆਜ ਦੇ ਨਾਲ ਰਿਟਾਇਰਮੈਂਟ ਲਾਭ ਦੇਣ ਨੂੰ ਕਿਹਾ, ਪਰ ਦੋ ਸਾਲ ਬੀਤਣ ਉੱਤੇ ਵੀ ਡਿਪਾਰਟਮੈਂਟ ਨੇ ਕੋਰਟ ਦਾ ਆਰਡਰ ਨਹੀਂ ਮੰਨਿਆ। ਇਸ ਦੇ ਬਾਅਦ ਸੈਣੀ ਨੇ ਡਿਪਾਰਟਮੈਂਟ ਖਿਲਾਫ 2019 ਵਿੱਚ ਐਗਜੀਕਿਊਸ਼ਨ ਪਟੀਸ਼ਨ ਫਾਈਲ ਕਰ ਦਿੱਤੀ। ਇਸ ਉੱਤੇ ਕੋਰਟ ਨੇ ਸਖਤੀ ਦਿਖਾਉਂਦੇ ਹੋਏ ਡਾਇਰੈਕਟਰ ਹੈਲਥ ਸਰਵਿਸਿਜ਼ ਸਮੇਤ ਚਾਰ ਅਫਸਰਾਂ ਦੀਆਂ ਸਰਕਾਰੀ ਗੱਡੀਆਂ ਅਟੈਚ ਕਰ ਦਿੱਤੀਆਂ ਹਨ।

# ਪੇਟ ਉਤੇ ਪਿਸਤੌਲ ਲਾ ਕੇ ਕਰਿਆਨਾ ਸਟੋਰ ਦੇ ਮਾਲਕ ਕੋਲੋਂ 88000 ਲੁੱਟੇ

ਲੁਧਿਆਣਾ, 16 ਦਸੰਬਰ (ਪੋਸਟ ਬਿਊਰੋ)- ਕੱਲ੍ਹ ਦੁਪਹਿਰੇ ਚਾਰ ਬਾਈਕ ਸਵਾਰ ਲੁਟੇਰਿਆਂ ਨੇ ਥਾਣਾ ਜਮਾਲਪੁਰ ਤੋਂ ਸਿਰਫ 300 ਮੀਟਰ ਦੂਰ ਐਕਟਿਵਾ ਸਵਾਰ ਕਰਿਆਨਾ ਸਟੋਰ ਦੇ ਮਾਲਕ ਤੋਂ ਗੰਨ ਪੁਆਇੰਟ ਉੱਤੇ 88 ਹਜ਼ਾਰ ਰੁਪਏ ਲੁੱਟ ਲਏ ਅਤੇ ਜਾਂਦੇ ਹੋਏ ਲੁਟੇਰੇ ਸਟੋਰ ਮਾਲਕ ਦੀ ਐਕਟਿਵਾ ਦੀ ਚਾਬੀ ਆਪਣੇ ਨਾਲ ਲੈ ਗਏ।

ਇਸ ਦਾ ਪਤਾ ਲੱਗਣ ਉੱਤੇ ਕਰਿਆਨਾ ਸਟੋਰ ਦੇ ਮਾਲਕ ਦੇ ਪਰਵਾਰ ਵਾਲੇ ਤੇ ਸਮਰਥਕ ਮੌਕੇ ਉੱਤੇ ਪਹੁੰਚੇ ਅਤੇ ਕੁਝ ਦੇਰ ਲਈ ਚੰਡੀਗੜ੍ਹ ਰੋਡ ਤੇ ਜਾਮ ਲਾ ਦਿੱਤਾ। ਇਸ ਦੀ ਸੂਚਨਾ ਮਿਲਦੇ ਸਾਰ ਏ ਡੀ ਸੀ ਪੀ-4 ਰੁਪਿੰਦਰ ਕੌਰ ਸਰਾਂ ਅਤੇ ਹੋਰ ਪੁਲਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਪੁਲਸ ਲੁਟੇਰਿਆਂ ਦੀ ਪਛਾਣ ਲਈ ਆਸ-ਪਾਸ ਦੇ ਸੀ ਸੀ ਟੀ ਵੀ ਕੈਮਰੇ ਵੇਖ ਰਹੀ ਹੈ।ਜੀਵਨ ਨਗਰ ਵਿੱਚਗੁਰਬਾਗ ਨਗਰ ਦੇ ਰਹਿਣ ਵਾਲੇ ਰਿੰਕੂ ਗੁਪਤਾ ਦੀ ਕਰਿਆਨੇ ਦੀ ਦੁਕਾਨ ਹੈ। ਉਹ ਕੱਲ੍ਹ ਦੁਪਹਿਰੇ 88 ਹਜ਼ਾਰ ਰੁਪਏ ਆਪਣੀ ਜੇਬ ਵਿੱਚ ਪਾ ਕੇ ਆਪਣੀ ਐਕਟਿਵਾ ਉੱਤੇ ਗੁੜ ਮੰਡੀ ਜਾ ਰਿਹਾ ਸੀ ਤਾਂ ਜਦ ਉਹ ਫੋਕਲ ਪੁਆਇੰਟ ਵਿੱਚ ਬਰੇਲ ਭਵਨ ਨੇੜੇ ਪਹੁੰਚਿਆ ਤਾਂ ਦੋ ਬਾਈਕ ਸਵਾਰਾਂ ਨੇ ਉਸ ਨੂੰ ਰੋਕ ਲਿਆ। ਉਨ੍ਹਾਂ ਨੇ ਮੂੰਹ ਉੱਤੇ ਮਾਸਕ ਲਾਏ ਹੋਏ ਸਨ। ਉਨ੍ਹਾਂ ਨੇ ਰਿੰਕੂ ਨੂੰ ਪਤਾ ਪੁੱਛਣ ਦੇ ਬਹਾਨੇ ਰੋਕਿਆ। ਗੁਪਤਾ ਨੇ ਉਨ੍ਹਾਂ ਦੀ ਗੱਲ ਸੁਣਨ



ਲਈ ਹੈਲਮੇਟ ਲਾਹਿਆ, ਤਦ ਸਪਲੈਂਡਰ ਬਾਈਕ ਉੱਤੇ ਦੋ ਹੋਰ ਵਿਅਕਤੀ ਆ ਕੇ ਰੁਕੇ। ਇਨ੍ਹਾਂ ਚਾਰਾਂ ਨੇ ਰਿੰਕੂ ਨੂੰ ਘੇਰ ਲਿਆ ਤੇ ਉਸ ਦੇ ਐਕਟਿਵਾ ਦੀ ਚਾਬੀ ਕੱਢ ਲਈ। ਫਿਰ ਇੱਕ ਨੇ ਪਿਸਤੌਲ ਕੱਢੀ ਅਤੇ ਰਿੰਕੂ ਦੇ ਪੇਟ ਉੱਤੇ ਲਾ ਦਿੱਤੀ, ਇੱਕ ਦੇ ਕੋਲ ਚਾਕੂ ਸੀ। ਉਨ੍ਹਾਂ ਲੋਕਾਂ ਨੇ ਉਸ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ ਅਤੇ ਜੇਬ ਵਿੱਚੋਂ ਰੁਪਏ ਕੱਢਣ ਲਈ ਕਿਹਾ। ਰਿੰਕੂ ਨੇ ਡਰ ਦੇ ਮਾਰੇ ਜੇਬ ਵਿੱਚੋਂ ਸਾਰੇ ਪੈਸੇ ਕੱਢ ਕੇ ਦੇ ਦਿੱਤੇ ਤਾਂ ਉਹ ਲੋਕ ਉਸ ਦੀ ਐਕਟਿਵਾ ਦੀ ਚਾਬੀ ਵੀ ਆਪਣੇ ਨਾਲ ਲੈ ਕੇ ਫਰਾਰ ਹੋ ਗਏ।ਲੁਧਿਆਣਾ ਦੀ ਏ ਡੀ ਸੀ ਪੀ-4 ਰੁਪਿੰਦਰ ਕੌਰ ਦਾ ਕਹਿਣਾ ਹੈ ਕਿ ਲੁਟੇਰਿਆਂ ਦੀ ਪਛਾਣ ਕਰਨ ਲਈ ਆਸਪਾਸ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖੀ ਜਾ ਰਹੀ ਹੈ।

## ਪੰਜਾਬ ਦੇ 37 ਲੱਖ ਲੋਕਾਂ ਨੇ ਹਾਲੇ ਤਕ ਪਹਿਲਾ ਕੋਵਿਡ ਰੋਕੂ ਟੀਕਾ ਵੀ ਨਹੀਂ ਲਵਾਇਆ

ਪਟਿਆਲਾ, 16 ਦਸੰਬਰ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਉੱਤੇ ਕਾਬੂ ਪਾਉਣ ਲਈ ਦੁਨੀਆ ਵਿੱਚ ਕੋਵਿਡ ਰੋਕੂ ਟੀਕਾ ਲਵਾਉਣ ਲਈ ਚੱਲਦੀ ਮੁਹਿੰਮ ਅਤੇ ਮਹਾਂਮਾਰੀ ਦੇ ਨਵੇਂ ਰੂਪ ਓਮੀਕਰੋਨਾ ਦਾ ਇੱਕ ਕੇਸ ਚੰਡੀਗੜ੍ਹ ਵਿੱਚ ਆਉਣ ਤੋਂ ਬਾਅਦ ਵੀ ਪੰਜਾਬ ਦੇ 37 ਲੱਖ ਲੋਕਾਂ ਨੇ ਹਾਲੇ ਤਕ ਕੋਰੋਨਾ ਰੋਕੂ ਟੀਕੇ ਦੀ ਪਹਿਲੀ ਖ਼ੁਰਾਕ ਨਹੀਂ ਲਵਾਈ। ਪੰਜਾਬ ਦੇ 20 ਲੱਖ ਵਿਅਕਤੀ ਕੋਵਿਡ ਰੋਕੂ ਟੀਕੇ ਦੀ ਦੂਜੀ ਡੋਜ਼ ਲਈ ਸਿਹਤ ਵਿਭਾਗ ਕੋਲ ਨਹੀਂ ਪਹੁੰਚੇ।

ਸਿਹਤ ਮਾਹਰਾਂ ਦਾ ਕਹਿਣਾ ਹੈ ਕਿ ਕੋਵਿਡ ਦੀ ਪਹਿਲੀ ਤੇ ਦੂਸਰੀ ਲਹਿਰ ਵਿੱਚ ਹਜ਼ਾਰਾਂ ਲੋਕਾਂ ਦੇ ਮੌਤਾਂ ਹੋਣ ਤੋਂ ਬਾਅਦ ਵੀ ਪੰਜਾਬੀਆਂ ਵੱਲੋਂ ਟੀਕਾ ਲਵਾਉਣ ਲਈ ਪਹਿਲ ਨਾ ਕਰਨਾ ਵਿਹਾਰ ਹੈਰਾਨੀਜਨਕ ਹੈ। ਕੋਵਿਡ ਦਾ ਨਵਾਂ ਰੂਪ ਓਮੀਕਰੋਨ ਚੰਡੀਗੜ੍ਹ ਵਿੱਚਆ ਗਿਆ ਅਤੇ ਇਸ ਵਾਇਰਸ ਤੋਂ ਪ੍ਰਭਾਵਿਤ ਦੇਸ਼ਾਂ ਤੋਂ ਵਿਅਕਤੀਆਂ ਦਾ ਵੱਡੀ ਗਿਣਤੀ ਵਿੱਚ ਪੰਜਾਬ ਪੁੱਜਣ ਨਾਲ ਖ਼ਤਰਾ ਹੋਰ ਵੱਧ ਗਿਆ ਹੈ। ਪੰਜਾਬ ਸਿਹਤ ਵਿਭਾਗ ਦੇ ਅਨੁਸਾਰ ਰਾਜ ਦੇ 2 ਕਰੋੜ 6 ਲੱਖ ਲੋਕ ਕੋਵਿਡ ਰੋਕੂ ਟੀਕਾ ਲਵਾ ਚੁੱਕੇ ਹਨ, ਪਰ 20 ਲੱਖ ਲੋਕ ਪਹਿਲਾ ਕੋਰੋਨਾ ਰੋਕੂ ਟੀਕਾ ਲਵਾਉਣ ਦੇ 84 ਦਿਨ ਪੂਰੇ ਹੋਣ ਦੇ ਬਾਵਜੂਦ ਦੂਸਰਾ ਟੀਕਾ ਲਵਾਉਣ ਲਈ ਸਿਹਤ ਕੇਂਦਰਾਂ ਅਤੇ ਕੈਂਪਾਂ ਵਿੱਚ ਨਹੀਂ ਪਰਤੇ। ਇਸ ਬਾਰੇ ਪੰਜਾਬ ਦੇ ਕੋਵਿਡ ਰੋਕੂ ਪ੍ਰੋਗਰਾਮ ਦੇ ਨੋਡਲ ਅਫ਼ਸਰ ਡਾ. ਰਾਜੇਸ਼ ਭਾਸਕਰ ਨੇ ਦੱਸਿਆ ਕਿ ਸਿਹਤ ਵਿਭਾਗ ਨੇਲੋਕਾਂ ਨੂੰ ਕੋਵਿਡ ਰੋਕੂ ਟੀਕਾ ਲਵਾਉਣ ਲਈ ਮੀਡੀਆ ਦੇ ਵੱਖ ਪਲੇਟਫ਼ਾਰਮ ਅਤੇ ਕੈਂਪਾਂ ਰਾਹੀਂ ਜਾਗਰੂਕ ਕਰਨ ਦੇ ਨਾਲ ਸੂਬੇ ਵਿੱਚ ਘਰ-ਘਰ ਦਸਤਕ ਮੁਹਿੰਮ ਤਹਿਤ ਕੋਰੋਨਾ ਰੋਕੂ ਟੀਕਾਕਰਨ ਵਿੱਚ ਤੇਜ਼ੀ ਲਿਆਂਦੀ ਹੈ।

# ਪੰਜਾਬ ਸਰਕਾਰ ਵੱਲੋਂ ਪੰਜਾਬੀ ਫਿਲਮ ਵਿਕਾਸ ਕੌਂਸਲ ਦਾ ਕੀਤਾ ਜਾਵੇਗਾ ਗਠਨ

* ਕਦਮ ਦਾ ਉਦੇਸ਼ ਪੰਜਾਬੀ ਕਲਾ, ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਾ



ਚੰਡੀਗੜ, 16 ਦਸੰਬਰ (ਗਿਆਨ ਸਿੰਘ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਨੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਪੰਜਾਬੀ ਫਿਲਮ ਵਿਕਾਸ ਕੌਂਸਲ, ਪੰਜਾਬ ਦੇ ਗਠਨ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਇਸ ਸਬੰਧੀ ਪ੍ਰਸਤਾਵ ਨੂੰ ਆਉਣ ਵਾਲੀ ਕੈਬਨਿਟ ਮੀਟਿੰਗ ਵਿੱਚ ਹਰੀ ਝੰਡੀ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਸੂਬੇ ਦੀ ਸ਼ਾਨਾਮੱਤੀ ਸੱਭਿਆਚਾਰਕ ਵਿਰਾਸਤ ਨੂੰ ਫਿਲਮਾਂ ਰਾਹੀਂ ਪ੍ਰਫੁੱਲਤ ਕਰਨਾ ਸਮੇਂ ਦੀ ਲੋੜ ਹੈ, ਜੋ ਕਿ ਅਜੋਕੇ ਸਮੇਂ ਵਿੱਚ ਸੰਚਾਰ ਦਾ ਨਵੀਨਤਮ ਅਤੇ ਪ੍ਰਭਾਵਸ਼ਾਲੀ ਸਾਧਨ ਹਨ। ਮੁੱਖ ਮੰਤਰੀ ਚੰਨੀ ਨੇ ਕਲਪਨਾ ਕੀਤੀ ਕਿ ਇਹ ਕਦਮ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਵਿਸਵ ਭਰ ਵਿੱਚ ਪ੍ਰਦਰਸ਼ਿਤ ਕਰਨ ਲਈ ਵਧੇਰੇ ਅਹਿਮ ਸਾਬਤ ਹੋਵੇਗਾ।

ਮੁੱਖ ਮੰਤਰੀ ਨੇ ਇਹ ਗੱਲ ਅੱਜ ਚੰਡੀਗੜ ਯੂਨੀਵਰਸਿਟੀ, ਘੜੂੰਆਂ ਵਿਖੇ ਪੰਜਾਬੀ ਕਲਾਕਾਰਾਂ, ਗਾਇਕਾਂ, ਸੰਗੀਤਕਾਰਾਂ ਅਤੇ ਬੈਕਗ੍ਰਾਊਂਡ ’ਤੇ ਕੰਮ ਕਰਨ ਵਾਲੇ ਕਲਾਕਾਰਾਂ ਨੂੰ ਪੰਜਾਬੀ ਸੱਭਿਆਚਾਰ ਵਿੱਚ ਪਾਏ ਯੋਗਦਾਨ ਸਬੰਧੀ ਸਨਮਾਨਿਤ ਕਰਨ ਲਈ ਕਰਵਾਏ ਗਏ ਇੱਕ ਐਵਾਰਡ ਸਮਾਰੋਹ ਦੌਰਾਨ ਕਹੀ।

ਪੰਜਾਬੀ ਫਿਲਮ, ਸੰਗੀਤ ਅਤੇ ਟੈਲੀਵਿਜਨ ਗਿਲਡ ਸੁਸਾਇਟੀ ਅਤੇ ਪੰਜਾਬ ਸੈਰ ਸਪਾਟਾ ਵਿਭਾਗ ਵੱਲੋਂ ਕਰਵਾਏ ਇਸ ਸ਼ਾਨ-ਏ-ਪੰਜਾਬ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਪੰਜਾਬੀ ਲੋਕ ਗਾਇਕ ਮਰਹੂਮ ਗੁਰਮੀਤ ਬਾਵਾ ਅਤੇ ਸਰਦੂਲ ਸਿਕੰਦਰ ਨੂੰ ਸ਼ਾਨ-ਏ-ਪੰਜਾਬ ਸਰਧਾਂਜਲੀ ਪੁਰਸਕਾਰ ਅਤੇ ਉੱਘੇ ਪੰਜਾਬੀ ਸੰਗੀਤਕਾਰ ਚਰਨਜੀਤ ਆਹੂਜਾ ਅਤੇ ਪੰਜਾਬੀ ਅਭਿਨੇਤਾ ਗੱਗੂ ਗਿੱਲ ਨੂੰ ਸ਼ਾਨ-ਏ-ਪੰਜਾਬ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

# ਹਾਈ ਕੋਰਟ ਵੱਲੋਂ ਪੰਜਾਬ ਦੀ ਪ੍ਰੀ ਪ੍ਰਾਇਮਰੀ ਟੀਚਰਾਂ ਦੀ ਭਰਤੀ ਰੱਦ

* ਨਵੇਂ ਸਿਰਿਓਂ ਇਸ਼ਤਿਹਾਰ ਜਾਰੀ ਕਰਨ ਦੇ ਹੁਕਮ

ਚੰਡੀਗੜ੍ਹ, 16 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਪ੍ਰੀ-ਪ੍ਰਾਇਮਰੀ ਟੀਚਰਾਂ ਦੀਆਂ 8393 ਪੋਸਟਾਂ ਲਈ ਭਰਤੀ ਨੂੰ ਹਾਈ ਕੋਰਟ ਨੇ ਨੁਕਸਦਾਰ ਮੰਨਦੇ ਹੋਏ ਭਰਤੀ ਰੱਦ ਕਰਨ ਦਾ ਹੁਕਮ ਦਿੱਤਾ ਅਤੇ ਨਵੇਂ ਸਿਰਿਓਂ ਇਸ਼ਤਿਹਾਰ ਜਾਰੀ ਕਰਨ ਦਾ ਹੁਕਮ ਦਿੰਦਿਆਂ ਕਿਹਾ ਕਿ ਤਿੰਨ ਸਾਲ ਦੇ ਤਜਰਬੇ ਦੀ ਜਿਹੜੀ ਸ਼ਰਤ ਲਾਈ ਹੈ, ਉਹ ਸਿਰਫ ਪੰਜਾਹ ਫੀਸਦੀ ਪੋਸਟਾਂ ਵਾਸਤੇ ਲਾਈ ਜਾ ਸਕਦੀ ਹੈ, ਬਾਕੀ ਦੀਆਂ ਪੋਸਟਾਂ ਨੂੰ ਮੁਕਤ ਰੂਪ ਵਿੱਚ ਭਰਿਆ ਜਾਵੇ।




ਇਸ ਬਾਰੇ ਪਟੀਸ਼ਨ ਦਾਖਲ ਕਰਦਿਆਂ ਨਾਜ਼ਰ ਸਿੰਘ ਤੇ ਹੋਰਨਾਂ ਨੇ ਨਿਯੁਕਤੀ ਪ੍ਰਕਿਰਿਆ ਵਿੱਚ ਤੈਅ ਰੱਖੀਆਂਸ਼ਰਤਾਂ ਨੂੰ ਗਲਤ ਦੱਸ ਕੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਬੀਬੀ 21 ਸਤੰਬਰ ਨੂੰ ਹਾਈ ਕੋਰਟ ਨੇ ਇਸ ਪਟੀਸ਼ਨ ਉੱਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਤੇ ਨਾਲ ਸਰਕਾਰ ਤੋਂ ਪੁੱਛਿਆ ਸੀ ਕਿ ਕਿਉਂ ਨਾ ਇਨ੍ਹਾਂ ਪੋਸਟਾਂ ਦੀ ਨਿਯੁਕਤੀ ਪ੍ਰਕਿਰਿਆ ਉੱਤੇ ਰੋਕ ਲਾ ਦਿੱਤੀ ਜਾਵੇ। ਇਸਦੇ ਬਾਅਦ ਸਰਕਾਰ ਵੱਲੋਂ ਦਿੱਤੇ ਜਵਾਬ ਉੱਤੇ ਹਾਈ ਕੋਰਟ ਨੇ ਕਿਹਾ ਕਿ ਜਵਾਬ ਸਪੱਸ਼ਟ ਨਹੀਂ ਤੇ ਦੋਵਾਂ ਨੋਟੀਫਿਕੇਸ਼ਨਾਂ ਉੱਤੇ ਸਰਕਾਰ ਕੋਈ ਜਵਾਬ ਨਹੀਂ ਦੇ ਸਕੀ। ਇਸ ਕਰ ਕੇ ਹਾਈ ਕੋਰਟ ਨੇ 28 ਨਵੰਬਰ ਦੀ ਪ੍ਰੀਖਿਆ ਉੱਤੇ ਰੋਕ ਲਾ ਕੇ ਸਿੱਖਿਆ ਸੈਕਟਰੀ ਨੂੰ ਇਸਦਾ ਜਵਾਬ ਦੇਣ ਦਾ ਹੁਕਮ ਦਿੱਤਾ ਅਤੇ ਭਰਤੀ ਇਸ਼ਤਿਹਾਰ ਰੱਦ ਕਰ ਕੇ ਨਵੇਂ ਸਿਰਿਓਂ ਇਸ਼ਤਿਹਾਰ ਜਾਰੀ ਕਰਨ ਨੂੰ ਕਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਪਟੀਸ਼ਨ ਵਿੱਚ ਹਾਈ ਕੋਰਟ ਨੂੰ ਦੱਸਿਆ ਗਿਆ ਹੈ ਕਿ ਪੰਜਾਬ ਸਰਕਾਰ ਨੇ 23 ਨਵੰਬਰ 2020 ਨੂੰ ਪ੍ਰੀ-ਪ੍ਰਾਇਮਰੀ ਟੀਚਰਾਂ ਦੀਆਂ 8393 ਪੋਸਟਾਂ ਉੱਤੇ ਭਰਤੀ ਲਈ ਅਰਜ਼ੀਆਂ ਮੰਗੀਆਂ ਸਨ। ਫਿਰ ਇਹ ਇਸ਼ਤਿਹਾਰ ਵਾਪਸ ਲੈ ਲਿਆ। ਇਸ ਤੋਂ ਬਾਅਦ 13 ਸਤੰਬਰ ਨੂੰ ਫਿਰ ਇਨ੍ਹਾਂ ਪੋਸਟਾਂ ਦਾ ਇਸ਼ਤਿਹਾਰ ਜਾਰੀ ਕੀਤਾ ਤੇ ਨਵੀਆਂ ਸ਼ਰਤਾਂ ਲਾ ਕੇ ਇਹ ਤੈਅ ਕੀਤਾ ਸੀ ਕਿ ਇਨ੍ਹਾਂ ਪੋਸਟਾਂਦੀ ਨਿਯੁਕਤੀ ਲਈ ਬਿਨੈਕਾਰ ਨੂੰ ਐਜੂਕੇਸ਼ਨ ਗਾਰੰਟੀ ਸਕੀਮ ਵਾਲੰਟੀਅਰ, ਅਲਟਰਨੇਟਿਵ ਤੇ ਇਨ-ੋਵੇਟਿਵ ਐਜੂਕੇਸ਼ਨਲ ਵਾਲੰਟੀਅਰ, ਸਪੈਸ਼ਲ ਟਰੇਨਿੰਗ ਰਿਸੋਰਸ ਵਾਲੰਟੀਅਰ ਵਜੋਂ ਘੱਟੋ ਘੱਟ ਤਿੰਨ ਸਾਲ ਦਾ ਤਜਰਬਾ ਚਾਹੀਦਾ ਹੈ। ਪਟੀਸ਼ਨਰਾਂ ਦਾ ਦੋਸ਼ ਹੈ ਕਿ ਸਰਕਾਰ ਨੇ ਇਹ ਸ਼ਰਤਾਂ ਪਹਿਲਾਂ ਕੰਮ ਕਰਦੇਟੀਚਰਾਂ ਨੂੰ ਐਡਜਸਟ ਕਰਨ ਲਈ ਲਾਈਆਂ ਹਨ। ਇਸ ਤਰ੍ਹਾਂ ਕਿਸੇ ਵੀ ਬਿਨੈਕਾਰ, ਜਿਨ੍ਹਾਂ ਨੂੰ ਅਨੁਭਵ ਨਹੀਂ ਹੈ, ਦੀ ਨਿਯੁਕਤੀ ਨਹੀਂ ਹੋਵੇਗੀ ਤੇ ਇਹ ਪੂਰੀ ਤਰ੍ਹਾਂ ਗਲਤ ਹੈ, ਲਿਹਾਜ਼ਾ ਇਸ ਨੂੰ ਰੱਦ ਕੀਤਾ ਜਾਵੇ।

## ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੇ ਭੱਤੇ ਰੋਕੇ ਤੇ ਤਨਖਾਹ ਨਹੀਂ ਮਿਲੀ

ਚੰਡੀਗੜ੍ਹ, 16 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਮੁਤਾਬਕ ਇਸ ਦਸੰਬਰ ਮਹੀਨੇ ਦੀ ਪਹਿਲੀ ਤਨਖਾਹ ਰੋਕ ਲਈ ਗਈ ਹੈ, ਖਾਸ ਤੌਰ ਉੱਤੇ ਜਿਹੜੇ ਸਰਕਾਰੀ ਮੁਲਾਜ਼ਮ ਪੇਂਡੂ ਇਲਾਕਿਆਂ ਵਿੱਚ ਕੰਮ ਕਰਦੇ ਹਨ। ਅਸਲ ਵਿੱਚ ਇਨ੍ਹਾਂ ਮੁਲਾਜ਼ਮਾਂ ਨੂੰ ਤਨਖਾਹ ਨਾਲ ਪੇਂਡੂ ਭੱਤਾ ਦਿੱਤਾ ਜਾਂਦਾ ਸੀ, ਪਰ ਵਿੱਤ ਵਿਭਾਗ ਨੇ ਭੱਤਿਆਂ ਨੂੰ ਰੈਸ਼ਨੇਲਾਈਜ਼ੇਸ਼ਨ ਕਰਨ ਬਾਰੇ ਇੱਕ ਪੱਤਰ ਸਤੰਬਰ ਮਹੀਨੇ ਵਿੱਚ ਕੱਢਿਆ ਸੀ, ਉਸ ਦਾ ਹਵਾਲਾ ਦੇ ਕੇ ਖਜ਼ਾਨਾ ਦਫਤਰਾਂ ਨੇ ਇਨ੍ਹਾਂ ਪੇਂਡੂ ਇਲਾਕਿਆਂ ਦੇ ਮੁਲਾਜ਼ਮਾਂ ਦੇ ਬਿੱਲ ਰੋਕ ਦਿੱਤੇ ਹਨ।

ਖਜ਼ਾਨਾ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਪੇਂਡੂ ਭੱਤਾ ਹਟਾ ਕੇ ਬਿੱਲ ਪੇਸ਼ ਕਰਨਦੇ ਬਾਅਦ ਤਨਖਾਹ ਦਿੱਤੀ ਜਾਵੇਗੀ। ਇਸ ਦੇ ਨਾਲ ਵਿੱਤ ਵਿਭਾਗ ਨੇ ਕਰੀਬ ਦੋ ਦਰਜਨ ਭੱਤਿਆਂ ਦੀ ਸੂਚੀ ਸਾਰੇ ਪ੍ਰਸ਼ਾਸਨਿਕ ਸੈਕਟਰੀਆਂ ਨੂੰ ਜਾਰੀ ਕਰ ਕੇ ਕਿਹਾ ਕਿ ਭੱਤਿਆਂ ਬਾਰੇ ਜਦੋਂ ਤਕ ਉਹ ਕੋਈ ਫੈਸਲਾ ਕਰਨ, ਉਦੋਂ ਤਕ ਇਹ ਰਾਸ਼ੀ ਰੋਕੀ ਗਈ ਹੈ।ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਜੋ ਭੱਤੇ ਘੱਟ ਮਿਲਦੇ ਹਨ, ਉਨ੍ਹਾਂ ਵਿੱਚ ਪੇਂਡੂ ਭੱਤਾ, ਅਕੈਡਮਿਕ ਭੱਤਾ, ਪ੍ਰਸ਼ਾਸਨਿਕ ਭੱਤਾ, ਏ ਆਰ ਪੀ ਭੱਤਾ, ਬਸਤਾ ਭੱਤਾ, ਬਾਡੀ ਐਂਡ ਯੂਨੀਫਾਰਮ ਭੱਤਾ, ਬਾਰਡਰ ਏਰੀਆ ਭੱਤਾ, ਐਮਰਜੈਂਸੀ ਭੱਤਾ, ਰਾਸ਼ਨ ਭੱਤਾ, ਰਿਕਾਰਡ ਰੂਮ ਭੱਤਾ, ਫੋਟੋ ਸਟੇਟ ਮਸ਼ੀਨ ਭੱਤਾ, ਮੈਡੀਕਲ ਭੱਤਾ, ਨਿਊਜ਼ ਪੇਪਰ ਭੱਤਾ, ਆਫਿਸ ਰੈਂਟ ਭੱਤਾ, ਰਿਸਕ ਭੱਤਾ, ਸਾਇੰਸ ਭੱਤਾ, ਸ਼ਿਫਟ ਭੱਤਾ, ਸਟੇਸ਼ਨਰੀ ਭੱਤਾ, ਟੀਚਿੰਗ ਭੱਤਾ, ਟਰਾਂਸਪੋਰਟ ਭੱਤਾ, ਟਨਲਿੰਗ ਭੱਤਾ, ਟਾਈਪਿੰਗ ਭੱਤਾ, ਯੂਨੀਫਾਰਮ ਭੱਤਾ, ਵਾਸ਼ਿੰਗ ਭੱਤਾ, ਕਿੱਟ ਮੈਂਟੀਨੈਂਸ ਭੱਤਾ, ਡਿਜ਼ਾਈਨ ਭੱਤਾ ਆਦਿ ਸ਼ਾਮਲ ਹਨ। ਵਿੱਤ ਵਿਭਾਗ ਨੇ ਕਿਹਾ ਕਿ ਇਨ੍ਹਾਂ ਸਾਰੇ ਭੱਤਿਆਂ ਨੂੰ ਰੈਸ਼ਨੇਲਾਈਜ਼ ਕਰਨ ਲਈ ਸਾਰੇ ਵਿਭਾਗਾਂ ਦੇ ਪ੍ਰਸ਼ਾਸਨਿਕ ਸੈਕਟਰੀਇਨ੍ਹਾਂ ਭੱਤਿਆਂ ਨੂੰ ਖਤਮ ਕਰਨ ਅਤੇ ਜਾਰੀ ਰੱਖਣ ਸਬੰਧੀ ਆਪਣੀ ਰਿਪੋਰਟ ਵਿੱਤ ਵਿਭਾਗ ਨੂੰ ਭੇਜਣ।

# ਕਿਸੇ ਸੂਬੇ ਵਿੱਚ ਟੋਲ ਪਲਾਜ਼ਿਆਂ ਦੇ ਰੇਟ ਨਹੀਂ ਵਧਾਉਣ ਦਿੱਤੇ ਜਾਣਗੇ: ਕਿਸਾਨ ਜਥੇਬੰਦੀਆਂ

ਸਮਰਾਲਾ, 16 ਦਸੰਬਰ (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤੇ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਕੱਲ੍ਹ ਇੱਥੋਂ ਦੇ ਘੁਲਾਲ ਟੋਲ ਪਲਾਜ਼ਾ ਵਿਖੇ ਚੱਲਦੇ ਕਿਸਾਨ ਮੋਰਚੇ ਦੀ ਸਮਾਪਤੀ ਮੌਕੇ ਵੱਡਾ ਐਲਾਨ ਕੀਤਾ ਕਿ ਸਰਕਾਰ ਦੀ ਟੋਲ ਪਲਾਜ਼ਿਆਂ ਦੇ ਰੇਟ ਵਿੱਚ ਵਾਧਾ ਕਰਨ ਦੀ ਤਜ਼ਵੀਜ਼ ਪੰਜਾਬ ਸਮੇਤ ਕਿਸੇ ਵੀ ਸੂਬੇ ਵਿੱਚ ਲਾਗੂ ਨਹੀਂ ਹੋਣ ਦਿੱਤੀ ਜਾਵੇਗੀ।

ਹਰਮੀਤ ਸਿੰਘ ਕਾਦੀਆਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਦਾ ਸਪੱਸ਼ਟ ਫੈਸਲਾ ਹੈ ਕਿ ਲੋਕਾਂ ਉੱਤੇ ਬੋਝ ਨਹੀਂ ਪੈਣ ਦਿੱਤਾ ਜਾਵੇਗਾ ਅਤੇ ਇਸ ਬਾਰੇ 17 ਦਸੰਬਰ ਨੂੰ ਮੁੱਖ ਮੰਤਰੀ ਪੰਜਾਬ ਨਾਲ ਹੋ ਰਹੀ ਮੀਟਿੰਗ ਵਿੱਚ ਇਹ ਗੱਲ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਇਕੱਲੇ ਪੰਜਾਬ ਵਿੱਚਨਹੀਂ, ਹਰਿਆਣਾ ਅਤੇ ਉਤਰ ਪ੍ਰਦੇਸ਼ ਵਿੱਚ ਜਿੱਥੇ ਵੀ ਕਿਸਾਨਾਂ ਵੱਲੋਂ ਪਿਛਲੇ ਇੱਕ ਸਾਲ ਤੋਂ ਟੋਲ ਪਲਾਜ਼ੇ ਬੰਦ ਕੀਤੇ ਗਏ ਸਨ, ਟੋਲ ਰੇਟ ਨਹੀਂ ਵਧਣ ਦੇਣਗੀਆਂ।ਕਿਸਾਨ ਜਥੇਬੰਦੀਆਂ ਵੱਲੋਂ ਅਗਲੀਆਂ ਚੋਣਾਂ ਵਿੱਚ ਹਿੱਸਾ ਲੈਣ ਬਾਰੇ ਉਨ੍ਹਾਂ ਸਪੱਸ਼ਟ ਜਵਾਬ ਨਹੀਂ ਦਿੱਤਾ ਪਰ ਇੰਨਾ ਆਖਿਆ ਕਿ ਆਉਣ ਵਾਲੇ ਸਮੇਂ ਵਿੱਚ ਜੇ ਕੋਈ ਵੱਡਾ ਸਮਾਜਿਕ ਬਦਲਾਅ ਹੁੰਦਾ ਹੈ ਤਾਂ ਉਹ ਉਸ ਵਿੱਚ ਜ਼ਰੂਰ ਹਿੱਸਾ ਲੈਣਗੇ।

## ਸੁਨੀਲ ਜਾਖੜ ਵੱਲੋਂ ਮੁੱਖ ਮੰਤਰੀ ਚੰਨੀ ਨੂੰ ਮਿਲਣ ਤੋਂ ਇਨਕਾਰ

ਚੰਡੀਗੜ੍ਹ, 16 ਦਸੰਬਰ (ਪੋਸਟ ਬਿਊਰੋ)- ਕਾਂਗਰਸ ਹਾਈਕਮਾਂਡ ਵੱਲੋਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਵਿੱਚ ਪਾਰਟੀ ਦੀ ਚੋਣ ਮੁਹਿੰਮ ਚਲਾਉਣ ਵਾਸਤੇ ਬਣਾਈ ਪ੍ਰਚਾਰ ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਵੱਲੋਂ ਕੱਲ੍ਹ ਰਾਤ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਆਪਣੇ ਘਰ ਮਿਲਣ ਤੋਂ ਇਨਕਾਰ ਕਰ ਦਿੱਤਾ।

ਪਤਾ ਲੱਗਾ ਹੈ ਕਿ ਤ੍ਰਿਪਤ ਰਜਿੰ-ਦਰ ਸਿੰਘ ਬਾਜਵਾ ਇਸ ਮੰਤਵ ਲਈ ਸੁਨੀਲ ਜਾਖੜ ਦੇ ਘਰ ਆਏ ਹੋਏ ਸਨ ਤੇ ਸੁਨੀਲ ਜਾਖੜ, ਜੋ ਪੰਚਕੂਲਾ ਵਿਖੇ ਆਪਣੇ ਪਿਤਾ ਵੱਲੋਂ ਬਣਾਏ ਘਰ ਵਿੱਚ ਰਹਿੰਦੇ ਹਨ, ਦੇ ਘਰ ਦੇ ਚਾਰੇ ਪਾਸੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸੁਰੱਖਿਆ ਤਾਇਨਾਤ ਵੀ ਹੋ ਗਈ ਸੀ, ਪਰ ਉਨ੍ਹਾ ਦੀ ਆਮਦ ਨਹੀਂ ਹੋਈ, ਕਿਉਂਕਿ ਜਾਖੜ ਨੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੂੰ ਸਪੱਸ਼ਟ ਕਰ ਦਿੱਤਾ ਕਿ ਉਹ ਮੁੱਖ ਮੰਤਰੀ ਨੂੰ ਆਪਣੇ ਘਰ ਨਹੀਂ ਮਿਲਣਗੇ ਤੇ ਕੱਲ੍ਹ ਕਾਂਗਰਸ ਭਵਨ ਵਿਖੇ ਉਨ੍ਹਾਂ ਮੁੱਖ ਮੰਤਰੀ ਨੂੰ ਚੋਣ ਪ੍ਰਚਾਰ ਲਈ ਰੱਖੀ ਮੀਟਿੰਗ ਵਿੱਚ ਸੱਦਿਆ ਹੋਇਆ ਹੈ। ਉਥੇ ਮੁਲਾਕਾਤ ਹੋ ਜਾਵੇਗੀ। ਸੁਨੀਲ ਜਾਖੜ ਨੇ ਸਪੱਸ਼ਟ ਕੀਤਾ ਕਿ ਮੇਰਾ ਚੰਨੀ ਨਾਲ ਕੋਈ ਵਿਰੋਧ ਨਹੀਂ, ਜਿਸ ਨੂੰ ਉਹ ਮੇਰੇ ਨਾਲ ਨਿਬੇੜਨਾ ਚਾਹੁੰਦੇ ਹਨ ਅਤੇ ਉਨ੍ਹਾਂ ਜੋ ਵੀ ਕਹਿਣਾ ਹੈ, ਪਾਰਟੀ ਦੇ ਮੁੱਖੀ ਰਾਹੁਲ ਗਾਂਧੀ ਨੂੰ ਦੱਸਣ।

ਵਰਨਣਯੋਗ ਹੈ ਕਿ ਸੁਨੀਲ ਜਾਖੜ ਦਾ ਨਾਂਅ ਪਾਰਟੀ ਹਾਈਕਮਾਨ ਨੇ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਮੁੱਖ ਮੰਤਰੀ ਲਈ ਪੇਸ਼ ਕੀਤਾ ਸੀ, ਬਾਅਦ ਵਿੱਚ ਹੋਏ ਵਿਰੋਧ ਕਾਰਨ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਬਣਨ ਵਿੱਚ ਕਾਮਯਾਬ ਹੋ ਗਏ। ਸੁਨੀਲ ਜਾਖੜ ਇਸ ਘਟਨਾਕ੍ਰਮ ਤੋਂ ਨਿਰਾਸ਼ ਜਾਪਦੇ ਰਹੇ।

## ਗਵਰਨਰ ਬਨਵਾਰੀ ਲਾਲ ਪਰੋਹਿਤ ਨੇ ਹੁਸੈਨੀਵਾਲਾ ਸ਼ਹੀਦੀ ਸਮਾਰਕ ਵਿਖੇ ਸ਼ਹੀਦਾਂ ਦੀ ਸਮਾਧੀ ਤੇ ਸ਼ਰਧਾ ਦੇ ਫੁੱਲ ਕੀਤੇ ਭੇਟ

* ਬੀਐੱਸਐਫ ਹੁੱਕੁਆਟਰ ਵਿਖੇ ਬੀਐੱਸਐਫ ਦੇ ਅਧਿਕਾਰੀਆਂ ਨਾਲ ਕੀਤੀ ਮੁਲਾਕਾਤ

ਫਿਰੋਜ਼ਪੁਰ 16 ਦਸੰਬਰ (ਗਿਆਨ ਸਿੰਘ)- ਗਵਰਨਰ ਬਨਵਾਰੀ ਲਾਲ ਪਰੋਹਿਤ ਨੇ ਬੁੱਧਵਾਰ ਨੂੰ ਹੁਸੈਨੀਵਾਲਾ ਸ਼ਹੀਦੀ ਸਮਾਰਕ ਵਿਖੇ ਸਥਿਤ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸਮਾਧੀ ਤੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਉਨ੍ਹਾਂ ਦੇ ਨਾਲ ਆਈ.ਜੀ. ਇੰਦਰਬੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਦਵਿੰਦਰ ਸਿੰਘ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਇਸ ਤੋਂ ਪਹਿਲਾ ਉਨ੍ਹਾਂ ਨੇ ਬੀਐੱਸਐੱਫ ਦੇ ਹੈਡਕੁਆਟਰ ਵਿਖੇ ਫੌਜ ਦੇ ਅਧਿਕਾਰੀਆਂ ਦੇ ਨਾਲ ਮੁਲਾਕਾਤ ਕੀਤੀ । ਹੁਸੈਨੀਵਾਲਾ ਵਿਖੇ ਸ਼ਹੀਦੀ ਸਮਾਰਕ ਵਿਖੇ ਸ਼ਰਧਾ ਦੇ ਫੁੱਲ੍ਹ ਭੇਂਟ ਕਰਨ ਤੋਂ ਬਾਅਦ ਉਨ੍ਹਾਂ ਨੇ ਵਿਜਟਰ ਬੁੱਕ ਤੇ ਸ਼ਹੀਦਾਂ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਆਪਣੇ ਵਿਚਾਰ ਵੀ ਲਿਖੇ। ਇਸ ਮੌਕੇ ਤੇ ਐੱਸਐੱਸਪੀ ਹਰਮਨਦੀਪ ਸਿੰਘ ਹੰਸ, ਡੀਆਈਜੀ ਬੀਐੱਸਐੱਫ ਸੁਰਿੰਦਰ ਮਹਿਤਾ ਤੋਂ ਇਲਾਵਾ ਬਾਕੀ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।





## ਚੋਣ ਕਮਿਸ਼ਨ ਨੇ ਵੋਟਰ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ, ਸਵੀਪ ਪ੍ਰਦਰਸ਼ਨੀ ਦਾ ਕੀਤਾ ਉਦਘਾਟਨ

* ਕਮਿਸ਼ਨ ਨੇ ਪਹਿਲੀ ਵਾਰ ਵੋਟ ਪਾਉਣ ਵਾਲਿਆਂ, ਦਿਵਿਆਂਗ ਅਤੇ ਟਰਾਂਸਜੈਂਡਰ ਵੋਟਰਾਂ ਨਾਲ ਕੀਤੀ ਗੱਲਬਾਤ

ਚੰਡੀਗੜ, 16 ਦਸੰਬਰ (ਗਿਆਨ ਸਿੰਘ)- ਪੰਜਾਬੀ ਬੋਲੀਆਂ ਤੇ ਤਾੜੀਆਂ ਦੀ ਗੂੰਜ ਅਤੇ ਗਿੱਧਾ ਪ੍ਰਦਰਸ਼ਨ ਦੌਰਾਨ, ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਸ੍ਰੀ ਸੁਸੀਲ ਚੰਦਰ ਨੇ ਚੋਣ ਕਮਿਸ਼ਨਰ ਸ੍ਰੀ ਰਾਜੀਵ ਕੁਮਾਰ ਅਤੇ ਚੋਣ ਕਮਿਸ਼ਨਰ ਸ੍ਰੀ ਅਨੂਪ ਚੰਦਰ ਪਾਂਡੇ ਦੇ ਨਾਲ ਅੱਜ ਵੋਟਰ ਜਾਗਰੂਕਤਾ ਮੁਹਿੰਮ ਦੇ ਹਿੱਸੇ ਵਜੋਂ ਵੋਟਰ ਜਾਗਰੂਕਤਾ ਵੈਨ ਨੂੰ ਸੂਬੇ ਵਿੱਚ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਪੰਜਾਬ ਦੇ ਮੁੱਖ ਚੋਣ ਅਫਸਰ (ਸੀ.ਈ.ਓ.) ਡਾ. ਐਸ. ਕਰੁਣਾ ਰਾਜੂ ਵੀ ਮੌਜੂਦ ਸਨ।



ਐਲਈਡੀ ਅਤੇ ਆਡੀਓ ਸਿਸਟਮ ਨਾਲ ਲੈਸ ਕੁੱਲ 30 ਮੋਬਾਈਲ ਵੈਨਾਂ ਵੋਟਰ ਜਾਗਰੂਕਤਾ ਅਤੇ ਰਜਿਸਟ੍ਰੇਸ਼ਨ, ਨੈਤਿਕ ਵੋਟਿੰਗ ਅਤੇ ਈਵੀਐਮ-ਵੀਵੀਪੀਏਟੀ ਸਮੇਤ ਵੱਖ-ਵੱਖ ਪਹਿਲੂਆਂ ਬਾਰੇ ਜਾਗਰੂਕਤਾ ਫੈਲਾਉਣ ਲਈ ਸੂਬੇ ਭਰ ਵਿੱਚ ਚੱਲਣਗੀਆਂ। ਵੱਡੇ ਜ਼ਿਲਿਆਂ ਨੂੰ ਦੋ-ਦੋ ਵੈਨਾਂ ਮਿਲਣਗੀਆਂ ਜਦਕਿ ਛੋਟੇ ਜ਼ਿਲਿਆਂ ਨੂੰ ਇੱਕ-ਇੱਕ ਵੈਨ ਦਿੱਤੀ ਜਾਵੇਗੀ।

ਜਾਗਰੂਕਤਾ ਵੈਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਉਪਰੰਤ, ਕਮਿਸਨ ਦੀ ਟੀਮ ਨੇ ਸੂਬੇ ਵਿੱਚ ਵੱਖ-ਵੱਖ ਆਡੀਓ-ਵਿਜ਼ੂਅਲ ਅਤੇ ਚੱਲ ਰਹੀਆਂ ਫੀਲਡ ਗਤੀਵਿਧੀਆਂ ਨੂੰ ਪ੍ਰਦਰਸ਼ਿਤ ਕਰਨ ਵਾਲੀ ਸਿਸਟੇਮੈਟਿਕ ਵੋਟਰਜ ਐਜੂਕੇਸਨ ਐਂਡ ਇਲੈਕਟੋਰਲ ਪਾਰਟੀਸੀਪੇਸਨ (ਸਵੀਪ) ਪ੍ਰਦਰਸ਼ਨੀ ਦਾ ਉਦਘਾਟਨ ਕੀਤਾ।

ਇਸ ਉਪਰੰਤ ਕਮਿਸ਼ਨ ਦੀ ਟੀਮ ਨੇ ਮੌਕੇ ‘ਤੇ ਮੌਜੂਦ ਪਹਿਲੀ ਵਾਰ ਵੋਟ ਪਾਉਣ ਵਾਲਿਆਂ, ਦਿਵਿਆਂਗ (ਪੀਡਬਲਯੂਡੀ) ਵੋਟਰਾਂ ਅਤੇ ਟਰਾਂਸਜੈਂਡਰ ਸਮੇਤ ਵੱਖ-ਵੱਖ ਵਰਗਾਂ ਦੇ ਵੋਟਰਾਂ ਨਾਲ ਗੱਲਬਾਤ ਕੀਤੀ ਅਤੇ ਉਨਾਂ ਨੂੰ ਚੋਣਾਂ ਵਿੱਚ ਭਾਗੀਦਾਰੀ ਲਈ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਉਤਸਾਹਿਤ ਕੀਤਾ। ਇਸ ਮੌਕੇ ਮਾਨਯੋਗ ਕਮਿਸ਼ਨ ਨੇ ਇਨਾਂ ਵੋਟਰਾਂ ਨੂੰ ਸਨਮਾਨਿਤ ਵੀ ਕੀਤਾ।

## ਜਿਹੜਾ ਕੈਪਟਨ ਅਮਰਿੰਦਰ ਸਾਢੇ ਚਾਰ ਸਾਲ ਹਿੱਲਦਾ ਤੱਕ ਨਹੀਂ ਸੀ, ਅੱਜਕੱਲ ਸੌਂਦਾ ਹੀ ਨਹੀਂ: ਪ੍ਰਤਾਪ ਬਾਜਵਾ

ਚੰਡੀਗੜ੍ਹ, 16 ਦਸੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਮੈਨੀਫੈਸਟੋ ਕਮੇਟੀ ਦੇ ਮੁਖੀਤੇ ਪਾਰਲੀਮੈਂਟ ਮੈਂਬਰਪ੍ਰਤਾਪ ਸਿੰਘ ਬਾਜਵਾ ਨੇ ਕੈਪਟਨ ਅਮਰਿੰਦਰ ਸਿੰਘ ਉੱਤੇਵਿਅੰਗ ਕਸਿਆ ਹੈ। ਪੰਜਾਬ ਕਾਂਗਰਸ ਭਵਨ ਵਿੱਚ ‘ਆਵਾਜ਼ ਪੰਜਾਬ ਦੀ’ ਮੈਨੀਫੈਸਟੋ ਮੁਹਿੰਮ ਸ਼ੁਰੂ ਕਰਨ ਮੌਕੇ ਉਨ੍ਹਾਂ ਕਿਹਾ ਕਿ ਜੋ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਸਾਢੇ ਚਾਰ ਸਾਲ ਹਿਲ ਨਹੀਂ ਰਹੇ ਸੀ, ਉਹ ਅੱਜਕੱਲ੍ਹ ਸੌਂ ਨਹੀਂ ਰਹੇ, ਜੋ ਮਿਲਦੇ ਨਹੀਂ ਸੀ, ਅੱਜ ਮਿਲਣ ਤੋਂ ਨਹੀਂ ਹੱਟਦੇ।

ਬਾਜਵਾ ਨੇ ਕਿਹਾ ਕਿ ਜੋ ਵਾਅਦੇ ਸਾਢੇ ਚਾਰ ਸਾਲ ਵਿੱਚ ਪੂਰੇ ਨਹੀਂ ਸਨ ਹੋਏ, ਉਹ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ 45 ਦਿਨ ਵਿੱਚ ਪੂਰੇ ਕਰ ਦਿੱਤੇ ਹਨ।




## ਭੈਣ ਦੇ ਵਿਆਹ ਤੋਂ ਪਹਿਲਾਂ ਮਾਰੇ ਗਏ ਸੀ ਆਰ ਪੀ ਜਵਾਨ ਦੀ ਭੈਣ ਦਾ ਵਿਆਹ ਸਾਥੀ ਜਵਾਨਾਂ ਨੇ ਕੀਤਾ

ਰਾਏਬਰੇਲੀ, 16 ਦਸੰਬਰ (ਪੋਸਟ ਬਿਊਰੋ)- ਰਾਏਬਰੇਲੀ ਵਿੱਚ ਇੱਕ ਭੈਣ ਦੀ ਝੋਲੀ ਸੀ ਆਰ ਪੀ ਐਫ਼ ਦੇ ਜਵਾਨਾਂ ਨੇ ਖ਼ੁਸ਼ੀਆਂ ਨਾਲ ਭਰ ਦਿੱਤੀ, ਜਿਸ ਤੋਂ ਹਰ ਕੋਈ ਹੈਰਾਨ ਰਹਿ ਗਿਆ ਹੈ।

ਅਸਲ ਵਿੱਚ ਸੀ ਆਰ ਪੀ ਐਫ਼ ਦੇ ਜਵਾਨ ਸ਼ੈਲੇਂਦਾਰ ਪ੍ਰਤਾਪ ਸਿੰਘ ਦੀ ਭੈਣ ਜੋਤੀ ਦਾ ਵਿਆਹ 13 ਦਸੰਬਰ ਨੂੰ ਹੋਣਾ ਸੀ। ਇਸ ਦਿਨ ਕਰੀਬ ਡੇਢ ਦਰਜਨ ਸੀ ਆਰ ਪੀ ਐਫ਼ ਦੇ ਜਵਾਨ ਸ਼ੈਲੇਂਦਰ ਸਿੰਘ ਦੇ ਘਰ ਪੁੱਜੇ ਅਤੇ ਆਪਣੇ ਨਾਲ ਡਿਊਟੀ ਕਰਦੇ ਮਾਰੇ ਗਏ ਸਾਥੀ ਜਵਾਨ ਦੀ ਭੈਣ ਦਾ ਵਿਆਹ ਕਰਵਾ ਕੇ ਭਰਾ ਦਾ ਫ਼ਰਜ਼ ਨਿਭਾਇਆ।ਸ਼ੈਲੇਂਦਰ ਦੇ ਸਾਥੀਆਂ ਨੇ ਉਸ ਦੀ ਭੈਣ ਨੂੰ ਆਸ਼ੀਰਵਾਦ ਤੇ ਤੋਹਫ਼ੇ ਦਿੱਤੇ। ਉਹ ਜੋਤੀ ਨੂੰ ਦੁਲਹਨ ਦੇ ਜੋੜੇ ਵਿੱਚ ਮੰਡਪ ਵਿੱਚ ਲੈ ਗਏ। ਇਨ੍ਹਾਂ ਸਿਪਾਹੀਆਂ ਨੇ ਰਸਮਾਂ ਨਿਭਾ ਕੇ ਭੈਣ ਨੂੰ ਆਪਣੇ ਭਰਾ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ। ਵਿਆਹ ਵਿੱਚ ਜਵਾਨਾਂ ਨੂੰ ਦੇਖ ਕੇ ਹਰ ਕੋਈ ਭਾਵੁਕ ਹੋ ਗਿਆ। ਭੈਣ ਨਾਲ ਜਵਾਨਾਂ ਦੀਆਂ ਤਸਵੀਰਾਂ ਸੋਸਲ ਮੀਡੀਆ ਉੱਤੇ ਵਾਇਰਲ ਹੋ ਰਹੀਆਂ ਹਨ। ਇਸ ਬਾਰੇ ਸੀ ਆਰ ਪੀ ਐਫ਼ ਨੇ ਟਵੀਟ ਵੀ ਕੀਤਾ ਹੈ।

ਵਰਨਣ ਯੋਗ ਹੈ ਕਿ ਅਕਤੂਬਰ 2020 ਵਿੱਚ ਸੀ ਆਰ ਪੀ ਐਫ਼ ਕਾਂਸਟੇਬਲ ਸ਼ੈਲੇਂਦਰ ਪ੍ਰਤਾਪ ਸਿੰਘ ਕਸ਼ਮੀਰ ਦੇ ਪੁਲਵਾਮਾ ਵਿੱਚ ਅਤਿਵਾਦੀਆਂ ਨਾਲ ਮੁਕਾਬਲਾ ਕਰਦੇ ਹੋਏ ਮਾਰਿਆ ਗਿਆ ਸੀ।

# ਨੌਕਰੀਆਂ ਤੇ ਦਾਖਲਿਆਂ ਦੇ ਟੈਸਟ ਪਾਸ ਕਰਾਉਣ ਵਾਲਾ ਰੌਬਿਨ ਨਾਂਅ ਦਾ ਗੈਂਗਸਟਰ ਗ੍ਰਿਫਤਾਰ

* ਛੇ ਰਾਜਾਂ ਵਿੱਚ ਨੈਟਵਰਕ, 1000 ਲੋਕਾਂ ਨੂੰ ਨੌਕਰੀ ਦਿਵਾ ਚੁੱਕੈ

ਸੋਨੀਪਤ, 16 ਦਸੰਬਰ (ਪੋਸਟ ਬਿਊਰੋ)- ਸਰਕਾਰੀ ਨੌਕਰੀ ਤੇ ਚੰਗੇ ਕੋਰਸ ਵਿੱਚ ਦਾਖਲਾ ਦਿਵਾਉਣ ਦੇ ਨਾਂਅ ਉੱਤੇ ਆਨਲਾਈਨ ਤੇ ਆਫਲਾਈਨ ਟੈਸਟ ਕਰਾਉਣ ਵਾਲੇ ਗੈਂਗ ਦੇ ਸਰਗਨਾ ਰੋਬਿਨ ਨੂੰ ਦਿੱਲੀ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਉਹ ਸੋਨੀਪਤ ਦੇ ਪਿੰਡ ਸ਼ਾਮੜੀ ਦਾ ਵਾਸੀ ਤੇ ਦਿੱਲੀ ਪੁਲਸ ਵਿੱਚ ਸਿਪਾਹੀ ਹੈ। ਉਸ ਉੱਤੇਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਨੇ ਇੱਕ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ।



ਰੋਬਿਨ ਤੋਂ ਪੁੱਛਗਿੱਛ ਵਿੱਚ ਖੁਲਾਸਾ ਹੋਇਆ ਹੈ ਕਿ ਉਹ 2011 ਤੋਂ ਗਿਰੋਹ ਚਲਾ ਰਿਹਾ ਹੈ। ਉਹ ਕਰੀਬ 1000 ਨੌਜਵਾਨਾਂ ਦੇ ਟੈਸਟ ਪਾਸ ਕਰਵਾ ਕੇ ਨੌਕਰੀ ਲਗਵਾ ਚੁੱਕਾ ਹੈ। ਉਸ ਨੇ ਦਾਅਵਾ ਕੀਤਾ ਕਿ ਉਹ ਟੈਸਟ ਦੇਣ ਵਾਲਿਆਂ ਨੂੰ 99 ਫੀਸਦੀ ਤੋਂ ਵੀ ਵੱਧ ਨੰਬਰ ਦਿਵਾਉਂਦਾ ਸੀ। ਉਹ ਅੱਜ ਤਕ 14 ਟੈਸਟਾਂ ਦੇ ਪੇਪਰ ਕਰਵਾ ਚੁੱਕਾ ਸੀ। ਇਸ ਗੈਂਗ ਨੇ ਹਰ ਟੈਸਟ ਦੇ ਰੇਟ ਤੈਅ ਕੀਤੇ ਹੋਏ ਸਨ। ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ) ਨੈਟ ਕਲੀਅਰ ਕਰਾਉਣ ਦੇ ਦੋ ਲੱਖ ਰੁਪਏ, ਪੁਲਸ ਦਾ ਟੈਸਟ ਪਾਸ ਕਰਾਉਣ ਦੇ ਤਿੰਨ ਤੋਂ ਪੰਜ ਲੱਖ ਰੁਪਏ, ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਵਿੱਚ ਨੌਕਰੀ ਦੇ ਨਾਂਅ ਉੱਤੇ 10 ਲੱਖ ਰੁਪਏ ਅਤੇ ਬੈਂਕ ਪੀ ਓ ਦੇ ਅੱਠ ਤੋਂ 10 ਲੱਖ ਰੁਪਏ ਲੈਂਦਾ ਸੀ। ਉਸ ਨੇ ਦੱਸਿਆ ਕਿ ਉਹ 2009 ਵਿੱਚ ਖੁਦ ਦਿੱਲੀ ਪੁਲਸ ਵਿੱਚ ਸਿਪਾਹੀ ਭਰਤੀ ਹੋਇਆ ਸੀ। ਪੁਲਸ ਇਸ ਗਿਰੋਹ ਦੇ 20 ਲੋਕਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਦੋਸ਼ੀ ਰੋਬਿਨ ਦੀ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੀ ਵਰਚੁਅਲ ਮੀਟਿੰਗ ਅਟੈਂਡ ਕਰਦੇ ਦੀ ਫੋਟੋ ਵੀ ਹੈ।ਉਸ ਦੀ ਮੁੱਖ ਮੰਤਰੀ ਦੀ ਵਰਚੁਅਲ ਬੈਠਕ ਅਟੈਂਡ ਕਰਦੇ ਹੋਏ ਬਰੋਦਾ ਤੋਂ ਭਾਜਪਾ ਉਮੀਦਵਾਰ ਰਹੇ ਯੋਗੇਸ਼ਵਰ ਦੱਤ ਨਾਲ ਵੀ ਫੋਟੋ ਹੈ। ਉਸ ਨੇ ਕੁਝ ਦਿਨ ਪਹਿਲਾਂ ਇੱਕ ਮਹਿਲਾ ਪੁਲਸ ਅਧਿਕਾਰੀ ਨੂੰ ਦਿੱਤੀ ਸ਼ਿਕਾਇਤ ਵਿੱਚ ਲਿਖਿਆ ਸੀ, ''ਮੈਂ ਭਾਜਪਾ ਦਾ ਕਾਰਕੁੰਨ ਹਾਂ। ਪਰਵਾਰ ਜ਼ਿਲ੍ਹਾ ਪ੍ਰੀਸ਼ਦ ਚੋਣ ਦੀ ਤਿਆਰੀ ਕਰ ਰਿਹਾ ਹੈ। ਮੈਂ ਭਾਜਪਾ ਦਾ ਪ੍ਰੋਗਰਾਮ ਕਰਾਇਆ ਸੀ। ਮੇਰੇ ਪਰਵਾਰ ਦਾ ਅਕਸ ਖਰਾਬ ਕਰਨ ਲਈ ਝੂਠੇ ਦੋਸ਼ ਲਾਏ ਜਾ ਰਹੇ ਹਨ। ਇਸ ਬਾਰੇ ਵਿੱਚ ਨਿਰਪੱਖ ਜਾਂਚ ਕਰਾਓ।'' ਉਸ ਨੇ ਆਪਣੇ ਪਿਤਾ ਰਾਜਪਾਲ ਅਤੇ ਹੋਰਨਾਂ ਜਾਣਕਾਰਾਂ ਦੇ ਨਾਂਅ ਉੱਤੇ ਟਰੱਸਟ ਬਣਾਏ ਹੋਏ ਹਨ ਤਾਂ ਕਿ ਕਿਸੇ ਨੂੰ ਉਸ ਉੱਤੇ ਸ਼ੱਕ ਨਾ ਹੋਵੇ। ਇਨ੍ਹਾਂ ਦੇ ਨਾਂਅ ਉੱਤੇ ਦੋਸ਼ੀ ਨੇ ਆਨਲਾਈਨ ਤੇ ਆਫਲਾਈਨ ਟੈਸਟ ਕਰਾਉਣ ਦੇ ਲਈ ਛੇ ਰਾਜਾਂ ਵਿੱਚ 17 ਲੈਬ ਬਣਾਈਆਂ ਹੋਈਆਂ ਸਨ। ਸੋਨੀਪਤ ਵਿੱਚ ਪੰਜ ਕਾਲਜਾਂ ਵਿੱਚ ਲੈਬ ਬਣਾਈਆਂ ਹੋਈਆਂ ਸਨ। ਇਨ੍ਹਾਂ ਵਿੱਚ ਇੱਕ ਲੈਬ ਦੇ ਅੰਦਰ 350 ਪ੍ਰੀਖਿਆਰਥੀਆਂ ਦੇ ਬੈਠਣ ਦੀ ਸਮਰੱਥਾ ਹੈ। ਮੋਹਾਲੀ ਲੈਬ ਦਾ ਉਹ ਹਰ ਮਹੀਨੇ ਸੱਤ ਲੱਖ ਰੁਪਏ ਕਿਰਾਇਆ ਦਿੰਦਾ ਸੀ।

# ਭਾਰਤ ਵਿੱਚ ਸੈਮੀਕੰਡਕਟਰ ਬਣਾਏ ਤੇ ਡਿਜ਼ਾਈਨ ਕੀਤੇ ਜਾ ਸਕਣਗੇ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਦੇ ਵਕਤ ਵਿੱਚ ਆਟੋਮੋਬਾਈਲ ਇੰਡਸਟਰੀ ਤੇ ਇਲੈਕਟ੍ਰਾਨਿਕਸ ਮੈਨੂਫੈਕਚਰਿੰਗ ਸਨਅਤ ਨੂੰ ਸੈਮੀਕੰਡਕਟਰ ਚਿਪ ਦੀ ਕਮੀ ਨੇ ਭਾਰਤ ਸਰਕਾਰ ਨੂੰ ਇਸ ਪੂਰੇ ਆਰਥਿਕ ਸਿਸਟਮ ਉੱਤੇ ਨਵੇਂ ਸਿਰੇ ਤੋਂ ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ ਹੈ। ਪਿਛਲੇ ਚਾਰ ਮਹੀਨਿਆਂ ਵਿੱਚ ਹਾਰਡਵੇਅਰ ਤੇ ਇਲੈਕਟ੍ਰਿਕ ਵਾਹਨਾਂ ਦੀ ਬੈਟਰੀ ਨੂੰ ਉਤਸ਼ਾਹ ਦੇਣ ਅਤੇ ਭਾਰਤ ਨੂੰ ਦੁਨੀਆ ਦਾ ਸੈਮੀਕੰਡਕਟਰ ਹੱਬ ਬਣਾਉਣ ਲਈ 76 ਹਜ਼ਾਰ ਕਰੋੜ ਰੁਪਏ ਦੀ ਉਤਸ਼ਾਹੀ ਯੋਜਨਾ ਨੂੰ ਕੇਂਦਰ ਸਰਕਾਰ ਨੇ ਕੱਲ੍ਹਮਨਜ਼ੂਰੀ ਦੇ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਭਾਰਤ ਸਰਕਾਰ ਦੀ ਇਸ ਯੋਜਨਾ ਦਾ ਮਕਸਦ ਇਹ ਹੈ ਕਿ ਅਗਲੇ ਦੋ-ਤਿੰਨ ਸਾਲਾਂ ਵਿੱਚ ਭਾਰਤ ਦੀਆਂ ਕੰਪਨੀਆਂ ਜ਼ਰੂਰੀ ਸੈਮੀਕੰਡਕਟਰ ਲਈ ਦੂਜੇ ਦੇਸ਼ਾਂ ਉੱਤੇ ਨਿਰਭਰ ਨਾ ਰਹਿਣ। ਸਰਕਾਰ ਦਾ ਇਹ ਕਦਮ ਸਹੀ ਸਾਬਤ ਹੋਇਆ ਤਾਂ ਆਧੁਨਿਕ ਤਕਨੀਕ ਨਾਲ ਨਾ ਸਿਰਫ ਭਾਰਤ ਦੀ ਧਾਕ ਜੰਮੇਗੀ,ਸਗੋਂ 1.35 ਲੱਖ ਲੋਕਾਂ ਨੂੰ ਚੰਗੇ ਕਿਸਮ ਦਾ ਰੁਜ਼ਗਾਰ ਮਿਲਣ ਦੇ ਲਈ ਰਾਹ ਵੀ ਨਿਕਲੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰੀ ਕੈਬਨਿਟ ਦੀ ਬੈਠਕ ਵਿੱਚ ਇਹ ਫੈਸਲਾ ਹੋਇਆ, ਜਿਸ ਬਾਰੇ ਸੂਚਨਾ ਟੈਕਨਾਲੋਜੀ ਤੇ ਸੰਚਾਰ ਮੰਤਰੀ ਅਸ਼ਵਨੀ ਵੈਸ਼ਣਵ ਨੇ ਦੱਸਿਆ ਕਿ ਸਰਕਾਰ ਦੀ ਮਨਸ਼ਾ ਸੈਮੀਕੰਡਕਟਰ ਦੇ ਡਿਜ਼ਾਈਨ ਤੋਂ ਨਿਰਮਾਣ ਤਕ ਦੇ ਖੇਤਰ ਵਿੱਚ ਆਤਮ ਨਿਰਭਰ ਬਣਨ ਦੀ ਹੈ ਅਤੇ ਛੇਤੀ ਹੀ ਸੈਮੀਕੰਡਕਟਰ ਮਿਸ਼ਨ ਕਾਇਮ ਕੀਤਾ ਜਾਵੇਗਾ। ਇਹ ਮਿਸ਼ਨ ਦੁਨੀਆ ਦੇ ਪ੍ਰਮੁੱਖ ਸੈਮੀਕੰਡਟਰ ਪ੍ਰੋਫੈਸ਼ਨਲਾਂ ਦੀ ਅਗਵਾਈ ਵਿੱਚ ਇੱਕ ਨੋਡਲ ਏਜੰਸੀ ਵਜੋਂ ਕੰਮ ਕਰੇਗਾ।

## ਗੈਂਗਸਟਰ ਸੁਰੇਸ਼ ਪੁਜਾਰੀ ਨੂੰ ਫਿਲੀਪੀਨਸ ਤੋਂ ਭਾਰਤ ਲਿਆਂਦਾ ਗਿਆ

ਮੁੰਬਈ, 16 ਦਸੰਬਰ (ਪੋਸਟ ਬਿਊਰੋ)- ਮੁੰਬਈ ਅਤੇ ਕਰਨਾਟਕ ਵਿੱਚ ਜਬਰੀ ਵਸੂਲੀ ਦੇ ਕਈ ਕੇਸਾਂ ਵਿੱਚ ਭਗੌੜੇ ਗੈਂਗਸਟਰ ਸੁਰੇਸ਼ ਪੁਜਾਰੀ ਨੂੰ ਫਿਲਪੀਨਸ ਤੋਂ ਭਾਰਤ ਲਿਆਂਦਾ ਗਿਆ ਹੈ।

ਪੁਲਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕੱਲ੍ਹ ਇੱਥੇ ਦੱਸਿਆ ਕਿ ਮਹਾਰਾਸ਼ਟਰ ਅੱਤਵਾਦ ਵਿਰੋਧੀ ਦਸਤੇ (ਏ ਟੀ ਐਸ) ਨੇ ਕੱਲ੍ਹ ਪੁਜਾਰੀ ਨੂੰ ਦਿੱਲੀ ਵਿੱਚ ਗ੍ਰਿਫਤਾਰ ਕੀਤਾ ਅਤੇ ਮਹਾਰਾਸ਼ਟਰ ਦੇ ਠਾਣੇ ਸ਼ਹਿਰ ਵਿੱਚ ਉਸ ਦੇ ਖਿਲਾਫ ਕੇਸਾਂ ਦੇ ਲਈ ਉਸ ਨੂੰ ਮੁੰਬਈ ਲਿਆਂਦਾ ਹੈ। ਪੁਜਾਰੀ ਮੁੰਬਈ ਅਤੇ ਉਸ ਦੇ ਨੇੜਲੇ ਇਲਾਕਿਆਂ ਠਾਣੇ, ਕਲਿਆਣ, ਉਲਹਾਸਨਗਰ ਅਤੇ ਡੋਂਬੀਵਲੀ ਵਿੱਚ ਜਬਰੀ ਵਸੂਲੀ ਦੇ ਕੇਸਾਂ ਵਿੱਚ ਭਗੌੜਾ ਹੈ। ਅਧਿਕਾਰੀ ਨੇ ਦੱਸਿਆ ਕਿ ਉਸ ਨੂੰ ਫਿਲੀਪੀਨਸ ਤੋਂ ਹਵਾਲਗੀ ਦੇ ਬਾਅਦ ਮੰਗਲਵਾਰ ਦੇਰ ਰਾਤ ਭਾਰਤ ਲਿਆਂਦਾ ਗਿਆ ਸੀ। ਨੇ ਦੱਸਿਆ ਕਿ ਖੁਫੀਆ ਬਿਊਰੋ (ਆਈ ਬੀ) ਅਤੇ ਸੀ ਬੀ ਆਈ ਅਧਿਕਾਰੀਆਂ ਨੇ ਪੁਜਾਰੀ ਦੇ ਦਿੱਲੀ ਹਵਾਈ ਅੱਡੇ ਉੱਤੇ ਉਤਰਨ ਵੇਲੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਮਹਾਰਾਸ਼ਟਰ ਪੁਲਸਵੱਲੋਂ ਡੀ ਸੀ ਪੀ ਰਾਜਕੁਮਾਰ ਸ਼ਿੰਦੇ ਦੀ ਅਗਵਾਈ ਵਿੱਚ ਇੱਕ ਏ ਟੀ ਐਸ ਟੀਮ ਮੰਗਲਵਾਰ ਸ਼ਾਮ ਉਸ ਨੂੰ ਦਿੱਲੀ ਤੋਂ ਲੈ ਕੇ ਕੱਲ੍ਹ ਸਵੇਰੇ ਜਹਾਜ਼ ਰਾਹੀਂ ਮੁੰਬਈ ਆ ਗਈ ਹੈ। ਉਨ੍ਹਾਂ ਕਿਹਾ ਕਿ ਠਾਣੇ ਸ਼ਹਿਰ ਵਿੱਚ ਪੁਜਾਰੀ ਦੇ ਖਿਲਾਫ ਦਰਜ ਸਾਰੇ ਕੇਸ ਇਸ ਰਾਜ ਦੇ ਡੀ ਜੀ ਪੀ(ਏ ਟੀ ਐਸ) ਨੂੰ ਟਰਾਂਸਫਰ ਕਰ ਦਿੱਤੇ ਗਏ ਹਨ।

## ਪੁੰਣਛ ਵਿੱਚ ਅੱਤਵਾਦੀ ਅਬੂ ਜਾਰਾ ਮਾਰਿਆ ਗਿਆ



ਪੁੰਣਛ, 16 ਦਸੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਪੁੰਣਛ ਜ਼ਿਲ੍ਹੇ ਵਿੱਚ ਕੱਲ੍ਹ ਸੁਰੱਖਿਆ ਫੋਰਸਾਂ ਨਾਲ ਮੁਕਾਬਲੇ ਵਿੱਚ ਇੱਕ ਅੱਤਵਾਦੀ ਮਾਰਿਆ ਗਿਆ, ਜਿਹੜਾ ਬੜਾ ਖਤਰਨਾਕ ਦੱਸਿਆ ਗਿਆ ਹੈ।

ਰੱਖਿਆ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਫ਼ੌਜ ਤੇ ਜੰਮੂ-ਕਸ਼ਮੀਰ ਪੁਲਸ ਨੇ ਪੁੰਣਛ ਦੇ ਬਹਿਰਾਮਗਲਾ ਇਲਾਕੇ ਵਿੱਚ ਹਥਿਆਰਬੰਦ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਸੂਚਨਾ ਮਿਲਣ ਤੋਂ ਬਾਅਦ ਇੱਕ ਤਲਾਸ਼ੀ ਮੁਹਿੰਮ ਚਲਾਈ ਤਾਂ ਇਸ ਦੌਰਾਨ ਅੱਤਵਾਦੀਆਂ ਨੇ ਜਵਾਨਾਂ ਉਤੇ ਗੋਲੀਆਂ ਚਲਾ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਜਵਾਨਾਂ ਨੇ ਜਵਾਬੀ ਕਾਰਵਾਈ ਕੀਤੀ ਤਾਂ ਇੱਕ ਅੱਤਵਾਦੀ ਮਾਰਿਆ ਗਿਆ। ਮੁਕਾਬਲੇ ਵਾਲੀ ਥਾਂ ਤੋਂ ਇੱਕ ਏ ਕੇ 47 ਰਾਈਫਲ, ਚਾਰ ਮੈਗੀਜ਼ਨ ਅਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ। ਮਾਰੇ ਗਏ ਅੱਤਵਾਦੀ ਦੀ ਪਛਾਣ ਅਬੂ ਜਾਰਾ ਵਜੋਂ ਕੀਤੀ ਗਈ ਹੈ। ਉਧਰ ਸ਼੍ਰੀਨਗਰ ਦੇ ਬਾਹਰੀ ਇਲਾਕੇ ਵਿੱਚ ਕੱਲ੍ਹ ਪੁਲਸ ਦੀ ਬੱਸ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲੇ ਵਿੱਚ ਜ਼ਖ਼ਮੀ ਕਾਂਸਟੇਬਲ ਦੀ ਮੌਤ ਹੋ ਗਈ। ਇਸ ਨਾਲ ਹਮਲੇ ਵਿੱਚ ਮ੍ਰਿਤਕਾਂ ਦੀ ਗਿਣਤੀ ਵੱਧ ਕੇ ਤਿੰਨ ਹੋ ਗਈ ਹੈ।

# ਸੋਨੀਆ ਗਾਂਧੀ ਵਿਰੋਧੀ ਧਿਰ ਨੂੰ ਇੱਕਜੁਟ ਕਰਨ ਵਿੱਚ ਲੱਗੀ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਕੱਲ੍ਹ ਰਾਸ਼ਟਰ-ਵਾਦੀ ਕਾਂਗਰਸ ਪਾਰਟੀ ਦੇ ਮੁੱਖੀ ਸ਼ਰਦ ਪਵਾਰ ਅਤੇ ਵਿਰੋਧੀ ਧਿਰ ਦੇ ਕਈ ਸੀਨੀਅਰ ਨੇਤਾਵਾਂ ਨਾਲ ਬੈਠਕ ਵਿੱਚ ਪਾਰਲੀਮੈਂਟ ਦੇ ਮੌਜੂਦਾ ਸਰਦ ਰੁੱਤ ਸੈਸ਼ਨ ਵਿੱਚ ਵਿਰੋਧੀ ਧਿਰ ਨੂੰ ਇੱਕਜੁਟ ਕਰਨ ਅਤੇ ਸਾਂਝੀ ਰਣਨੀਤੀ ਬਾਰੇ ਚਰਚਾ ਕੀਤੀ।

ਜਾਣਕਾਰ ਸੂਤਰਾਂ ਅਨੁਸਾਰ ਸੋਨੀਆ ਗਾਂਧੀ ਦੇ ਘਰ ਹੋਈ ਇਸ ਬੈਠਕ ਵਿੱਚ ਪਵਾਰ ਦੇ ਨਾਲ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ, ਸ਼ਿਵਸੈਨਾ ਨੇਤਾ ਸੰਜੈ ਰਾਊਤ ਅਤੇ ਡੀ ਐਮ ਕੇ ਨੇਤਾ ਟੀ ਆਰ ਬਾਲੂ ਆਦਿ ਸ਼ਾਮਲ ਹੋਏ। ਕਾਂਗਰਸ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਅਗਲੇ ਦਿਨਾਂ ਵਿੱਚ ਅਜਿਹੀਆਂ ਹੋਰ ਵੀ ਬੈਠਕਾਂ ਹੋਣਗੀਆਂ ਤਾਂ ਕਿ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇੱਕਜੁੱਟ ਕੀਤਾ ਜਾ ਸਕੇ। ਇਸ ਬੈਠਕ ਵਿੱਚ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰ-ਜੁਨ ਖੜਗੇ ਵੀ ਸਨ। ਸੂਤਰਾਂ ਅਨੁਸਾਰ ਸੋਨੀਆ ਗਾਂਧੀ ਨੇ ਇਸ ਬੈਠਕ ਲਈ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਅਤੇ ਤਮਿਲਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਨੂੰ ਵੀ ਸੱਦਾ ਦਿੱਤਾ ਸੀ ਅਤੇ ਇਨ੍ਹਾਂ ਦੋਵਾਂ ਨੇਤਾਵਾਂ ਨੇ ਬੈਠਕ ਲਈ ਰਾਊਤ ਅਤੇ ਬਾਲੂ ਨੂੰ ਭੇਜਿਆ।

## ਕੂਨੂਰ ਹੈਲੀਕਾਪਟਰ ਹਾਦਸੇ ਵਿਚ ਇਕੱਲੇ ਜ਼ਿੰਦਾ ਬਚੇ ਗਰੁੱਪ ਕੈਪਟਨ ਵਰੁਣ ਸਿੰਘ ਨੇ ਵੀ ਦਮ ਤੋੜਿਆ

ਬੇਂਗਲੂਰੂ, 16 ਦਸੰਬਰ (ਪੋਸਟ ਬਿਊਰੋ)- ਤਾਮਿਲਨਾਡੂ ਦੇ ਕੂਨੂਰ ਵਿਖੇ 8 ਦਸੰਬਰ ਨੂੰ ਹਾਦਸੇ ਦਾ ਸ਼ਿਕਾਰ ਹੋਏ ਹਵਾਈ ਫ਼ੌਜ ਦੇ ਹੈਲੀਕਾਪਟਰ ਵਿੱਚ ਇੱਕੋ-ਇੱਕ ਜ਼ਿੰਦਾ ਬਚੇ ਗਰੁੱਪ ਕੈਪਟਨ ਵਰੁਣ ਸਿੰਘ ਜ਼ਿੰਦਗੀ ਅਤੇ ਮੌਤ ਦੀ ਜੰਗ ਕੱਲ੍ਹ ਹਾਰ ਗਏ। ਉਨ੍ਹਾਂ ਦਾ ਇੱਥੋਂ ਦੇ ਇੱਕ ਹਸਪਤਾਲ ਵਿੱਚ ਦੇਹਾਂਤ ਹੋ ਗਿਆ।



ਵਰਨਣ ਯੋਗ ਹੈ ਕਿ ਇਸ ਹੈਲੀਕਾਪਟਰ ਹਾਦਸੇ ਵਿੱਚ ਭਾਰਤ ਦੇ ਚੀਫ ਆਫ ਡਿਫੈਂਸ ਜਨਰਲ ਬਿਪਿਨ ਰਾਵਤ, ਉਨ੍ਹਾਂ ਦੀ ਪਤਨੀ ਮਧੁਲਿਕਾ ਰਾਵਤ ਅਤੇ 11 ਹੋਰ ਅਫਸਰਾਂ ਦੀ ਮੌਤ ਹੋ ਗਈ ਸੀ। ਇਸ ਦੁਰਘਟਨਾ ਵਿੱਚ ਸਿਰਫ਼ ਵਰੁਣ ਸਿੰਘ ਜ਼ਿੰਦਾ ਬਚੇ ਸਨ। ਭਾਰਤੀ ਹਵਾਈ ਫ਼ੌਜ ਨੇ ਟਵੀਟ ਕੀਤਾ: 'ਇਹ ਦੱਸਦੇ ਹੋਏ ਡੂੰਘਾ ਦੁੱਖ ਹੋ ਰਿਹਾ ਹੈ ਕਿ ਬਹਾਦਰ ਗਰੁੱਪ ਕੈਪਟਨ ਵਰੁਣ ਸਿੰਘ ਦਾ ਦਿਹਾਂਤ ਹੋ ਗਿਆ ਹੈ। ਭਾਰਤੀ ਹਵਾਈ ਫੌਜ ਨੂੰ ਉਨ੍ਹਾਂ ਦੇ ਦਿਹਾਂਤ ਉਤੇ ਡੂੰਘਾ ਅਫਸੋਸ ਹੈ ਅਤੇ ਫੌਜ ਦੁਖੀ ਪਰਵਾਰ ਨਾਲ ਖੜੀ ਹੈ।' ਹੈਲੀਕਾਪਟਰ ਦੁਰਘਟਨਾ ਵਿੱਚ ਵੀਰ ਚੱਕਰ ਨਾਲ ਸਨਮਾਨਤ ਵਰੁਣ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਸਨ। ਉਨ੍ਹਾਂ ਨੂੰ ਜੀਵਨ ਰਖਿਅਕ ਪ੍ਰਣਾਲੀ ਉਤੇ ਰੱਖਿਆ ਗਿਆ ਸੀ ਅਤੇ ਓਲਡ ਏਅਰਪੋਰਟ ਰੋਡ ਉਤੇ ਹਵਾਈ ਫ਼ੌਜ ਕਮਾਨ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਸੀ।ਵਰੁਣ ਦੇ ਦਿਹਾਂਤ ਉਤੇ ਰਾਸ਼ਟਰਪਤੀ ਰਾਮਨਾਥ ਕੋਵਿੰਦ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਤੇ ਕਈ ਹੋਰ ਕੇਂਦਰੀ ਮੰਤਰੀਆਂ ਅਤੇ ਨੇਤਾਵਾਂ ਨੇ ਅਫਸੋਸ ਪ੍ਰਗਟਾਇਆ ਹੈ ਤੇ ਉਨ੍ਹਾਂ ਦੇ ਪਰਵਾਰ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ।

ਭਾਰਤ ਸਰਕਾਰ ਨੇ ਕਿਹਾ:

# ਸਮਾਜਿਕ-ਆਰਥਿਕ ਤੇ ਜਾਤੀ ਜਨਗਣਨਾ ਅਤੇ ਓ ਬੀ ਸੀ ਡਾਟਾ ਸਾਡੇ ਕੋਲ ਨਹੀਂ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕੱਲ੍ਹ ਸੁਪਰੀਮ ਕੋਰਟ ਨੂੰ ਦੱਸਿਆ ਕਿ ਸਮਾਜਿਕ-ਆਰਥਿਕ ਅਤੇ ਜਾਤੀ ਜਨਗਣਨਾ (ਐਸ ਈ ਸੀ ਸੀ), 2011 ਬਾਕੀ ਪਿਛੜਾ ਵਰਗ (ਓ ਬੀ ਸੀ) ਬਾਰੇ ਡਾਟਾ ਨਹੀਂ ਹੈ। ਕੇਂਦਰ ਸਰਕਾਰ ਨੇ ਕਿਹਾ ਕਿ ਇਸ ਨੂੰ ਤਰੁੱਟੀਪੂਰਨ ਪਾਇਆ ਗਿਆ ਸੀ, ਜਿਸ ਕਾਰਨ ਇਸ ਨੂੰ ਜਨਤਕ ਨਹੀਂ ਕੀਤਾ ਗਿਆ, ਕਿਉਂਕਿ ਇਸ ਨਾਲ ਭਰਮ ਦੀ ਸਥਿਤੀ ਪੈਦਾ ਹੋ ਜਾਣੀ ਸੀ।

ਇਸ ਸੰਬੰਧ ਵਿੱਚ ਕੇਂਦਰ ਸਰਕਾਰ ਨੇ ਕਿਹਾ ਕਿ ਉਹ ਓ ਬੀ ਸੀ ਲਈ ਰਾਖਵਾਂਕਰਨ ਦਾ ਪੂਰਾ ਸਮਰਥਨ ਕਰਦੀ ਹੈ, ਪਰ ਇਹ ਸੰਵਿਧਾਨ ਦੇ ਫੈਸਲੇ ਅਨੁਸਾਰ ਹੋਣਾ ਚਾਹੀਦਾ ਹੈ। ਸਰਕਾਰ ਨੇ ਤਿੰਨ ਸ਼ਰਤਾਂ ਦੇ ਬਾਰੇ ਕਿਹਾ ਹੈ, ਇਨ੍ਹਾਂ ਵਿੱਚ ਰਾਜ ਅੰਦਰ ਸਥਾਨਕ ਲੋਕਲ ਬਾਡੀਜ਼ ਦੇ ਰੂਪ ਵਿੱਚ ਪਿਛੜੇਪਨ ਦਾ ਰੁਝਾਨ ਅਤੇ ਹਿੱਤਾਂ ਦਾ ਪਤਾ ਲਾਉਣ ਲਈ ਇੱਕ ਪੱਕਾ ਕਮਿਸ਼ਨ ਬਣਾਇਆ ਜਾਣਾ ਸ਼ਾਮਲ ਹੈ।ਸੁਪਰੀਮ ਕੋਰਟ ਮਹਾਰਾਸ਼ਟਰ ਸਰਕਾਰ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਹੈ, ਜਿਸ ਵਿੱਚ ਓ ਬੀ ਸੀ ਦੇ ਐਸ ਈ ਸੀ ਸੀ 2011 ਦੇ ਮੂਲ ਜਾਤੀਵਾਦੀ ਅੰਕੜੇ ਰਾਜਾਂ ਨੂੰ ਦੇਣ ਲਈ ਕੇਂਦਰ ਅਤੇ ਹੋਰ ਅਥਾਰਟੀਜ਼ ਨੂੰ ਹੁਕਮ ਦੇਣ ਦੀ ਅਪੀਲ ਕੀਤੀ ਗਈ ਹੈ, ਜਿਸ ਨੂੰ ਵਾਰ-ਵਾਰ ਮੰਗਣ ਉੱਤੇ ਵੀ ਨਹੀਂ ਦਿੱਤਾ ਗਿਆ।

ਜਸਟਿਸ ਏ ਐਮ ਖਾਨਵਿਲਕਰ ਅਤੇ ਜਸਟਿਸ ਸੀ ਟੀ ਰਵੀਕੁਮਾਰ ਦੀ ਬੈਂਚ ਦੇ ਸਾਹਮਣੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਨਾ ਸਿਰਫ ਰਾਖਵਾਂਕਰਨ, ਬਲਕਿ ਰੋਜ਼ਗਾਰ, ਸਿੱਖਿਆ ਆਦਿ ਦੇ ਲਈ ਐਸ ਈ ਸੀ ਸੀ 2011 ਦੇ ਅੰਕੜਿਆਂ ਨੂੰ ਆਧਾਰ ਨਹੀਂ ਬਣਾਇਆ ਜਾ ਸਕਦਾ। ਮਹਿਤਾ ਨੇ ਕਿਹਾ ਕਿ 'ਮੈਂ ਭੇਤ ਦੱਸ ਦਿੱਤਾ ਹੈ। ਮੈਂ ਇਹ ਖੁਲਾਸਾ ਕੀਤਾ ਹੈ ਕਿ ਇਹ ਕਿਉਂ ਭਰੋਸਾ ਕਰਨ ਲਾਇਕ ਨਹੀਂ। ਇਹ ਇੱਕ ਹੋਰ ਮਕਸਦ ਲਈ ਇਕੱਠਾ ਕੀਤਾ ਗਿਆ ਸੀ ਅਤੇ ਜਿਨ੍ਹਾਂ ਕਾਰਨਾਂ ਦੀ ਗਣਨਾ ਕੀਤੀ ਗਈ ਸੀ, ਉਨ੍ਹਾਂ ਨੂੰ ਤਰੁੱਟੀਪੂਰਨ ਪਾਇਆ ਗਿਆ ਸੀ।' ਉਨ੍ਹਾਂ ਨੇ ਇਸ ਬਾਰੇ ਕੇਂਦਰ ਵੱਲੋਂ ਇਸ ਸਾਲ ਸਤੰਬਰ ਵਿੱਚ ਦਾਇਰ ਐਫੀਡੇਵਿਟ ਦਾ ਜ਼ਿਕਰ ਵੀ ਕੀਤਾ। ਸਾਲਿਸਟਰ ਜਨਰਲ ਨੇ ਕਿਹਾ ਕਿ ਐਸ ਈ ਸੀ ਸੀ 2011 ਓ ਬੀ ਸੀ ਦਾ ਡਾਟਾ ਨਹੀਂ ਹੈ।

## ਕੋਵਿਡ ਟੀਕਾਕਰਨ ਵਿੱਚ ਇੱਕ ਵੀ ਬੰਦਾ ਰਹਿ ਗਿਆ ਤਾਂ ਫਾਂਸੀ ਉੱਤੇ ਲਟਕਾ ਦਿਆਂਗਾ: ਜ਼ਿਲ੍ਹਾ ਮੈਜਿਸਟ੍ਰੇਟ

ਗਵਾਲੀਅਰ, 16 ਦਸੰਬਰ (ਪੋਸਟ ਬਿਊਰੋ)- ਗਵਾਲੀਅਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਕੌਸ਼ਲੇਂਦਰ ਵਿਕਰਮ ਸਿੰਘ ਨੇ ਕੋਰੋਨਾ ਵਾਇਰਸ ਰੋਕੂ ਟੀਕਾਕਰਨ ਦਾ ਟੀਚਾ ਪੂਰਾ ਨਾ ਹੋਣ ਉੱਤੇਅਫਸਰਾਂ ਅਤੇ ਮੁਲਾਜ਼ਮਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ 'ਜੇ ਇੱਕ ਵੀ ਵਿਅਕਤੀ ਰਹਿ ਗਿਆ ਤਾਂ ਮੈਂ ਫਾਂਸੀਟੰਗ ਦਿਆਂਗਾ। ਚਾਹੇ ਖੇਤ ਵਿੱਚ ਜਾਓ, ਲੋਕਾਂ ਦੇ ਪੈਰ ਫੜੋ ਜਾਂ ਉਨ੍ਹਾਂ ਦੇ ਘਰ ਜਾ ਕੇ 24 ਘੰਟੇ ਬੈਠੋ, ਪਰ ਟੀਕਾਕਰਨ ਦਾ ਟੀਚਾ ਪੂਰਾ ਹੋਣਾ ਚਾਹੀਦਾ ਹੈ।'



ਭਿੱਤਰਵਾਰ ਤਹਿਸੀਲ ਵਿੱਚ ਅਫਸਰਾਂ ਅਤੇ ਮੁਲਾਜ਼ਮਾਂ ਦੀ ਮੀਟਿੰਗ ਵਿੱਚ ਜ਼ਿਲ੍ਹਾ ਮੈਜਿਸਟ੍ਰੇਟ ਕੌਸਲੇਂਦਰ ਸਿੰਘ ਦੇ ਸਾਹਮਣੇ ਇਹ ਤੱਥ ਆਇਆ ਕਿ ਕੋਵਿਡ-19 ਰੋਕੂ ਟੀਕਾਕਰਨ ਲਾਉਣ ਦਾ ਟੀਚਾ ਪੂਰਾ ਨਹੀਂ ਹੋ ਰਿਹਾ। ਇਸ ਉੱਤੇਉਸ ਨੇ ਗੁੱਸੇ ਵਿੱਚ ਕਿਹਾ,''ਭਾਵੇਂ ਖੇਤ ਜਾ ਕੇ ਬੰਦੇ ਦੇ ਪੈਰ ਫੜੋ, ਘਰ ਜਾ ਕੇ 24 ਘੰਟੇ ਬੈਠ ਜਾਓ, ਪਰ ਟੀਕਾਕਰਨ ਦਾ ਟੀਚਾ ਪੂਰਾ ਹੋਣਾ ਚਾਹੀਦਾ ਹੈ। ਜੇ ਇੱਕ ਵੀ ਟੀਕਾਕਰਨ ਵਾਲਾ ਵਿਅਕਤੀ ਰਹਿ ਗਿਆ ਤਾਂ ਫਾਂਸੀਟੰਗ ਦਿਆਂਗਾ।' ਕੌਸਲੇਂਦਰ ਸਿੰਘ ਵੱਲੋਂ ਮੀਟਿੰਗ ਵਿੱਚ ਦਿੱਤੀ ਇਸ ਚਿਤਾਵਨੀ ਦਾ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਿਆ ਹੈ।ਇਸ ਤੋਂ ਬਾਅਦ ਕੌਸਲੇਂਦਰ ਸਿੰਘ ਨੇ ਮੀਡੀਆ ਨੂੰ ਕਿਹਾ, ''ਸਰਕਾਰੀ ਕਰਮਚਾਰੀ ਮਾਮਲੇ ਦੀ ਗੰਭੀਰਤਾ ਨਹੀਂ ਸਮਝ ਰਹੇ, ਇਸ ਲਈ ਚਿਤਾਵਨੀ ਦਿੱਤੀ ਹੈ ਅਤੇ ਜੇ ਟੀਚਾ ਪੂਰਾ ਨਾ ਕੀਤਾ ਤਾਂ ਬਰਖ਼ਾਸਤਗੀ ਤੱਕ ਦੀ ਕਾਰਵਾਈ ਕੀਤੀ ਜਾਵੇਗੀ।''

## ਐਸਾ ਮਾਹੌਲ ਸਿਰਜਣਾ ਚਾਹੁੰਦੀ ਹਾਂ, ਜਿੱਥੇ ਔਰਤਾਂ ਸਹਿਜ ਮਹਿਸੂਸ ਕਰਨ: ਹਰਨਾਜ ਸੰਧੂ



ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਮਿਸ ਯੂਨੀਵਰਸ-2021 ਦਾ ਖਿਤਾਬ ਜਿੱਤਣ ਵਾਲੀ ਪੰਜਾਬ ਦੀ ਹਰਨਾਜ ਸੰਧੂ ਦਾ ਕਹਿਣਾ ਹੈ ਕਿ ਉਹ ਅਜਿਹਾ ਵਾਤਾਵਰਣ ਸਿਰਜਣਾ ਚਾਹੁੰਦੀ ਹੈ, ਜਿੱਥੇ ਸਾਥੀ ਔਰਤਾਂ ਸਿਹਤ ਤੇ ਸਵੱਛਤਾ ਦੇ ਬਾਰੇ ਆਪਣੀਆਂ ਚਿੰਤਾਵਾਂ ਦੱਸਣ ਵਿੱਚ ਸਹਿਜ ਮਹਿਸੂਸ ਕਰਨ।

ਕੁਝ ਪੰਜਾਬੀ ਫਿਲਮਾਂ ਵਿੱਚ ਕੰਮ ਕਰ ਚੁੱਕੀ ਹਰਨਾਜ਼ ਸੰਧੂ (21) ਨਾ ਕੇਵਲ ਹਿੰਦੀ ਸਿਨੇਮਾ, ਸਗੋਂ ਹਾਲੀਵੁੱਡ ਵਿੱਚ ਵੀ ਇੱਕ ਮੁਕਾਮ ਹਾਸਲ ਕਰਨ ਦੀ ਉਮੀਦ ਕਰ ਰਹੀ ਹੈ। ਉਸ ਨੇ ਕਿਹਾ ਕਿ ਮੈਂ ਬਹੁਤ ਧੰਨਵਾਦੀ ਮਹਿਸੂਸ ਕਰ ਰਹੀ ਹਾਂ ਅਤੇ ਮੇਰਾ ਦਿੱਲ ਉਨ੍ਹਾਂ ਸਭ ਲਈ ਬਹੁਤ ਸਨਮਾਨ ਨਾਲ ਭਰ ਗਿਆ ਹੈ, ਜਿਨ੍ਹਾਂ ਨੇ ਮੇਰੇ ਉੱਤੇ ਭਰੋਸਾ ਦਿਖਾਇਆ ਅਤੇ ਮੈਨੂੰ ਆਪਣਾ ਢੇਰ ਸਾਰਾ ਪਿਆਰ ਦਿੱਤਾ ਹੈ। ਮੈਂ ਇਸ ਮੰਚ ਦੀ ਵਰਤੋਂ ਉਨ੍ਹਾਂ ਮੁੱਦਿਆਂ ਦੇ ਬਾਰੇ ਗੱਲ ਕਰਨ ਲਈ ਕਰਨਾ ਚਾਹੁੰਦੀ ਹਾਂ, ਜਿਨ੍ਹਾਂ ਦੇ ਬਾਰੇ ਸਾਨੂੰ ਸਾਰਿਆਂ ਨੂੰ ਚਿੰਤਤ ਹੋਣਾ ਚਾਹੀਦਾ ਹੈ। ਸੰਧੂ ਲਈ ਉਨ੍ਹਾਂ ਦੀ ਮਾਂ ਅਤੇ ਪੇਸ਼ੇ ਤੋਂ ਇਸਤਰੀ ਰੋਗਾਂ ਦੀ ਮਾਹਰ ਰਵਿੰਦਰ ਕੌਰ ਸੰਧੂ ਇੱਕ ਪ੍ਰੇਰਨਾ ਹਨ, ਜੋ ਮਾਸਿਕ ਧਰਮ ਸਵੱਛਤਾ ਅਤੇ ਬਰੈਸਟ ਕੈਂਸਰ ਜਾਗਰੂਕਤਾ ਉੱਤੇ ਵਿਸ਼ੇਸ਼ ਧਿਆਨ ਦੇਣ ਦੇ ਨਾਲ-ਨਾਲ ਮਹਿਲਾ ਸ਼ਕਤੀਕਰਨ ਲਈ ਰਾਹ ਮੋਕਲਾ ਕਰਨਾ ਚਾਹੁੰਦੀ ਹੈ।

# ਸੀ ਬੀ ਆਈ ਅਤੇ ਈ ਡੀ ਡਾਇਰੈਕਟਰ ਦੇ ਕਾਰਜਕਾਲ ਵਿੱਚ ਵਾਧਾ ਪਾਰਲੀਮੈਂਟ ਵੱਲੋਂ ਪਾਸ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਡਾਇਰੈਕਟਰ ਦਾ ਕਾਰਜਕਾਲ ਵੱਧ ਤੋਂ ਵੱਧ ਪੰਜ ਸਾਲ ਕਰਨ ਬਾਰੇ ਬਿੱਲ ਪਾਰਲੀਮੈਂਟ ਨੇ ਕੱਲ੍ਹ ਪਾਸ ਕਰ ਦਿੱਤੇ ਹਨ, ਭਾਵੇਂ ਕਿ ਇਨ੍ਹਾਂ ਦਾ ਵਿਰੋਧ ਵੀ ਹੋ ਰਿਹਾ ਹੈ।

ਕੇਂਦਰੀ ਪ੍ਰਸੋਨਲ ਰਾਜ ਮੰਤਰੀ ਜਤਿੰਦਰ ਸਿੰਘ ਨੇ ਦਿੱਲੀ ਸਪੈਸ਼ਲ ਪੁਲਸ ਐਸਟੈਬਲਿਸ਼ਮੈਂਟ (ਸੋਧ) ਬਿੱਲ 2021 ਕੱਲ੍ਹ ਵਿਰੋਧੀ ਧਿਰ ਦੇ ਵਾਕਆਊਟ ਦੌਰਾਨ ਰਾਜ ਸਭਾ ਵਿੱਚ ਵਿਚਾਰ ਲਈ ਰੱਖਿਆ। ਈ ਡੀ ਡਾਇਰੈਕਟਰ ਦੇ ਕਾਰਜਕਾਲ ਬਾਰੇ ਸੈਂਟਰਲ ਵਿਜੀਲੈਂਸ ਕਮਿਸ਼ਨ (ਸੋਧ) ਬਿੱਲ 2021 ਵੀ ਕੇਂਦਰੀ ਮੰਤਰੀ ਨੇ ਰਾਜ ਸਭਾ ਵਿੱਚ ਪੇਸ਼ ਕੀਤਾ। ਵਿਰੋਧੀ ਧਿਰ ਨੇ ਰਾਜ ਸਭਾ ਦੇ 12 ਮੈਂਬਰਾਂ ਨੂੰ ਸਸਪੈਂਡ ਕਰਨ ਖਿਲਾਫ ਕੱਲ੍ਹ ਸਦਨ ਤੋਂ ਵਾਕਆਊਟ ਕੀਤਾ। ਦੋਵਾਂ ਬਿੱਲਾਂ ਨੂੰ ਰਾਜ ਸਭਾ ਨੇ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤਾ। ਲੋਕ ਸਭਾ ਪਹਿਲਾਂ ਹੀ ਇਨ੍ਹਾਂ ਬਿੱਲਾਂ ਨੂੰ ਪਾਸ ਕਰ ਚੁੱਕੀ ਹੈ। ਬਿੱਲ ਵਿੱਚ ਈ ਡੀ ਡਾਇਰੈਕਟਰ ਦਾ ਕਾਰਜਕਾਲ ਦੋ ਤੋਂ ਪੰਜ ਸਾਲ ਕਰਨ ਦੀ ਤਜਵੀਜ਼ ਰੱਖੀ ਗਈ ਸੀ। ਬਿੱਲ ਪੇਸ਼ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਸੋਧਾਂ ਕੌਮੀ ਸੁਰੱਖਿਆ ਦੇ ਹਿੱਤ ਵਿੱਚ ਹਨ ਤੇ ਵਿੱਤੀ ਢਾਂਚੇ ਦੀ ਸਥਿਰਤਾ ਲਈ ਜ਼ਰੂਰੀ ਹਨ।




ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਡਾਇਰੈਕਟਰ ਦੀ ਮਨੀ ਲਾਂਡਰਿੰਗ ਕੇਸਾਂ ਵਿੱਚ ਅਹਿਮ ਭੂਮਿਕਾ ਹੈ ਅਤੇ ਇਹ ਭਾਰਤ ਵਿੱਚ ਆਪਣੀ ਤਰ੍ਹਾਂ ਦੀ ਇਹ ਇੱਕੋ-ਇੱਕ ਏਜੰਸੀ ਹੈ। ਜਤਿੰਦਰ ਸਿੰਘ ਨੇ ਕਿਹਾ ਕਿ ਕਈ ਦੇਸ਼ਾਂ ਵਿੱਚ ਕਾਰਜਕਾਲ ਲੰਮਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਾਰਜਕਾਲ ਸਿਰਫ ਵਧਾਇਆ ਗਿਆ ਹੈ, ਰਹੇਗਾ ਇਹ ਸੀਮਿਤ ਹੀ। ਮੰਤਰੀ ਨੇ ਕਿਹਾ ਕਿ ਪਹਿਲਾਂ ਕਾਰਜਕਾਲ ਦੋ ਸਾਲ ਹੁੰਦਾ ਸੀ ਤੇ ਸੋਧ ਕਰ ਕੇ ਵੱਧ ਤੋਂ ਵੱਧ ਪੰਜ ਸਾਲ ਕੀਤਾ ਗਿਆ ਹੈ, ਹਰ ਮੌਕੇਇੱਕ ਸਾਲ ਦਾ ਵਾਧਾ ਕੀਤਾ ਜਾ ਸਕਦਾ ਹੈ। ਸੀ ਬੀ ਆਈ ਡਾਇਰੈਕਟਰ ਦੇ ਕਾਰਜਕਾਲ ਦਾ ਬਿੱਲ ਪੇਸ਼ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਸਰਕਾਰ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਤੇ ਪਾਰਦਰਸ਼ਤਾ ਵਧਾਉਣ ਦੇ ਕਦਮ ਚੁੱਕ ਰਹੀ ਹੈ, ਕਿਉਂਕਿ ਭ੍ਰਿਸ਼ਟਾਚਾਰ, ਕਾਲੇ ਧਨ ਨੂੰ ਸਫੈਦ ਕਰਨ ਤੇ ਕੌਮਾਂਤਰੀ ਅਪਰਾਧ ਕਰਨ ਵਾਲਿਆਂ ਦੇ ਤੌਰ-ਤਰੀਕੇ ਬਦਲ ਕੇ ਕਾਫੀ ਗੁੰਝਲਦਾਰ ਹੋ ਗਏ ਹਨ। ਇਹ ਨਸ਼ਿਆਂ ਦੀ ਤਸਕਰੀ ਅੱਤਵਾਦ ਤੇ ਹੋਰ ਅਪਰਾਧਾਂ ਨਾਲ ਜੁੜੇ ਹਨ, ਜੋ ਕਿ ਕੌਮੀ ਸੁਰੱਖਿਆ ਅਤੇ ਵਿੱਤੀ ਢਾਂਚੇ ਲਈ ਖਤਰਾ ਬਣਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਅਪਰਾਧਾਂ ਦੀ ਜਾਂਚ ਪਹਿਲਾਂ ਨਾਲੋਂ ਵੱਧ ਮੁਸ਼ਕਲ ਹੋ ਗਈ ਹੈ।

ਕੇਂਦਰੀ ਪ੍ਰਸੋਨਲ ਰਾਜ ਮੰਤਰੀ ਜਤਿੰਦਰ ਸਿੰਘ ਨੇ ਕਿਹਾ ਕਿ ਇਹ ਸੋਧਾਂ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ ਕਰ ਕੇ ਵੀ ਕੀਤੀਆਂ ਗਈਆਂ ਹਨ ਜਿਸ ਦਾ ਭਾਰਤ ਮੈਂਬਰ ਹੈ। ਸੰਗਠਨ ਆਸ ਕਰਦਾ ਹੈ ਕਿ ਭਾਰਤ ਵਿੱਤੀ ਅਪਰਾਧਾਂ ਤੇ ਕੌਮਾਂਤਰੀ ਅਪਰਾਧਾਂ ਦੀ ਜਾਂਚ ਪ੍ਰਕਿਰਿਆ ਤੇਜ਼ ਬਣਾਏ। ਇਸ ਤੋਂ ਪਹਿਲਾਂ ਸੀ ਬੀ ਆਈ ਡਾਇਰੈਕਟਰ ਦਾ ਕਾਰਜਕਾਲ ਦੋ ਸਾਲ ਹੁੰਦਾ ਸੀ। ਮੰਤਰੀ ਨੇ ਕਿਹਾ ਕਿ ਦੋ ਸਾਲ ਤੋਂ ਬਾਅਦ ਜਦ ਵੀ ਵਾਧਾ ਹੋਏਗਾ ਉਸ ਲਈ ਕਾਰਨ ਦਿੱਤਾ ਜਾਵੇਗਾ, ਜੋ ਕਿ ਰਿਕਾਰਡ ਵਿੱਚ ਦਰਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਪਹਿਲਾਂ ਵਾਂਗ ਰਹੇਗੀ। ਕੇਂਦਰੀ ਮੰਤਰੀ ਦੇ ਭਾਸ਼ਣ ਦੌਰਾਨ ਵਿਰੋਧੀ ਧਿਰ ਦੇ ਮੈਂਬਰ ਨਾਅਰੇਬਾਜ਼ੀ ਕਰ ਕੇ 12 ਸਸਪੈਂਡ ਮੈਂਬਰਾਂ ਦੀ ਬਹਾਲੀ ਮੰਗਦੇ ਰਹੇ। ਇਸ ਤੋਂ ਪਹਿਲਾਂ ਸੰਸਦੀ ਮਾਮਲਿਆਂ ਬਾਰੇ ਕੇਂਦਰੀ ਰਾਜ ਮੰਤਰੀ ਵੀ ਮੁਰਲੀਧਰਨ ਨੇ ਦੋਵਾਂ ਉਤੇ ਸਾਂਝੀ ਬਹਿਸ ਦੀ ਤਜਵੀਜ਼ ਰੱਖੀ।

# ਦਿੱਲੀ ਵਿੱਚ ਜ਼ਹਿਰੀਲੀ ਗੈਸ ਦਾ ਸਾਲਾਨਾ ਔਸਤਨ ਪੱਧਰ ਸੁਰੱਖਿਅਤ ਹੱਦ ਤੋਂ ਦੋਗੁਣਾ

ਨਵੀਂ ਦਿੱਲੀ, 16 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਨੇ ਦੇਸ਼ ਦੀ ਰਾਜਧਾਨੀ ਦਿੱਲੀ ਲਈ ਨਾਈਟ੍ਰੋਜ਼ਨ ਡਾਈਆਕਸਾਈਡ ਦਾ ਸਾਲਾਨਾ ਔਸਤਨ ਪੱਧਰ 40 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਤਹਿ ਕੀਤਾ ਹੈ, ਹਵਾ ਵਿੱਚ ਨਾਈਡਟ੍ਰੋਜ਼ਨ ਡਾਈਆਕਸਾਈਡ ਦਾ ਪੱਧਰ ਇਸ ਤੋਂਵੱਧ ਹੋਣਾ ਹਵਾ ਦੀ ਗੁਣਵਤਾ ਲਈ ਖ਼ਰਾਬ ਮੰਨਿਆ ਜਾਂਦਾ ਹੈ। ਐਨ ਸੀ ਏ ਪੀ ਟ੍ਰੈਕਰ ਦੀ ਰਿਪੋਰਟ ਦੇ ਅਨੁਸਾਰ 2013 ਤੋਂ 2020 ਦੇ ਦੌਰਾਨ ਦਿੱਲੀ ਵਿੱਚ ਨਾਈਟ੍ਰੋਜ਼ਨ ਡਾਈਆਕਸਾਈਡ ਦਾ ਸਾਲਾਨਾ ਔਸਤ ਪੱਧਰ 61 ਮਾਈਕ੍ਰੋਗ੍ਰਾਮ ਤੋਂ 73 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਦੇ ਵਿਚਾਲੇ ਰਿਹਾ ਹੈ, ਜੋ ਤਹਿ ਹੱਦ ਤੋਂ ਦੋਗੁਣੇ ਦੇ ਨੇੜੇ ਹੈ।



ਅਸਲ ਵਿੱਚ ਨਾਈਟ੍ਰੋਜ਼ਨ ਆਕਸਾਈਡ ਜ਼ਹਿਰੀਲੀਆਂ ਅਤੇ ਜ਼ਿਆਦਾ ਰਿਐਕਟਿਵ ਗੈਸਾਂ ਦਾ ਪਰਵਾਰ ਹੈ ਜੋ ਉਚ ਤਾਪਮਾਨ ਉੱਤੇਤੇਲਬਾਲਣ ਨਾਲ ਬਣਦਾ ਹੈ। ਨਾਈਟ੍ਰੋਜ਼ਨ ਆਕਸਾਈਡ ਦਾ ਪ੍ਰਦੂਸ਼ਣ ਆਟੋਮੋਬਾਈਲ, ਟਰੱਕ, ਉਸਾਰੀ ਦੇ ਜੰਤਰਾਂ ਅਤੇ ਕਿਸ਼ਤੀਆਂ ਤੋਂ ਹੁੰਦਾ ਹੈ। ਨਾਈਟ੍ਰੋਜ਼ਨ ਆਕਸਾਈਡ ਪਰਵਾਰ ਦੀਆਂ ਗੈਸਾਂ ਸਿਹਤ ਲਈ ਬੇਹੱਦ ਹਾਨੀਕਾਰਕ ਹਨ।ਦਿੱਲੀ ਵਿੱਚ ਕੱਲ੍ਹ ਔਸਤ ਹਵਾ ਗੁਣਵਤਾ ਸੂਚਕ ਅੰਕ (ਏ ਕਿਊ ਆਈ) 367 ਦਰਜ ਕੀਤਾ ਗਿਆ ਸੀ, ਜੋ 'ਬਹੁਤ ਖ਼ਰਾਬ' ਸ਼੍ਰੇਣੀ ਵਿੱਚ ਆਉਂਦਾ ਹੈ ਅਤੇ ਇਸ ਨਾਲ ਸਥਿਤੀ ਚਿੰਤਾ ਵਾਲੀ ਹੈ।



ਪਾਕਿਸਤਾਨੀ ਸਿੱਖਾਂ ਦੀ ਮੰਗ

# ਗੁਰਧਾਮਾਂ ਦੇ ਦੀਦਾਰ ਲਈ ਪਾਸ-ਪੋਰਟ ਦੀ ਲੋੜ ਖਤਮ ਕੀਤੀ ਜਾਵੇ



ਲਾਹੌਰ, 16 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਓਥੋਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਕਰਤਾਰਪੁਰ ਲਾਂਘੇ ਰਾਹੀਂ ਭਾਰਤ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਅਤੇ ਪੀ ਸੀ ਆਰ ਟੈਸਟ ਦੀਆਂ ਸ਼ਰਤਾਂ ਖਤਮ ਕਰਨ ਦੀ ਅਪੀਲ ਕੀਤੀ ਹੈ ਤਾਂ ਜੁ ਵੱਧ ਤੋਂ ਵੱਧ ਸਿੱਖ ਸੰਗਤ ਆ ਸਕੇ।

ਇਸ ਬਾਰੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਅਮੀਰ ਸਿੰਘ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਲਿਖੇ ਇੱਕ ਪੱਤਰ ਵਿੱਚ ਬੇਨਤੀ ਕੀਤੀ ਹੈ ਕਿ ਕਰਤਾਰਪੁਰ ਲਾਂਘੇ ਤੋਂ ਦਰਬਾਰ ਸਾਹਿਬ ਕਰਤਾਰਪੁਰ ਨਾਰੋਵਾਲ ਪਾਕਿਸਤਾਨ ਆਉਣ ਵਾਲੇ ਭਾਰਤੀ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖਤਮ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਕਰੈਡਿਟ ਕਾਰਡ ਦੇਣ ਦੀ ਇਜਾਜ਼ਤ ਦਿੱਤੀ ਜਾਵੇ। ਅਮੀਰ ਸਿੰਘ ਨੇ ਇੱਕ ਹੋਰ ਪੱਤਰ ਲਿਖ ਕੇ ਭਾਰਤ ਦੇ ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਸਾਹਿਬ ਦੇ ਲਾਂਘੇ ਉੱਤੇ ਪਹੁੰਚਣ ਤੋਂ 72 ਘੰਟੇ ਪਹਿਲਾਂ ਪੀ ਸੀ ਆਰ ਟੈਸਟ ਦੀ ਸ਼ਰਤ ਖਤਮ ਕਰ ਕੇ ਕੋਰੋਨਾ ਟੀਕਾਕਰਨ ਸਰਟੀਫਿਕੇਟ ਪ੍ਰਵਾਨ ਕਰਨ ਲਈ ਕਿਹਾ ਹੈ।ਪਾਕਿਸਤਾਨ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਇੰਦਰਜੀਤ ਸਿੰਘ ਨੇ ਕਿਹਾ ਕਿ ਸਿੱਖਾਂ ਦੇ ਧਾਰਮਿਕ ਅਸਥਾਨ ਗੁਰੂ ਨਾਨਕ ਸਾਹਿਬ ਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਉਣ ਵਾਲੇ ਦੁਨੀਆ ਦੇ ਸਿੱਖ ਸ਼ਰਧਾਲੂਆਂ ਲਈ ਪਾਕਿਸਤਾਨ ਸਰਕਾਰ ਨੇ ਚੌਵੀ ਘੰਟੇ ਦਰਸ਼ਨਾਂ ਦੇ ਲਈ ਦਰਵਾਜ਼ੇ ਖੋਲ੍ਹ ਰੱਖੇ ਹਨ, ਪਰ ਭਾਰਤ ਸਰਕਾਰ ਤੋਂ ਵੀ ਪਾਕਿਸਤਾਨੀ ਸਿੱਖ ਸੰਗਤ ਮੰਗ ਕਰਦੀ ਹੈ ਕਿ ਪਾਕਿ ਸਰਕਾਰ ਵਾਂਗ ਪਾਕਿਸਤਾਨੀ ਸਿੱਖਾਂ ਵੱਲੋਂ ਦਿੱਤੇ ਲਿਖਤੀ ਪੱਤਰ ਉੱਤੇਵਿਚਾਰ ਕਰ ਕੇ ਬਿਨਾਂ ਰੋਕ-ਟੋਕ ਦੇ ਪਾਸਪੋਰਟ ਅਤੇ ਪੀ ਸੀ ਆਰ ਦੀ ਸ਼ਰਤ ਖਤਮ ਕਰੇ। ਇਸ ਨਾਲ ਦਰਸ਼ਨ ਅਭਿਲਾਸ਼ੀ ਸੰਗਤ ਨੂੰ ਦਰਸ਼ਨਾਂ ਲਈ ਆਉਣ-ਜਾਣ ਦੀ ਖੁੱਲ੍ਹ ਦੇ ਦਿੱਤੀ ਜਾਵੇ। ਉਨ੍ਹਾਂ ਆਪਣੀ ਸਰਕਾਰ ਤੋਂ ਮੰਗਕੀਤੀ ਕਿ ਭਾਰਤ ਤੋਂ ਕਰਤਾਰਪੁਰ ਜਾਂਦੇ ਸ਼ਰਧਾਲੂਆਂ ਨੂੰ ਪਹਿਲਾਂ ਲੱਗੇ ਕੋਰੋਨਾ ਟੀਕਿਆਂ ਦੇ ਆਧਾਰ ਉੱਤੇ ਚੈਕ ਕੀਤਾ ਜਾਵੇ। 72 ਘੰਟਿਆਂ ਦੀ ਕੋਰੋਨਾ ਰਿਪੋਰਟ ਦੀ ਸ਼ਰਤ ਨਾ ਰੱਖੀ ਜਾਵੇ।

# ਹੈਤੀ ਵਿੱਚ ਤੇਲ ਟੈਂਕਰ ਵਿੱਚ ਧਮਾਕਾ, 40 ਤੋਂ ਵੱਧ ਲੋਕਾਂ ਦੀ ਮੌਤ





ਪੋਰਟ-ਓ-ਪ੍ਰਿੰਸਾ, 16 ਦਸੰਬਰ (ਪੋਸਟ ਬਿਊਰੋ)- ਹੈਤੀ ਵਿੱਚ ਇੱਕ ਤੇਲ ਟੈਂਕਰ ਵਿੱਚ ਧਮਾਕੇ ਵਿੱਚ 40 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਜ਼ਖਮੀ ਹੋ ਗਏ।

ਪ੍ਰਧਾਨ ਮੰਤਰੀ ਏਰੀਅਨ ਹੇਨਰੀ ਨੇ ਕਿਹਾ ਕਿ ਇਹ ਧਮਾਕਾ ਕੈਪ-ਹੈਤੀਅਨ ਸ਼ਹਿਰ ਵਿੱਚ ਹੋਇਆ। ਉਨ੍ਹਾਂ ਟਵੀਟ ਕਰ ਕੇ ਕਿਹਾ ਕਿ ਉਹ ਇਸ ਘਟਨਾ ਵਿੱਚ ਲੋਕਾਂ ਦੀ ਮੌਤ ਨਾਲ ਦੁੱਖੀ ਹਨ ਅਤੇ ਪੀੜਤ ਪਰਵਾਰਾਂ ਦੇ ਪ੍ਰਤੀ ਹਮਦਰਦੀ ਜਾਹਰ ਕਰਦੇ ਹਨ। ਪੁਲਸ ਵੱਲੋਂ ਘਟਨਾ ਦਾ ਤੁਰੰਤ ਕੋਈ ਹੋਰ ਵੇਰਵਾ ਨਹੀਂ ਦਿੱਤਾ ਗਿਆ ਹੈ। ਇੱਕ ਅਖ਼ਬਾਰ ਮੁਤਾਬਕ ਹਾਦਸੇ ਵਿੱਚ ਦਰਜਨਾਂ ਲੋਕ ਜ਼ਖਮੀ ਹੋਏ ਹਨ ਅਤੇ ਹਸਪਤਾਲ ਜ਼ਰੂਰੀ ਚੀਜ਼ਾਂ ਦੀ ਸਪਲਾਈ ਦੀ ਮੰਗ ਕਰ ਰਹੇ ਹਨ।

ਕੈਪ-ਹੈਤੀਅਨ ਵਿੱਚ ਕੰਮ ਕਰਦੇ ਸਿਵਲ ਇੰਜੀਨੀਅਰ ਡੇਲ ਲਾਰੋਜ ਨੇ ਦੱਸਿਆ ਕਿ ਉਹ ਦੁਪਹਿਰੇ ਕਰੀਬ 1 ਵਜੇ ਗੱਡੀ ਚਲਾ ਰਹੇ ਸਨ ਕਿ ਉਨ੍ਹਾਂ ਨੂੰ ਐਂਬੂਲੈਂਸ ਵਾਹਨ ਆਉਂਦੇ ਦਿਸੇ ਅਤੇ ਸੜਕ ਉੱਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ। ਲਾਰੋਜ ਨੇ ਕਿਹਾ ਕਿ ਕੁਝ ਲੋਕ ਘਟਨਾ ਤੋਂ ਬਾਅਦ ਟਰੱਕਾਂ ਤੋਂ ਤੇ ਸੜਕਾਂ ਤੋਂ ਬਾਲਟੀਆਂ ਵਿੱਚ ਤੇਲ ਭਰ ਕੇ ਅਪਣੇ ਘਰ ਲਿਜਾ ਰਹੇ ਸਨ। ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਜਿਸ ਦੌਰ ਤੋਂ ਲੰਘ ਰਿਹਾ ਹੈ, ਉਹ ਬਹੁਤ ਦੁਖਦਾਈ ਹੈ। ਤੇਲ ਟੈਂਕਰ ਵਿੱਚ ਧਮਾਕਾ ਓਦੋਂ ਹੋਇਆ, ਜਦ ਹੈਤੀ ਨੂੰ ਤੇਲ ਦੀ ਭਾਰੀ ਕਮੀ ਹੈ ਅਤੇ ਇਸ ਦੀਆਂ ਕੀਮਤਾਂ ਲਗਾਤਾਰ ਵਧਣ ਦੀਆਂ ਸਮੱਸਿਆਵਾਂ ਨਾਲ ਜੂਝਣਾ ਪਾ ਰਿਹਾ ਹੈ।

## ਦੁਨੀਆ 'ਫਤਹਿ' ਕਰਨ ਨਿਕਲੀ 19 ਸਾਲਾ ਪਾਇਲਟ ਤਾਈਪੇ ਪੁੱਜੀ

ਤਾਈਪੇ, 16 ਦਸੰਬਰ (ਪੋਸਟ ਬਿਊਰੋ)- 19 ਸਾਲਾ ਪਾਇਲਟ ਜ਼ਾਰਾ ਰਦਰਫੋਰਡ ਇਕੱਲੀ ਦੁਨੀਆ ਨੂੰ 'ਫਤਹਿ' ਕਰਨ ਨਿਕਲੀ ਹੈ। ਜ਼ਾਰਾ ਨੇ ਸਭ ਤੋਂ ਪਹਿਲਾਂ ਰੂਸ ਤੋਂ ਉਡਾਣ ਭਰੀ ਤੇ ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਉਸਦੀ ਯਾਤਰਾ ਦਾ ਪਹਿਲਾ ਪੜਾਅ ਬਣਿਆ। ਕੱਲ੍ਹ ਉਹ ਤਾਈਪੇ ਵਿੱਚ ਸੋਂਗਸ਼ਾਨ ਹਵਾਈ ਅੱਡੇ ਵਿੱਤੇ ਪੁੱਜੀ। ਉਹ ਦੁਨੀਆਲਈ ਇਕੱਲੇ ਉਡਾਣ ਭਰਨ ਵਾਲੀ ਸਭ ਤੋਂ ਘੱਟ ਉਮਰ ਦੀ ਔਰਤ ਬਣਨ ਦੀ ਕੋਸ਼ਿਸ਼ ਕਰ ਰਹੀ ਹੈ।

ਬੀਤੇ ਅਗਸਤ ਵਿੱਚ ਬ੍ਰਿਟਿਸ਼-ਬੈਲਜੀਅਮ ਜ਼ਾਰਾ ਰਦਰਫੋਰਡ ਨੇ ਪੱਛਮੀ ਬੈਲਜੀਅਮ ਦੇ ਕਾਰਟਿਜਕ-ਵੇਵੇਲਗੇਮ ਹਵਾਈ ਅੱਡੇ ਤੋਂ ਆਪਣੀ 51,000 ਕਿਲੋਮੀਟਰ ਦੀ ਯਾਤਰਾ ਸ਼ੁਰੂ ਕੀਤੀ ਸੀ। ਜ਼ਾਰਾ ਰਦਰਫੋਰਡ ਨੇ ਦੁਨੀਆ ਦੇ ਸਭ ਤੋਂ ਤੇਜ਼ ਮਾਈਕ੍ਰੋਲਾਈਟ ਸ਼ਾਰਕ ਅਲਟ੍ਰਾਲਾਈਟ ਜਹਾਜ਼ ਵਿੱਚ ਵਲਾਦਿ-ਵੋਸਤੋਕ ਤੋਂ ਆਉਣ ਪਿੱਛੋਂ ਜਿੰਪੋ ਕੌਮਾਂਤਰੀ ਹਵਾਈ ਅੱਡੇ ਉੱਤੇ ਪੱਤਰਕਾਰਾਂ ਨੂੰ ਕਿਹਾ ਕਿ ਇਹ ਚੁਣੌਤੀਪੂਰਨ ਰਿਹਾ ਹੈ।ਉਸ ਨੇ ਕਿਹਾ ਕਿ ਵੀਜ਼ਾ ਅਤੇ ਖ਼ਰਾਬ ਮੌਸਮ ਕਾਰਨ ਮੈਂ ਪਹਿਲਾਂ ਇੱਕ ਮਹੀਨੇ ਤਕ ਅਲਾ-ਸਕਾ ਵਿੱਚ ਫਸੀ ਰਹੀ ਅਤੇ ਇਸ ਤੋਂ ਬਾਅਦ ਰੂਸ ਵਿੱਚ ਫਸ ਗਈ ਸੀ।

## ਅਮਰੀਕਾ ਵਿੱਚ ਜਨਤਕ ਸੇਵਾਵਾਂ ਦੇ ਲਾਭ ਲੈਣੇ ਸੁਖਾਲੇ ਹੋਏ

ਵਾਸ਼ਿੰਗਟਨ, 16 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਕੱਲ੍ਹ ਇੱਕ ਹੁਕਮ ਪਾਸ ਕੀਤਾ ਹੈ, ਜੋ ਨਾਗਰਿਕਾਂ ਦਾ ਉਦੋਂ ਸਮਾਂ ਬਚਾਏਗਾ ਅਤੇ ਪ੍ਰੇਸ਼ਾਨੀ ਦੂਰ ਕਰੇਗਾ, ਜਦ ਉਹ ਕਈ ਫੈਡਰਲ ਸੇਵਾਵਾਂ ਲੈ ਰਹੇ ਹੋਣਗੇ। ਇਨ੍ਹਾਂ ਵਿੱਚ ਪਾਸਪੋਰਟ ਨਵਿਆਉਣਾ, ਸਮਾਜਕ ਸੁਰੱਖਿਆ ਲਾਭ ਲਈ ਅਪਲਾਈ ਕਰਨਾ ਅਤੇ ਕੁਦਰਤੀ ਆਫਤਾਂ ਮਗਰੋਂ ਮਦਦ ਲੈਣਾ ਸ਼ਾਮਲ ਹੈ। ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ 'ਐਗਜ਼ੈਕਟਿਵ ਆਰਡਰ'ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਈ ਸੰਗਠਨ ਜਨਤਕ ਸੇਵਾਵਾਂ ਵਿੱਚ ਸੁਧਾਰ ਦੀ ਮੰਗ ਕਰ ਰਹੇ ਸਨ। ਇਸ ਹੁਕਮ ਦੇ ਕਈ ਹਿੱਸੇ ਪਹਿਲਾਂ ਉਨ੍ਹਾਂ ਨੂੰ ਸੌਂਪੇ ਗਏ ਸਨ। ਇਹ ਹੁਕਮ ਅਧਿਕਾਰੀਆਂ ਕੋਲ ਕੱਢਣੇ ਪੈਂਦੇ ਗੇੜੇ ਘਟਾਏਗਾ।

# ਸਾਬਕਾ ਰਾਸ਼ਟਰਪਤੀ ਕਰਜ਼ਈ ਨੇ ਦਿੱਤਾ ਸੀ ਤਾਲਿਬਾਨ ਨੂੰ ਸੱਦਾ



ਕਾਬੁਲ, 16 ਦਸੰਬਰ (ਪੋਸਟ ਬਿਊਰੋ)- ਤਾਲਿਬਾਨ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਉੱਤੇ ਆਪਣੀ ਮਰਜ਼ੀ ਨਾਲ ਕਬਜ਼ਾ ਨਹੀਂ ਕੀਤਾ, ਉਨ੍ਹਾਂ ਨੂੰ ਇਸ ਲਈ ਸੱਦਾ ਦਿੱਤਾ ਗਿਆ ਸੀ।

ਪਤਾ ਲੱਗਾ ਹੈ ਕਿ ਤਾਲਿਬਾਨ ਸਰਕਾਰ ਨੂੰ ਗੱਦੀਓਂ ਲਾਹ ਕੇ ਅਮਰੀਕਾ ਦੀ ਮਦਦ ਨਾਲ ਅਫਗਾਨਿਸਤਾਨ ਦੇ 13 ਸਾਲ ਰਾਸ਼ਟਰਪਤੀ ਰਹੇ ਹਾਮਿਦ ਕਰਜ਼ਈ ਨੇ ਹੀ ਤਾਲਿਬਾਨ ਨੂੰ ਕਾਬੁਲ ਉੱਤੇ ਕਾਬਜ਼ ਹੋਣ ਦਾ ਸੱਦਾ ਦਿੱਤਾ ਸੀ।ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਰਾਸ਼ਟਰਪਤੀ ਅਸ਼ਰਫ ਗਨੀ ਦੀ ਅਫਗਾਨਿਸਤਾਨ ਤੋਂ ਖੁਫੀਆ ਤੇ ਅਚਾਨਕ ਰਵਾਨਗੀ ਬਾਰੇ ਖੁਲਾਸਾ ਕੀਤਾ ਅਤੇ ਦੱਸਿਆ ਕਿ ਉਨ੍ਹਾਂ ਨੇ ਲੋਕਾਂ ਦੀ ਰੱਖਿਆ ਖਾਤਰ ਤਾਲਿਬਾਨ ਨੂੰ ਸ਼ਹਿਰ ਵਿੱਚ ਆਉਣ ਦਾ ਸੱਦਾ ਦਿੱਤਾ ਸੀ ਤਾਂ ਕਿ ਦੇਸ਼ ਅਤੇ ਸ਼ਹਿਰ ਅਰਾਜਕਤਾ ਵਿੱਚ ਨਾ ਫਸ ਜਾਵੇ। ਜਦੋਂ ਅਸ਼ਰਫ ਗਨੀ ਦੇਸ਼ ਤੋਂ ਗਏ ਤਾਂ ਉਨ੍ਹਾਂ ਦੇ ਸੁਰੱਖਿਆ ਅਧਿਕਾਰੀ ਵੀ ਚਲੇ ਗਏ। ਕਰਜ਼ਈ ਨੇ ਜਦੋਂ ਰੱਖਿਆ ਮੰਤਰੀ ਬਿਸਮਿੱਲਾ ਖਾਨ ਦੇ ਨਾਲ ਸੰਪਰਕ ਕੀਤਾ ਕਿ ਕੀ ਸਰਕਾਰ ਵਿੱਚ ਕੋਈ ਬਾਕੀ ਬਚਿਆ ਹੈ ਤਾਂ ਕਰਜ਼ਈ ਨੂੰ ਪਤਾ ਲੱਗਾ ਕਿ ਕੋਈ ਨਹੀਂ ਬਚਿਆ। ਇੱਥੋਂ ਤਕ ਕਿ ਕਾਬੁਲ ਦੇ ਪੁਲਸ ਮੁਖੀ ਵੀ ਨਹੀਂ ਰੁਕੇ। ਕਰਜ਼ਈ ਨੇ ਕਾਬੁਲ ਛੱਡਣ ਤੋਂ ਇਨਕਾਰ ਕਰ ਦਿੱਤਾ। ਉਹ ਤਾਲਿਬਾਨ ਨੂੰ ਸੱਤਾ ਤੋਂ ਬੇਦਖਲ ਕੀਤੇ ਜਾਣ ਪਿੱਛੋਂ ਰਾਸ਼ਟਰਪਤੀ ਬਣੇ ਸਨ। ਇਸ ਸੰਭਾਵੀ ਸੌਦੇ ਦੀ ਉਲਟੀ ਗਿਣਤੀ ਤਾਲਿਬਾਨ ਦੇ ਸੱਤਾ ਉੱਤੇ ਕਾਬਜ਼ ਹੋਣ ਤੋਂ ਇੱਕ ਦਿਨ ਪਹਿਲਾਂ 14 ਅਗਸਤ ਨੂੰ ਸ਼ੁਰੂ ਹੋਈ। ਕਰਜ਼ਈ ਤੇ ਅਬਦੁੱਲਾ ਨੇ ਗਨੀ ਨਾਲ ਬੈਠਕ ਕੀਤੀ ਤੇ ਉਨ੍ਹਾਂ ਦੀ ਇਸ ਗੱਲ ਉੱਤੇ ਸਹਿਮਤੀ ਬਣੀ ਕਿ ਸੱਤਾ ਭਾਈਵਾਲੀ ਸਮਝੌਤੇ ਉੱਤੇ ਗੱਲਬਾਤ ਲਈ 15 ਹੋਰਨਾਂ ਦੀ ਸੂਚੀ ਨਾਲ ਅਗਲੇ ਦਿਨ ਉਹ ਦੋਹਾ ਰਵਾਨਾ ਹੋਣਗੇ। ਤਾਲਿਬਾਨ ਉਦੋਂ ਤੱਕ ਕਾਬੁਲ ਦੇ ਬਾਹਰੀ ਹਿੱਸੇ ਵਿੱਚ ਪਹੁੰਚ ਚੁੱਕੇ ਸਨ, ਪਰ ਕਤਰ ਵਿੱਚ ਉਸ ਦੀ ਲੀਡਰਸ਼ਿਪ ਨੇ ਵਾਅਦਾ ਕੀਤਾ ਕਿ ਜਦੋਂ ਤੱਕ ਸਮਝੌਤਾ ਨਾ ਹੋਵੇ, ਉਦੋਂ ਤਕ ਬਾਹਰ ਰਹਿਣਗੇ।ਕਰਜ਼ਈ ਨੇ 15 ਅਗਸਤ ਨੂੰ ਤੜਕੇ ਸੂਚੀ ਬਣਨ ਦਾ ਇੰਤਜ਼ਾਰ ਕੀਤਾ, ਪਰ ਸ਼ਹਿਰ ਵਿੱਚ ਤਾਲਿਬਾਨ ਦੇ ਕਾਬਜ਼ ਹੋਣ ਦੀਆਂ ਅਫਵਾਹਾਂ ਫੈਲਣ ਲੱਗੀਆਂ। ਉਨ੍ਹਾਂ ਦੋਹਾ ਨਾਲ ਸੰਪਰਕ ਕਰ ਕੇ ਦੱਸਿਆ ਕਿ ਤਾਲਿਬਾਨ ਸ਼ਹਿਰ ਵਿੱਚ ਦਾਖਲ ਨਹੀਂ ਹੋਣਗੇ।

# ਅਮਰੀਕਾ ਦੇ ਵਿਰੁੱਧ ਰੂਸ ਅਤੇ ਚੀਨ ਇਕੱਠੇ ਆਣ ਖੜ੍ਹੇ ਹੋਏ



ਮਾਸਕੋ, 16 ਦਸੰਬਰ (ਪੋਸਟ ਬਿਊਰੋ)- ਅਮਰੀਕਾ ਤੇ ਪੱਛਮੀ ਦੇਸ਼ਾਂ ਨਾਲ ਮੁਕਾਬਲੇ ਲਈ ਚੀਨ ਰੂਸ ਦੇ ਨਾਲ ਹੈ। ਇਹ ਗੱਲ ਕੱਲ੍ਹ ਵੀਡੀਓਕਾਲ ਰਾਹੀਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਕਹੀ। ਯੂਕਰੇਨ ਦੇ ਮਾਮਲੇ ਉੱਤੇ ਇਸ ਸਮੇਂ ਰੂਸ ਤੇ ਅਮਰੀਕਾ ਦੀ ਅਗਵਾਈ ਵਿੱਚ ਪੱਛਮੀ ਦੇਸ਼ਾਂ ਦੀ ਸ਼ਬਦੀ ਜੰਗ ਛਿੜੀ ਹੋਈ ਹੈ। ਰੂਸ ਨੇ ਯੂਕਰੇਨ ਉੱਤੇ ਹਮਲਾ ਨਾ ਕਰਨ ਦਾ ਭਰੋਸਾ ਦੇ ਦਿੱਤਾ ਹੈ, ਪਰ ਯੂਕਰੇਨ ਨੂੰ ਨਾਟੋ (ਉਤਰੀ ਅਟਲਾਂਟਿਕ ਸੰਧੀ ਸੰਗਠਨ) ਵਿੱਚ ਸ਼ਾਮਲ ਨਾ ਕਰਨ ਦੀ ਸ਼ਰਤ ਉੱਤੇ ਉਸ ਨੂੰ ਜਵਾਬ ਨਹੀਂ ਮਿਲਿਆ।

ਦੁਵੱਲੀ ਗੱਲਬਾਤ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗਨੇ ਦੋਵਾਂ ਦੇਸ਼ਾਂ ਦੇ ਮਾਮਲਿਆਂ ਵਿੱਚ ਅਮਰੀਕਾ ਸਮੇਤ ਸਾਰੇ ਪੱਛਮੀ ਦੇਸ਼ਾਂ ਦੇ ਦਖਲ ਨੂੰ ਰੱਦ ਕੀਤਾ ਅਤੇ ਸੁਰੱਖਿਆ ਲੀ ਉਠਾਏ ਆਪਣੇ ਕਦਮਾਂ ਨੂੰ ਸਹੀ ਦੱਸਿਆ ਹੈ। ਸਿਨਹੁਆ ਅਨੁਸਾਰ ਰਾਸ਼ਟਰਪਤੀ ਜਿਨਪਿੰਗ ਨੇ ਕਿਹਾ, ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਨਾਂਅ ਉੱਤੇ ਚੀਨ ਅਤੇ ਰੂਸ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਹੋ ਰਿਹਾ ਹੈ। ਇਹ ਅੰਤਰਰਾਸ਼ਟਰੀ ਨਿਯਮਾਂ ਤੇ ਅੰਤਰਰਾਸ਼ਟਰੀ ਸਬੰਧਾਂ ਦੇ ਮਾਪਦੰਡਾਂ ਦੇ ਖਿਲਾਫ ਹੈ। ਜਿਨਪਿੰਗ ਨੇ ਕਿਹਾ, ਦੋਵਾਂ ਦੇਸ਼ਾਂ ਦੇ ਸੁਰੱਖਿਆ ਹਿੱਤਾਂ ਦੀ ਰੱਖਿਆ ਲਈ ਸਾਂਝੇ ਯਤਨਾਂ ਨੂੰ ਹੋਰ ਵਧਾਉਣਾ ਚਾਹੀਦਾ ਹੈ। ਰੂਸੀ ਰਾਸ਼ਟਰਪਤੀ ਦੇ ਦਫਤਰ ਕ੍ਰੈਮਲਿਨ ਦੇ ਅਧਿਕਾਰੀ ਯੂਰੀ ਉਸ਼ਾਕੋਵ ਨੇ ਦੱਸਿਆ ਕਿ ਰਾਸ਼ਟਰਪਤੀ ਜਿਨਪਿੰਗ ਨੇ ਪੱਛਮੀ ਦੇਸ਼ਾਂ ਵੱਲੋਂ ਪੈਦਾ ਹੋਣ ਵਾਲੀ ਹਰ ਤਰ੍ਹਾਂ ਦੀ ਸੁਰੱਖਿਆ ਚੁਣੌਤੀ ਵਿੱਚ ਰੂਸ ਦੇ ਨਾਲ ਖੜ੍ਹੇ ਹੋਣ ਦੀ ਗੱਲ ਕਹੀ ਹੈ।

# ਅਮਰੀਕੀ ਪਾਰਲੀਮੈਂਟ ਦੀ ਸਪੀਕਰ ਪੇਲੋਸੀ ਨੂੰ ਧਮਕੀ ਦੇਣ ਵਾਲੇ ਨੂੰ ਦੋ ਸਾਲ ਦੀ ਜੇਲ੍ਹ

ਵਾਸ਼ਿੰਗਟਨ, 16 ਦਸੰਬਰ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਹਾਊਸ ਆਫ਼ ਰਿਪ੍ਰੈਜੇਂਟਿਵਜ਼ ਦੀ ਸਪੀਕਰ ਨੈਨਲੀ ਪੇਲੋਸੀ ਨੂੰ ਗੋਲੀ ਮਾਰ ਦੇਣ ਦੀ ਧਮਕੀ ਦੇਣ ਵਾਲੇ ਵਿਅਕਤੀ ਨੂੰ ਦੋ ਸਾਲ ਤੇ ਚਾਰ ਮਹੀਨਿਆਂ ਦੀ ਸਜ਼ਾ ਸੁਣਾਈ ਗਈ ਹੈ। ਇਹ ਆਪਣੀ ਤਰ੍ਹਾਂ ਦਾ ਸ਼ਾਇਦ ਪਹਿਲਾ ਕੇਸ ਹੈ।

ਅਸਲ ਵਿੱਚ 6 ਜਨਵਰੀ 2021 ਨੂੰ ਵਾਸ਼ਿੰਗਟਨ ਵਿੱਚ ਜਦੋਂ ਇੱਕ ਭੀੜ ਪਾਰਲੀਮੈਂਟਵਿੱਚ ਦਾਖ਼ਲ ਹੋਈ ਤਾਂ ਉਤਰੀ ਕੈਰੋਲੀਨਾ ਸੂਬੇ ਦਾ ਰਹਿਣ ਵਾਲਾ ਇਹ ਵਿਅਕਤੀ ਵੀ ਦੰਗਿਆਂ ਵਿੱਚ ਹਿੱਸਾ ਲੈਣਾ ਚਾਹੁੰਦਾ ਸੀ ਅਤੇ ਇਹ ਬੰਦੂਕ ਲੈ ਕੇ ਉਥੇ ਗਿਆ। ਉਸਨੇ ਪਾਰਲੀਮੈਂਟ ਦੀ ਸਪੀਕਰ ਪੇਲੋਸੀ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ। ਕਲੀਵਲੈਂਡ ਮੈਰੀਡੀਥ ਜੂਨੀਅਰ ਨਾਂ ਦਾ ਇਹ ਵਿਅਕਤੀ 6 ਜਨਵਰੀ ਨੂੰ ਵਾਸ਼ਿੰਗਟਨ ਵਿੱਚ ਓਦੋਂ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰੈਲੀ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾ ਰਿਹਾ ਸੀ, ਪਰ ਵਾਹਨ ਖਰਾਬ ਹੋਣ ਕਾਰਨ ਉਹ ਦੰਗੇ ਖ਼ਤਮ ਹੋਣ ਤੋਂ ਬਾਅਦ ਹੀ ਵਾਸ਼ਿੰਗਟਨ ਦੇ ਇੱਕ ਹੋਟਲ ਵਿੱਚ ਠਹਿਰਿਆ ਹੋਇਆ ਸੀ ਅਤੇ ਉਸ ਨੇ ਆਪਣੇ ਚਾਚੇ ਨੂੰ ਇੱਕ ਸੁਨੇਹਾ ਭੇਜਿਆ ਕਿ ਉਹ ਟੈਵੀਵਿਜ਼ਨ ਪ੍ਰਸਾਰਨ ਦੌਰਾਨ ਨੈਨਸੀ ਪੇਲੋਸੀ ਨੂੰ ਗੋਲੀ ਮਾਰਨਾ ਚਾਹੁੰਦਾ ਹੈ। ਉਸ ਦੇ ਚਾਚੇ ਨੇ ਇਹ ਜਾਣਕਾਰੀ ਅਮਰੀਕੀ ਫੈਡਰਲ ਜਾਂਚ ਏਜੰਸੀ ਨੂੰ ਦਿੱਤੀ ਸੀ, ਜਿਸ ਦੇ ਆਧਾਰ ਉੱਤੇ ਸਜ਼ਾ ਹੋਈ ਹੈ।

# ਕੋਵਿਡ ਵੈਕਸੀਨ ਓਮੀਕਰੋਨ ਖਿਲਾਫ ਘੱਟ ਅਸਰਦਾਰ: ਵਿਸ਼ਵ ਸਿਹਤ ਸੰਸਥਾ



ਜਨੇਵਾ, 16 ਦਸੰਬਰ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਸਥਾ ਨੇ ਕੱਲ੍ਹ ਕਿਹਾ ਕਿ ਮੁੱਢਲੇ ਸਬੂਤ ਇਸ਼ਾਰਾ ਕਰਦੇ ਹਨ ਕਿ ਕੋਵਿਡ-19 ਵੈਕਸੀਨ ਕੋਰੋਨਾ ਵਾਇਰਸ ਦੇ ਨਵੇਂ ਰੂਪ ਓਮੀਕਰੋਨ ਦੇ ਫੈਲਾਅ ਤੇ ਲਾਗ ਖਿਲਾਫ ਘੱਟ ਅਸਰਦਾਰ ਹੋ ਸਕਦੀਆਂ ਹਨ। ਸੰਸਾਰ ਸੰਸਥਾ ਨੇ ਕਿਹਾ ਕਿ ਨਵਾਂ ਰੂਪ ਆਪਣੇ ਨਾਲ ਮੁੜ ਲਾਗ ਚਿੰਬੜਨ ਦਾ ਵੱਡਾ ਜੋਖਮ ਚੁੱਕੀ ਫਿਰਦਾ ਹੈ। ਡਬਲਯੂ ਐਚ ਓ ਨੇ ਆਪਣੀ ਹਫਤਾਵਾਰੀ ਅਪਡੇਟ ਵਿੱਚ ਕਿਹਾ ਕਿ ਓਮੀਕਰੋਨ ਕਰ ਕੇ ਸਰੀਰ ਦੇ ਸੁਰੱਖਿਆ ਤੰਤਰ ਉੱਤੇ ਪੈਣ ਵਾਲੇ ਅਸਰ ਨੂੰ ਸਮਝਣ ਲਈ ਅਜੇ ਹੋਰ ਅੰਕੜਿਆਂ ਦੀ ਲੋੜ ਹੈ।

ਇਸ ਸੰਬੰਧ ਵਿਚ ਵਿਸ਼ਵ ਸਿਹਤ ਸੰਸਥਾ ਦੇ ਅਧਿਕਾਰੀਆਂ ਨੇ ਆਨਲਾਈਨ ਮੀਟਿੰਗ ਦੌਰਾਨ ਕਿਹਾ ਕਿ ਨਤੀਜੇ ਵਜੋਂ ਕੋਰੋਨਾ ਦੇ ਇਸ ਨਵੇਂ ਰੂਪ ਨਾਲ ਜੁੜਿਆ ਜੋਖਮ ਕਿਤੇ ਵੱਡਾ ਹੈ। ਸੰਸਾਰ ਸਿਹਤ ਸੰਸਥਾ ਨੇ ਚਿਤਾਵਨੀ ਦਿੱਤੀ ਹੈ ਕਿ ਓਮੀਕਰੋਨ ਵੱਧ ਤੇਜ਼ੀ ਨਾਲ ਫੈਲਦਾ ਹੈ ਤੇ ਕੋਵਿਡ-19 ਦੇ ਪੁਰਾਣੇ ਰੂਪਾਂ ਵਿੱਚੋਂ ਕਿਸੇ ਵਿੱਚ ਵੀ ਇੱਕ ਤੋਂ ਦੂਜੇ ਵਿਅਕਤੀ ਵਿੱਚ ਫੈਲਣ ਦੀ ਇੰਨੀ ਰਫਤਾਰ ਨਹੀਂ ਵੇਖੀ ਗਈ। ਇਸ ਨਵੇਂ ਰੂਪ ਦੇ ਟਾਕਰੇ ਲਈ ਸਿਹਤ ਪ੍ਰਬੰਧਾਂ ਦੇ ਅਜੇ ਤਿਆਰ ਨਾ ਹੋਣ ਕਰ ਕੇ ਅਸਲ ਕੇਸਾਂ, ਅੰਕੜਿਆਂ ਤੋਂ ਪਰਦਾ ਉਠਣ ਵਿੱਚ ਸਮਾਂ ਲੱਗ ਸਕਦਾ ਹੈ। ਡਬਲਯੂ ਐਚ ਓ ਦੇ ਡਾਇਰੈਕਟਰ ਜਨਰਲ ਡਾਕਟਰ ਟੈਡਰੋਸ ਅਧਾਨੋਮ ਨੇ ਕਿਹਾ ਕਿ ਅੱਜ ਤਕ 77 ਮੁਲਕਾਂ ਨੇ ਓਮੀਕਰੋਨ ਕੇਸਾਂ ਦੀ ਪੁਸ਼ਟੀ ਕੀਤੀ ਹੈ, ਪਰ ਸੱਚਾਈ ਇਹ ਹੈ ਕਿ ਬਹੁਤੇ ਮੁਲਕਾਂ ਵਿੱਚ ਓਮੀਕਰੋਨ ਹੋਣ ਦੀ ਸੰਭਾਵਨਾ ਹੈ, ਚਾਹੇ ਇਹ ਉਥੇ ਪਕੜ ਵਿੱਚ ਆਇਆ ਹੈ ਜਾਂ ਨਹੀਂ। ਉਨ੍ਹਾਂ ਕਿਹਾ, ''ਅਸੀਂ ਇਸ ਗੱਲੋਂ ਫਿਕਰਮੰਦ ਹਾਂ ਕਿ ਲੋਕ ਓਮੀਕਰੋਨ ਨੂੰ ਹਲਕੇ ਵਿੱਚ ਲੈ ਕੇ ਅਵੇਸਲੇ ਹੋ ਰਹੇ ਹਨ।'' ਉਨ੍ਹਾਂ ਦੋ ਟੁਕ ਸ਼ਬਦਾਂ ਵਿੱਚ ਕਿਹਾ ਕਿ 'ਕੋਈ ਵੀ ਦੇਸ਼ ਸਿਰਫ ਵੈਕਸੀਨ ਦੇ ਦਮ ਉੱਤੇ ਇਸ ਸੰਕਟ ਵਿੱਚੋਂ ਬਾਹਰ ਨਹੀਂ ਨਿਕਲ ਸਕਦਾ। ਟੀਕਾਕਰਨ ਦੇ ਨਾਲ ਮਾਸਕ, ਸਮਾਜਕ ਦੂਰੀ, ਵੈਂਟੀਲੇਸ਼ਨ ਜਾਂ ਹੱਥਾਂ ਦੀ ਸਫਾਈ ਵੀ ਜ਼ਰੂਰੀ ਹੈ।''

ਬੀਜਿੰਗ ਵਿੰਟਰ ਓਲੰਪਿਕ 2022:

# ਇਸ਼ਤਿਹਾਰ ਦੇਣ ਵਾਲਿਆਂ ਦੇ 110 ਬਿਲੀਅਨ ਡਾਲਰ ਸੰਕਟ ਵਿੱਚ

ਬੀਜਿੰਗ, 16 ਦਸੰਬਰ (ਪੋਸਟ ਬਿਊਰੋ)- ਹਿਊਮਨ ਰਾਈਟਸ ਦੀ ਉਲੰਘਣਾ ਦੇ ਮਾਮਲੇ ਵਿੱਚ ਦੁਨੀਆ ਚੀਨ ਨੂੰ ਘੇਰਨ ਵਿੱਚ ਲੱਗੀ ਹੈ ਅਤੇ ਬੀਜਿੰਗ ਵਿੰਟਰ ਓਲੰਪੀਕਪਸ ਉੱਤੇ ਖਤਰੇ ਦੇ ਬੱਦਲ ਮੰਡਰਾਉਣ ਲੱਗੇ ਹਨ।

ਅਮਰੀਕਾ ਦੇ ਰਾਜਨੀਤਕ ਵਿਰੋਧ ਤੋਂ ਬਾਅਦ ਕਈ ਦੂਜੇ ਦੇਸ਼ ਵੀ ਦੱਬੀ ਜੁਬਾਨ ਵਿੱਚ ਵਿਰੋਧ ਦੀ ਆਵਾਜ਼ ਉਠਾ ਰਹੇ ਹਨ। ਇਸ ਵਿੱਚ ਵਿੰਟਰ ਓਲੰਪਿਕ ਦੀਆਂ ਸਪਾਂਸਰ ਕੰਪਨੀਆਂ ਨੂੰ ਆਪਣੇ 110 ਬਿਲੀਅਨ ਡਾਲਰ ਸੰਕਟ ਵਿੱਚ ਪੈਂਦੇ ਵਿਖਾਈ ਦੇ ਰਹੇ ਹਨ। ਓਲੰਪਿਕ ਸ਼ੁਰੂ ਤੋਂ ਇਸ਼ਤਿਹਾਰ ਦੇਣ ਵਾਲਿਆਂ ਲਈ ਲੋਕਾਂ ਤਕ ਪਹੁੰਚ ਕਰਨ ਦੀ ਸਭ ਤੋਂ ਵੱਡੀ ਮਾਰਕੀਟ ਰਿਹਾ ਹੈ। ਇਸ ਨੂੰ ਇਸ ਵਾਰ ਇੰਟੇਲ ਕ੍ਰਾਪ, ਪ੍ਰਾਕਟਰ ਐਂਡ ਗੈਂਬਲ, ਕੋਕਾ-ਕੋਲਾ ਅਤੇ ਟੋਇਟਾ ਮੋਟਰ ਕ੍ਰਾਪ ਵਰਗੀਆਂ ਕੰਪਨੀਆਂ ਸਪਾਂਸਰ ਕਰ ਰਹੀਆਂ ਹਨ, ਪਰ ਮੌਜੂਦਾ ਵਿਰੋਧ ਕਾਰਨ ਸਾਰੇ ਕੰਪਨੀ ਮਾਲਕਾਂ ਦੇ ਮੱਥੇ ਉਤੇ ਚਿੰਤਾ ਦੀਆਂ ਲਕੀਰਾਂ ਖਿੱਚੀਆਂ ਗਈਆਂ ਹਨ। ਸਪਾਂਸਰ ਓਮੇਗਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਇੱਕ ਕੌਮਾਂਤਰੀ ਬ੍ਰਾਂਡ ਦੇ ਰੂਪ ਵਿੱਚ ਅਸੀਂ ਨਿਸ਼ਚਿਤ ਰੂਪ ਨਾਲ ਅੰਤਰਰਾਸ਼ਟਰੀ ਤਣਾਅ ਤੋਂ ਜਾਣੂ ਹਾਂ। ਅਸੀਂ ਸਾਵਧਾਨੀਪੂਰਵਕ ਇਸ ਉਤੇ ਨਜ਼ਰਾਂ ਬਣਾਏ ਹੋਏ ਹਾਂ। ਸਵੈਚ ਗਰੁੱਪ ਬ੍ਰਾਂਡ, ਜੋ2004 ਤੋਂ ਓਲੰਪਿਕ ਦਾ ਟਾਪ ਪ੍ਰਬੰਧਕ ਰਿਹਾ ਹੈ, ਨੇ ਬਿਆਨ ਜਾਰੀ ਕੀਤਾ ਹੈ ਕਿ ਅਸੀਂ ਈਮਾਨਦਾਰੀ ਨਾਲ ਮੰਨਦੇ ਹਾਂ ਕਿ ਓਲੰਪਿਕ ਖੇਡ ਏਕਤਾ ਦੀ ਭਾਵਨਾ ਨੂੰ ਬਣਾਈ ਰੱਖਣ ਲਈ ਜ਼ਮੀਨ ਦਾ ਕੰਮ ਕਰ ਰਹੀ ਹੈ।ਦੋਸ਼ ਲੱਗਦਾ ਹੈ ਕਿ ਬੀਜਿੰਗ ਓਲੰਪਿਕ ਦਾ ਸਮਰਥਨ ਕਰਨ ਵਾਲੀਆਂ ਕੰਪਨੀਆਂ ਚੀਨ ਦੇ ਸ਼ਿੰਜਿਆਂਗ ਵਿੱਚ ਹੋ ਰਹੀਆਂ ਘਟਨਾਵਾਂ ਤੋਂ ਧਿਆਨ ਹਟਾਉਣ ਲਈ ਖੇਡਾਂ ਦੀ ਵਰਤੋਂ ਕਰਦੀਆਂ ਹਨ। ਇਸ ਨੂੰ ਸਪੋਰਟਸ ਵਾਸ਼ਿੰਗ ਕਿਹਾ ਜਾ ਰਿਹਾ ਹੈ। ਮਨੁੱਖੀ ਅਧਿਕਾਰਾਂ ਦੇ ਵਕੀਲ ਦਾ ਕਹਿਣਾ ਹੈ ਕਿ ਚੀਨੀ ਸਰਕਾਰ ਨਿਰ-ਵਿਵਾਦ ਰੂਪ ਨਾਲ ਵਿੰਟਰ ਸੀਜ਼ਨ ਓਲੰਪਿਕ ਦੀ ਵਰਤੋਂ ਆਪਣੀਆਂ ਗਲਤੀਆਂ ਲੁਕਾਉਣ ਲਈ ਕਰ ਰਹੀ ਹੈ ਅਤੇ ਇਸ ਦਾ ਮਤਲਬ ਹੈ ਕਿ ਦੁਨੀਆ ਇਸ ਨੂੰ ਮਨਜ਼ੂਰੀ ਦਿੰਦੀ ਹੈ।ਚੀਨ ਵੱਲ ਇਸ ਲਈ ਵੀ ਵੱਡੀਆਂ ਕੰਪਨੀਆਂ ਜਾ ਰਹੀਆਂ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਸ਼ਿੰਜਿਆਂਗ ਵਿੱਚ ਹੋਏ ਕਤਲੇਆਮ ਦਾ ਵਿਰੋਧ ਕਰਨ ਤੋਂ ਬਾਅਦ ਉਨ੍ਹਾਂ ਦੀ ਸੇਲ ਚੀਨ ਵਿੱਚ ਲਗਾਤਾਰ ਵੱਧ ਰਹੀ ਹੈ। ਪਿੱਛਲੀ ਬਸੰਤ ਰੁੱਤ ਵਿੱਚ ਨਾਇਕੇ, ਏਡਿਡਾਸ ਏਜੀ, ਫਾਸਟ ਰਿਟੇਲਿੰਗ ਕੰਪਨੀ ਦੇ ਯੂਨੀਕਲੋ ਅਤੇ ਸਵੀਡਿਸ਼ ਰਿਟੇਲਰ ਹੇਂਸ ਐਂਡ ਮਾਰਿਟਜ ਏਬੀ ਸਮੇਤ ਖਪਤਕਾਰ ਕੰਪਨੀਆਂ ਨੇ ਚੀਨ ਵਿੱਚ ਚੰਗੀ ਵਿਕਰੀ ਕੀਤੀ ਸੀ।

# ਭਾਰਤ ਵੀ ਵਾਤਾਵਰਣ ਮਤੇ ਦਾ ਵਿਰੋਧ ਕਰਨ ਲੱਗਾ



ਯੂ ਐੱਨ ਓ, 16 ਦਸੰਬਰ (ਪੋਸਟ ਬਿਊਰੋ)- ਭਾਰਤ ਨੇ ਵਾਤਾਵਰਣ ਸੁਧਾਰ ਦੇ ਸਿਲਸਿਲੇ ਵਿੱਚ ਯੂ ਐੱਨ ਓ ਸੁਰੱਖਿਆ ਕੌਂਸਲ ਵਿੱਚ ਪੇਸ਼ ਸੰਕਲਪ ਮਤੇ ਦੇ ਖਿਲਾਫ ਵੋਟ ਪਾਈ ਹੈ। ਉਸ ਦੇ ਕੁਝ ਦੇਰ ਬਾਅਦ ਰੂਸ ਨੇ ਇਸ ਤਜਵੀਜ਼ ਨੂੰ ਵੀਟੋ ਕਰ ਦਿੱਤਾ ਹੈ, ਜਿਸ ਨਾਲ ਇਹ ਬੇਅਰਥ ਹੋ ਗਿਆ। ਇਸ ਮਤੇ ਵਿੱਚ ਬਦਲਦੇ ਵਾਤਾਵਰਣ ਨੂੰ ਦੁਨੀਆ ਵਿੱਚ ਸ਼ਾਂਤੀ ਤੇ ਸੁਰੱਖਿਆ ਲਈ ਖਤਰਾ ਦੱਸਿਆ ਗਿਆ ਅਤੇ ਇਸ ਵਿੱਚ ਵਿਕਾਸਸ਼ੀਲ ਦੇਸ਼ਾਂ ਦੇ ਹਿੱਤਾਂ ਖਿਲਾਫ ਗੱਲਾਂ ਸਨ।

ਭਾਰਤ ਨੇ ਕਿਹਾ ਕਿ ਗਲਾਸਗੋ ਵਿੱਚ ਹੋਏ ਵਾਤਾਵਰਣ ਸੰਮੇਲਨ ਵਿੱਚ ਵਿਕਾਸਸ਼ੀਲ ਦੇਸ਼ਾਂ ਦੇ ਹਿੱਤਾਂ ਦਾ ਧਿਆਨ ਰੱਖਣ ਦੀ ਗੱਲ ਕਹੀ ਗਈ ਸੀ, ਪਰ ਇਸ ਮਤੇ ਵਿੱਚ ਇਹ ਗੱਲ ਨਹੀਂ, ਇਸ ਲਈ ਹੋਰ ਕੋਈ ਬਦਲ ਨਾ ਹੋਣ ਕਾਰਨ ਉਹ ਇਸ ਮਤੇ ਦੇ ਖਿਲਾਫ ਵੋਟ ਪਾ ਰਿਹਾ ਹੈ। ਭਾਰਤ ਨੇ ਪੈਰਿਸ ਸਮਝੌਤੇ ਮੁਤਾਬਕ ਵਿਕਾਸਸ਼ੀਲ ਦੇਸ਼ਾਂ ਲਈ ਇੱਕ ਖਰਬ ਡਾਲਰ ਦੀ ਮਦਦ ਬਗੈਰ ਦੇਰੀ ਦੇ ਜਾਰੀ ਕਰਨ ਦੀ ਮੰਗ ਕੀਤੀ। ਵਾਤਾਵਰਣ ਸੁਧਾਰ ਪ੍ਰਬੰਧਾਂ ਲਈ ਇਹ ਰਕਮ ਅਮਰੀਕਾ ਸਮੇਤ ਸਾਰੇ ਵਿਕਸਤ ਦੇਸ਼ਾਂ ਨੇ ਮਿਲ ਕੇ ਦੇਣੀ ਹੈ। ਯੂ ਐੱਨ ਵਿੱਚ ਭਾਰਤ ਦੇ ਪੱਕੇ ਦੂਤ ਟੀ ਐਸ ਤਿਰੂਮੂਰਤੀ ਨੇ ਕਿਹਾ, ਵਾਤਾਵਰਣ ਸੁਧਾਰ ਲਈ ਭਾਰਤ ਦੀ ਮਨਸ਼ਾ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਚਾਹੀਦਾ। ਭਾਰਤ ਹਮੇਸ਼ਾ ਵਾਤਾਵਰਣ ਸੁਧਾਰ ਦੇ ਜ਼ਰੂਰੀ ਕਦਮਾਂ ਦਾ ਸਮਰਥਕ ਰਿਹਾ ਹੈ, ਪਰ ਕੋਈ ਕਦਮ ਚੁੱਕਦੇ ਸਮੇਂ ਅਫਰੀਕੀ ਦੇਸ਼ਾਂ ਸਮੇਤ ਸਾਰੇ ਵਿਕਾਸਸ਼ੀਲ ਦੇਸ਼ਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਇਸ ਲਈ ਚਰਚਾ ਅਤੇ ਫੈਸਲੇ ਦੀ ਸਹੀ ਥਾਂ ਯੂ ਐਨ ਐਫ ਸੀ ਸੀ ਸੀ (ਯੂਨਾਈਟਿਡ ਨੇਸ਼ਨਜ਼ ਫਰੇਮਵਰਕ ਕਨਵੈਨਸ਼ਨ ਆਨ ਕਲਾਈਮੇਟ ਚੇਂਜ) ਹੈ।

ਸੀ ਓ ਪੀ (ਕਾਨਫਰੰਸ ਆਫ ਦਿ ਪਾਰਟੀਜ਼) 26 ਦੇ ਮੁਖੀ ਆਲੋਕ ਸ਼ਰਮਾ ਨੇ ਕਿਹਾ ਕਿ ਯੂ ਐੱਨ ਦੇ ਬੈਨਰ ਹੇਠ ਗਲਾਸਗੋ ਵਿੱਚ ਨਵੰਬਰ ਵਿੱਚ ਹੋਏ ਵਾਤਾਵਰਣ ਸੰਮੇਲਨ ਵਿੱਚ ਧਰਤੀ ਦਾ ਤਾਪਮਾਨ 1.5 ਡਿਗਰੀ ਸੈਲਸੀਅਸ ਤੋਂ ਘੱਟ ਰੱਖਣ ਉਤੇ ਸਹਿਮਤੀ ਬਣੀ ਹੈ, ਪਰ ਇਹ ਅਧੂਰੀ ਕਾਮਯਾਬੀ ਹੈ। ਉਨ੍ਹਾਂ ਨੇ ਇਸ ਉਦੇਸ਼ ਦੀ ਪ੍ਰਾਪਤੀ ਲਈ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਜ਼ਰੂਰੀ ਕਦਮ ਚੁੱਕਣ ਲਈ ਬੇਨਤੀ ਕੀਤੀ ਹੈ। ਭਾਰਤੀ ਸਨਅਤ ਕਨਫੈਡਰੇਸ਼ਨ ਦੇ ਪਾਰਟਨਰਸ਼ਿਪ ਸਮਿਟ ਵਿੱਚ ਆਪਣੇ ਵਰਚੁਅਲ ਸੰਬੋਧਨ ਵਿੱਚ ਸ਼ਰਮਾ ਨੇ ਕਿਹਾ, ਵਾਤਾਵਰਣ ਸੁਧਾਰ ਲਈ ਪੂਰੇ ਆਰਥਿਕ ਜਗਤ ਵਿੱਚ ਕਦਮ ਚੁੱਕੇ ਜਾਣ ਦੀ ਜ਼ਰੂਰਤ ਹੈ। ਸਾਰੇ ਦੇਸ਼ਾਂ ਤੇ ਕੰਪਨੀਆਂ ਨੂੰ ਆਪਣੇ ਉਸ ਬਚਨ ਦਾ ਪਾਲਣ ਕਰਨਾ ਚਾਹੀਦਾ ਹੈ, ਜੋ ਉਨ੍ਹਾਂ ਨੇ ਗਲਾਸਗੋ ਦੇ ਸੰਮੇਲਨ ਵਿੱਚ ਦਿੱਤੇ ਸਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca


# ਤੇਜ਼ੀ ਨਾਲ ਵੱਧ ਸਕਦੇ ਹਨ ਓਮਾਈਕ੍ਰੌਨ ਦੇ ਮਾਮਲੇ : ਟੈਮ

ਓਨਟਾਰੀਓ, 16 ਦਸੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਕੈਨੇਡਾ ਦੀ ਉੱਘੀ ਡਾਕਟਰ ਨੇ ਕਿਹਾ ਹੈ ਕਿ ਹੁਣ ਕੋਵਿਡ-19 ਵੇਰੀਐਂਟ ਦਾ ਦੇਸ਼ ਵਿੱਚ ਕਮਿਊਨਿਟੀ ਟਰਾਂਸਮਿਸ਼ਨ ਸ਼ੁਰੂ ਹੋ ਗਿਆ ਹੈ। ਉਨ੍ਹਾਂ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਵਿੱਚ ਤੇਜ਼ੀ ਨਾਲ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ।

ਚੀਫ ਪਬਲਿਕ ਹੈਲਥ ਆਫੀਸਰ ਡਾ• ਥੈਰੇਸਾ ਟੈਮ ਨੇ ਆਖਿਆ ਕਿ ਇਸ ਸਮੇਂ ਓਨਟਾਰੀਓ ਵਿੱਚ ਹਾਲਾਤ ਇੱਕ ਵਾਰੀ ਮੁੜ ਤੇਜ਼ੀ ਨਾਲ ਬਦਲ ਰਹੇ ਹਨ। ਇਸ ਸਮੇਂ ਓਨਟਾਰੀਓ ਵਿੱਚ 21 ਫੀ ਸਦੀ ਮਾਮਲੇ ਓਮਾਈਕ੍ਰੌਨ ਦੇ ਹੀ ਮਿਲ ਰਹੇ ਹਨ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਕੈਨੇਡਾ ਦਾ ਪਬਲਿਕ ਹੈਲਥ ਸਿਸਟਮ ਖਤਰਨਾਕ ਢੰਗ ਨਾਲ ਪਤਲਾ ਪੈ ਚੁੱਕਿਆ ਹੈ। ਉਨ੍ਹਾਂ ਆਖਿਆ ਕਿ ਭਾਵੇਂ ਪਹਿਲਾਂ ਤੋਂ ਹੀ ਚਰਮਰਾ ਚੁੱਕੇ ਸਿਸਟਮ ਨੇ ਕੋਵਿਡ-19 ਚੁਣੌਤੀ ਨੂੰ ਸਾਂਭ ਲਿਆ ਪਰ ਸਾਨੂੰ ਭਵਿੱਖ ਵਿੱਚ ਸਿਹਤ ਸੰਕਟ ਲਈ ਹੋਰ ਤਿਆਰੀ ਕਰਨ ਦੀ ਲੋੜ ਹੋਵੇਗੀ।

ਉਨ੍ਹਾਂ ਆਖਿਆ ਕਿ ਮਹਾਂਮਾਰੀ ਕਾਰਨ ਹੈਲਥ ਵਰਕਰਜ਼ ਨੂੰ ਕਾਫੀ ਨੁਕਸਾਨ ਹੋਇਆ ਹੈ, ਸਾਨੂੰ



ਰਕਰੂਟਮੈਂਟ ਵਿੱਚ ਸੁਧਾਰ ਕਰਨਾ ਚਾਹੀਦਾ ਹੈ ਤੇ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਸੰਕਟ ਲਈ ਸਟਾਫ ਨੂੰ ਸਹੇਜ ਕੇ ਰੱਖਣਾ ਹੋਵੇਗਾ। ਕੈਨੇਡਾ ਦੇ ਪਬਲਿਕ ਹੈਲਥ ਸਰਵੇਲੈਂਸ ਤੇ ਡਾਟਾ ਸਿਸਟਮਜ਼ ਵਿਚਲੇ ਖੱਪੇ ਦਾ ਵੀ ਟੈਮ ਨੇ ਜ਼ਿਕਰ ਕੀਤਾ। ਉਨ੍ਹਾਂ ਪੈਨ ਕੈਨੇਡੀਅਨ ਹੈਲਥ ਡਾਟਾ ਸਟ੍ਰੈਟੇਜੀ ਲਾਗੂ ਕਰਨ ਉੱਤੇ ਵੀ ਜ਼ੋਰ ਦਿੱਤਾ।

ਟੈਮ ਨੇ ਕਰੌਸ ਆਰਗੇਨਾਈਜ਼ੇਸ਼ਨਲ, ਕਰੌਸ ਡਿਪਾਰਟਮੈਂਟਲ ਤੇ ਕਰੌਸ ਗਵਰਮੈਂਟਲ ਸਹਿਯੋਗ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ ਤਾਂ ਕਿ ਪਬਲਿਕ ਹੈਲਥ ਟੂਲਜ਼ ਨੂੰ ਬਿਹਤਰ ਢੰਗ ਨਾਲ ਸ਼ੇਅਰ ਕੀਤਾ ਜਾ ਸਕੇ। ਉਨ੍ਹਾਂ ਇਹ ਵੀ ਆਖਿਆ ਕਿ ਪਬਲਿਕ ਹੈਲਥ ਸਿਸਟਮਜ਼ ਲਈ ਸਾਨੂੰ ਲਗਾਤਾਰ ਫੰਡਿੰਗ ਦੀ ਲੋੜ ਹੈ।

## ਕੋਵਿਡ-19 ਬੂਸਟਰ ਡੋਜ਼ ਬੁੱਕ ਕਰਵਾ ਸਕਦੇ ਹਨ 50 ਸਾਲ ਤੇ ਇਸ ਤੋਂ ਵੱਧ ਉਮਰ ਦੇ ਓਨਟਾਰੀਓ ਵਾਸੀ



ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : 50 ਸਾਲ ਤੇ ਇਸ ਤੋਂ ਵੱਧ ਉਮਰ ਦੇ ਓਨਟਾਰੀਓ ਵਾਸੀ ਅੱਜ ਤੋਂ ਕੋਵਿਡ-19 ਬੂਸਟਰ ਡੋਜ਼ ਬੁੱਕ ਕਰਵਾ ਸਕਦੇ ਹਨ ਬਸ਼ਰਤੇ ਉਨ੍ਹਾਂ ਦੀ ਦੂਜੀ ਡੋਜ਼ ਨੂੰ ਲੱਗਿਆਂ ਛੇ ਮਹੀਨੇ ਦਾ ਸਮਾਂ ਹੋ ਚੁੱਕਿਆ ਹੋਵੇ।

ਪ੍ਰੋਵਿੰਸ਼ੀਅਲ ਵੈਕਸੀਨ ਬੁਕਿੰਗ ਪੋਰਟਲ ਸਵੇਰੇ 8:00 ਵਜੇ ਤੋਂ ਅਪੁਆਇੰਟਮੈਂਟਸ ਲਈ ਖੁੱਲ੍ਹੇਗਾ। ਲੋਕ ਫੋਨ ਰਾਹੀਂ, ਲੋਕਲ ਪਬਲਿਕ ਹੈਲਥ ਯੂਨਿਟਸ ਰਾਹੀਂ ਆਪਣੇ ਨਿਜੀ ਬੁਕਿੰਗ ਸਿਸਟਮਜ਼ ਰਾਹੀਂ ਤੇ ਕੁੱਝ ਫਾਰਮੇਸੀਜ਼ ਤੇ ਪ੍ਰਾਈਮਰੀ ਕੇਅਰ ਕਲੀਨਿਕਸ ਰਾਹੀਂ ਇਹ ਅਪੁਆਇੰਟਮੈਂਟਸ ਬੁੱਕ ਕਰਵਾ ਸਕਦੇ ਹਨ।

ਸਾਰੇ ਬਾਲਗ ਬੂਸਟਰ ਡੋਜ਼ ਲਈ 4 ਜਨਵਰੀ ਤੋਂ ਯੋਗ ਹੋ ਜਾਣਗੇ ਪਰ ਪ੍ਰੋਵਿੰਸ ਦੇ ਉੱਘੇ ਡਾਕਟਰ ਦਾ ਕਹਿਣਾ ਹੈ ਕਿ ਜੇ ਕਪੈਸਿਟੀ ਇਜਾਜ਼ਤ ਦਿੰਦੀ ਹੈ ਤਾਂ ਇਹ ਸ਼ਡਿਊਲ ਹੋਰ ਤੇਜ਼ੀ ਨਾਲ ਅੱਗੇ ਵੱਧ ਸਕਦਾ ਹੈ। ਅੱਜ ਪ੍ਰੋਵਿੰਸ ਦੇ ਲਾਂਗ ਟਰਮ ਕੇਅਰ ਵਰਕਰਜ਼ ਦੇ ਕੋਵਿਡ-19 ਖਿਲਾਫ ਪੂਰੀ ਤਰ੍ਹਾਂ ਟੀਕਾਕਰਣ ਕਰਵਾਉਣ ਦੀ ਵੀ ਆਖਰੀ ਤਰੀਕ ਹੈ। ਸਟਾਫ, ਵਿਦਿਆਰਥੀ ਤੇ ਵਾਲੰਟੀਅਰਜ਼ ਦੋਵਾਂ ਡੋਜ਼ਾਂ ਦਾ ਸਬੂਤ ਦਿੱਤੇ ਬਿਨਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਦਾਖਲ ਨਹੀਂ ਹੋ ਸਕਦੇ।

## ਚਰਚ ਦੀਆਂ ਪੌੜੀਆਂ ਉੱਤੇ ਸੁੱਤੇ ਪਏ ਵਿਅਕਤੀ ਉੱਤੇ ਅਣਪਛਾਤੇ ਵਿਅਕਤੀ ਨੇ ਕੀਤਾ ਹਮਲਾ




ਹੈਮਿਲਟਨ, 16 ਦਸੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਡਾਊਨਟਾਊਨ ਦੇ ਚਰਚ ਦੀਆਂ ਪੌੜੀਆਂ ਉੱਤੇ ਇੱਕ ਸੁੱਤੇ ਹੋਏ ਵਿਅਕਤੀ ਉੱਤੇ ਹਮਲਾ ਕਰਨ ਵਾਲੇ ਮਸ਼ਕੂਕ ਦੀ ਹੈਮਿਲਟਨ ਪੁਲਿਸ ਵੱਲੋਂ ਤੇਜ਼ੀ ਨਾਲ ਭਾਲ ਕੀਤੀ ਜਾ ਰਹੀ ਹੈ।

ਐਤਵਾਰ ਤੜ੍ਹਕੇ 4:30 ਵਜੇ ਹੈਮਿਲਟਨ ਦੇ ਜੇਮਜ਼ ਸਟਰੀਟ ਸਾਊਥ ਤੇ ਜੈਕਸਨ ਸਟਰੀਟ ਏਰੀਆ ਵਿੱਚ ਸੇਂਟ ਜੇਮਜ਼ ਚਰਚ ਦੇ ਬਾਹਰ ਪੌੜੀਆਂ ਉੱਤੇ ਇੱਕ ਵਿਅਕਤੀ ਸੁੱਤਾ ਪਿਆ ਸੀ ਜਦੋਂ ਇੱਕ ਅਣਪਛਾਤਾ ਵਿਅਕਤੀ ਅਚਾਨਕ ਉੱਥੇ ਆਇਆ ਤੇ ਉਸ ਨੇ ਉਸ ਉੱਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਇਸ ਘਟਨਾ ਦੌਰਾਨ ਮਸ਼ਕੂਕ ਵੱਲੋਂ ਉਸ ਨੂੰ ਗੋਲੀ ਵੀ ਮਾਰੀ। ਬਚਾਅ ਇਹ ਰਹਿ ਗਿਆ ਕਿ ਉਸ ਨੂੰ ਕੋਈ ਜਾਨਲੇਵਾ ਸੱਟ ਨਹੀਂ ਲੱਗੀ।

ਪਹਿਲਾਂ ਮਸ਼ਕੂਕ ਉੱਥੋਂ ਭੱਜਿਆ ਤੇ ਫਿਰ ਉੱਥੇ ਨੇੜੇ ਹੀ ਉਡੀਕ ਕਰ ਰਹੀ ਗੂੜ੍ਹੀ ਸੇਡਾਨ ਵਿੱਚ ਸਵਾਰ ਹੋ ਕੇ ਫਰਾਰ ਹੋ ਗਿਆ। ਪੁਲਿਸ ਵੱਲੋਂ ਚਸ਼ਮਦੀਦਾਂ ਨੂੰ ਸਾਹਮਣੇ ਆਉਣ ਲਈ

## ਡੰਡਸ ਸਕੁਏਅਰ ਉੱਤੇ ਚਲੀ ਗੋਲੀ, ਇੱਕ ਜ਼ਖ਼ਮੀ



ਟੋਰਾਂਟੋ, 16 ਦਸੰਬਰ (ਪੋਸਟ ਬਿਊਰੋ) : ਬੀਤੇ ਦਿਨੀ ਯੰਗ ਡੰਡਸ ਸਕੁਏਅਰ ਉੱਤੇ ਐਤਵਾਰ ਸਵੇਰੇ ਛਾਤੀ ਵਿੱਚ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਗੋਲੀ ਚੱਲਣ ਦੀ ਰਿਪੋਰਟ ਮਿਲਣ ਤੋਂ ਬਾਅਦ ਪੁਲਿਸ ਨੂੰ ਸਵੇਰੇ 2:00 ਵਜੇ ਇਲਾਕੇ ਵਿੱਚ ਸੱਦਿਆ ਗਿਆ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਦੀ ਛਾਤੀ ਉੱਤੇ ਗੋਲੀ ਲੱਗੀ ਸੀ। ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।


ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ
ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਅਤੇ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਵੀਰਵਾਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਦੀਆਂ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ!

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887 ਸਤਪਾਲ ਸਿੰਘ ਗਰੇਵਾਲ ਨੂੰ 519-405-0075 , ਜਸਵੰਤ ਸਿੰਘ ਰਜ਼ੂਲ 647-856-9612 ਜਾਂ ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨੂੰ ਸੰਪਰਕ ਕਰੋ ਜੀ।

# ਮਿਲਟਰੀ ਵਿਚ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਮੈਂਬਰਾਂ ਤੋਂ ਆਨੰਦ ਨੇ ਮੰਗੀ ਮੁਆਫੀ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਫੈਡਰਲ ਸਰਕਾਰ ਦੇ ਪੱਖ ਉੱਤੇ ਫੌਜ ਵਿੱਚ ਰਹਿੰਦਿਆਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਮੈਂਬਰਜ਼ ਤੋਂ ਮੁਆਫੀ ਮੰਗਦਿਆਂ ਆਖਿਆ ਕਿ ਫੈਡਰਲ ਸਰਕਾਰ ਉਨ੍ਹਾਂ ਦੀ ਹਿਫਾਜ਼ਤ ਕਰਨ ਵਿੱਚ ਅਸਫਲ ਰਹੀ ਜਿਨ੍ਹਾਂ ਨੇ ਰਲ ਕੇ ਕੈਨੇਡਾ ਦੀ ਹਿਫਾਜ਼ਤ ਕਰਨ ਦਾ ਬੀੜਾ ਚੁੱਕਿਆ ਸੀ।

ਜਿਨਸੀ ਸ਼ੋਸ਼ਣ ਦਾ ਸ਼ਿਕਾਰ ਮਿਲਟਰੀ ਮੈਂਬਰਾਂ ਨੂੰ ਨਿਆਂ ਤੇ ਜਵਾਬਦੇਹੀ ਦੀ ਗਰੰਟੀ ਵਾਸਤੇ ਸਹੀ ਸਿਸਟਮ ਯਕੀਨੀ ਨਾ ਬਣਾ ਸਕਣ ਲਈ ਵੀ ਆਨੰਦ ਨੇ ਮੁਆਫੀ ਮੰਗੀ। ਉਨ੍ਹਾਂ ਆਖਿਆ ਕਿ ਸ਼ਕਤੀ ਦੀ ਦੁਰਵਰਤੋਂ ਕਾਰਨ ਹੀ ਡਿਫੈਂਸ ਟੀਮ ਦਾ ਵਿਸ਼ਵਾਸ ਟੁੱਟਿਆ। ਜਿੰਨੀਆ ਕਮੀਆਂ ਆਨੰਦ ਨੇ ਗਿਣਾਈਆਂ ਉਨ੍ਹਾਂ ਨੂੰ ਦੂਰ ਕਰਨ ਲਈ ਸਰਕਾਰ ਕੀ ਕਰ ਰਹੀ ਹੈ ਜਾਂ ਕੀ ਕਰੇਗੀ ਇਸ ਬਾਰੇ ਉਨ੍ਹਾਂ ਕੋਈ ਜਾਣਕਾਰੀ ਨਹੀਂ ਦਿੱਤੀ।

ਆਨੰਦ ਤੋਂ ਇਲਾਵਾ ਅਜੇ ਡਿਫੈਂਸ ਚੀਫ ਜਨਰਲ ਵੇਅਨ ਆਇਰ ਤੇ ਰੱਖਿਆ ਵਿਭਾਗ ਦੇ ਡਿਪਟੀ ਮੰਤਰੀ ਜੋਡੀ ਥਾਮਸ ਵੱਲੋਂ ਵੀ ਆਪਣੀਆਂ ਸਬੰਧਤ ਸੰਸਥਾਵਾਂ ਦੇ ਪੱਖ ਉੱਤੇ ਮੁਆਫੀ ਮੰਗੀ



ਜਾਣੀ ਬਾਕੀ ਹੈ। ਇਸ ਤੋਂ ਪਹਿਲਾਂ ਫੈਡਰਲ ਲਿਬਰਲ ਸਰਕਾਰ ਨੂੰ ਮਿਲਟਰੀ ਵਿੱਚ ਜਿਨਸੀ ਸ਼ੋਸ਼ਣ ਦੇ ਉੱਠੇ ਮਾਮਲਿਆਂ ਦੇ ਸਬੰਧ ਵਿੱਚ ਕੋਈ ਠੋਸ ਕਾਰਵਾਈ ਨਾ ਕਰਨ ਲਈ ਕਾਫੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ ਸੀ।

ਆਨੰਦ ਵੱਲੋਂ ਮੰਗੀ ਮੁਆਫੀ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਸ ਤਰ੍ਹਾਂ ਦੇ ਅਢੁਕਵੇਂ ਤੇ ਗੈਰਕਾਨੂੰਨੀ ਵਿਵਹਾਰ ਤੋਂ ਪ੍ਰਭਾਵਿਤ ਸਾਡੇ ਮਿਲਟਰੀ ਮੈਂਬਰਜ਼ ਦੇ ਦਿਲਾਂ ਉੱਤੇ ਮਲ੍ਹਮ ਲਾਉਣੀ ਬਹੁਤ ਜ਼ਰੂਰੀ ਹੋ ਜਾਂਦੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸਮੱਸਿਆ ਦੇ ਜੜ੍ਹ ਤੋਂ ਸਫਾਏ ਤੋਂ ਪਹਿਲਾਂ ਅਜੇ ਸਰਕਾਰ ਵੱਲੋਂ ਕਾਫੀ ਕੁੱਝ ਕੀਤੇ ਜਾਣ ਦੀ ਲੋੜ ਹੈ।

# ਕੋਵਿਡ-19 ਕਾਰਨ ਹਾਲਾਤ ਹੋਰ ਵਿਗੜਨ ਉੱਤੇ ਫੈਡਰਲ ਸਰਕਾਰ ਕੈਨੇਡੀਅਨਜ਼ ਦੀ ਮੁੜ ਕਰੇਗੀ ਮੱਦਦ : ਟਰੂਡੋ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਇਨ੍ਹਾਂ ਸਰਦੀਆਂ ਵਿੱਚ ਜੇ ਕੋਵਿਡ-19 ਕਾਰਨ ਮਾਮਲੇ ਇੱਕ ਵਾਰੀ ਫਿਰ ਵੱਧਦੇ ਹਨ ਤਾਂ ਫੈਡਰਲ ਸਰਕਾਰ ਕੈਨੇਡੀਅਨਜ਼ ਦੀ ਆਰਥਿਕ ਮਦਦ ਜ਼ਰੂਰ ਕਰੇਗੀ। ਇਹ ਗੱਲ ਫੈਡਰਲ ਸਰਕਾਰ ਨੇ ਆਖੀ।

ਬੀਤੇ ਦਿਨੀਂ ਇੱਕ ਇੰਟਰਵਿਊ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਚੇਤਾਵਨੀ ਦਿੰਦਿਆਂ ਆਖਿਆ ਕਿ



ਓਮਾਇਕ੍ਰੌਨ ਵੇਰੀਐਂਟ ਦੇ ਕੈਨੇਡਾ ਵਿੱਚ ਦਾਖਲ ਹੋਣ ਤੋਂ ਬਾਅਦ ਇੱਕ ਵਾਰੀ ਫਿਰ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਆਖਿਆ ਕਿ ਛੁੱਟੀਆਂ ਦੇ ਮਾਹੌਲ ਵਿੱਚ ਇਨ੍ਹਾਂ ਮਾਮਲਿਆਂ ਵਿੱਚ ਹੋਰ ਵਾਧਾ ਹੋਣ ਦਾ ਖਤਰਾ ਹੈ ਤੇ ਅਗਾਂਹ ਲਾਕਡਾਊਨਜ਼ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਟਰੂਡੋ ਨੇ ਸੰਕੇਤ ਦਿੱਤਾ ਕਿ ਭਵਿੱਖ ਵਿੱਚ ਲੋੜ ਪੈਣ ਉੱਤੇ ਸਰਕਾਰ ਆਰਥਿਕ ਮਦਦ ਮੁੜ ਮੁਹੱਈਆ ਕਰਵਾ ਸਕਦੀ ਹੈ। ਉਨ੍ਹਾਂ ਆਖਿਆ ਕਿ ਹਾਊਸ ਆਫ ਕਾਮਨਜ਼ ਵਿੱਚ ਅਸੀਂ ਇਸ ਸਬੰਧ ਵਿੱਚ ਬਿੱਲ ਵੀ ਪੇਸ਼ ਕੀਤਾ ਹੋਇਆ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਜੇ ਲੋਕਾਂ ਨੂੰ ਔਖਾ ਸਮਾਂ ਮੁੜ ਵੇਖਣਾ ਪੈਂਦਾ ਹੈ ਤੇ ਜੇ ਹੋਰ ਪਾਬੰਦੀਆਂ ਦੀ ਲੋੜ ਮਿਊਂਸਪੈਲਿਟੀਜ਼ ਨੂੰ ਜਾਂ ਰੀਜਨਜ਼ ਨੂੰ ਪੈਂਦੀ ਹੈ ਤਾਂ ਅਸੀਂ ਪਹਿਲਾਂ ਵਾਂਗ ਹੀ ਖੱਲ੍ਹ ਕੇ ਲੋਕਾਂ ਦੀ ਮਦਦ ਕਰ ਸਕੀਏ।

ਜ਼ਿਕਰਯੋਗ ਹੈ ਕਿ ਹਾਊਸ ਆਫ ਕਾਮਨਜ਼ ਵਿੱਚ ਲਿਬਰਲਾਂ ਵੱਲੋਂ ਪੇਸ਼ 7.4 ਬਿਲੀਅਨ ਡਾਲਰ ਦੇ ਏਡ ਬਿੱਲ ਨੂੰ ਸੀ-2 ਦਾ ਨਾਂ ਦਿੱਤਾ ਗਿਆ ਹੈ। ਲਿਬਰਲਾਂ ਦਾ ਪ੍ਰਸਤਾਵ ਪੈਨਡੈਮਿਕ ਏਡ ਨੂੰ ਮਈ 2022 ਤੱਕ ਵਧਾਉਣ ਦਾ ਹੈ ਤਾਂ ਕਿ ਸੰਘਰਸ਼ ਕਰ ਰਹੇ ਬਿਜ਼ਨਸਿਜ਼ ਦੀ ਮਦਦ ਹੋ ਸਕੇ। ਇਸ ਬਿੱਲ ਵਿੱਚ ਵਾਇਰਸ ਦੇ ਮੁੜ ਸਿਰ ਚੁੱਕਣ ਦੀ ਸੂਰਤ ਵਿੱਚ ਵਰਕਰਜ਼ ਨੂੰ ਹਫਤੇ ਦੇ 300 ਡਾਲਰ ਦੇਣ ਦੀ ਗੱਲ ਵੀ ਆਖੀ ਗਈ ਹੈ। ਲਿਬਰਲ ਇਹ ਵੀ ਚਾਹੁੰਦੇ ਹਨ ਕਿ ਇਹ ਬਿੱਲ ਇਸ ਹਫਤੇ ਦੇ ਅੰਤ ਤੋਂ ਪਹਿਲਾਂ ਹੀ ਮਨਜ਼ੂਰ ਹੋ ਜਾਵੇ।

# ਓਟਵਾ ਨਾਲ ਨਵੀਂ ਚਾਈਲਡ ਕੇਅਰ ਡੀਲ ਸਾਈਨ ਨਾ ਕਰਨ ਵਾਲਾ ਓਨਟਾਰੀਓ ਇੱਕਮਾਤਰ ਪ੍ਰੋਵਿੰਸ

ਓਟਵਾ, 16 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਹੀ ਇੱਕਮਾਤਰ ਅਜਿਹਾ ਪ੍ਰੋਵਿੰਸ ਰਹਿ ਗਿਆ ਹੈ ਜਿਸ ਨੇ ਓਟਵਾ ਨਾਲ 10 ਡਾਲਰ ਪ੍ਰਤੀ ਦਿਨ ਵਾਲੀ ਚਾਈਲਡ ਕੇਅਰ ਡੀਲ ਸਾਈਨ ਨਹੀਂ ਕੀਤੀ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਨਿਊ ਬਰੰਜ਼ਵਿੱਕ ਨਾਲ ਵੀ ਪ੍ਰੋਵਿੰਸਾਂ ਦੀ ਡੇਅਕੇਅਰ ਉੱਤੇ ਹੋਣ ਵਾਲੇ ਖਰਚੇ ਨੂੰ ਘਟਾਉਣ ਲਈ ਡੀਲ ਸਾਈਨ ਕੀਤੀ। ਟਰੂਡੋ ਨੇ ਆਖਿਆ ਕਿ ਮੌਂਕਟਨ ਤੇ ਫਰੈਡਰਿਕਟਨ ਵਰਗੀਆਂ ਥਾਂਵਾਂ ਉੱਤੇ ਪਰਿਵਾਰ ਇੱਕ ਸਾਲ ਦੇ ਔਸਤਨ 7500 ਡਾਲਰ ਬਚਾਅ ਸਕਣਗੇ। ਇਸ ਤੋਂ ਇਲਾਵਾ ਅਸੀਂ 3400 ਨਵੀਆਂ ਥਾਂਵਾਂ ਸਿਰਜਣ ਵਿੱਚ ਵੀ ਕਾਮਯਾਬ ਰਹਾਂਗੇ। ਟਰੂਡੋ ਨੇ ਆਖਿਆ ਕਿ ਅਗਲੇ ਸਾਲ ਨਿਊ ਬਰੰਜ਼ਵਿੱਕ ਵਿੱਚ ਡੇਅਕੇਅਰ ਫੀਸ ਅੱਧੀ ਰਹਿ ਜਾਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਫੈਡਰਲ ਸਰਕਾਰ ਅਗਲੇ ਪੰਜ ਸਾਲਾਂ



ਵਿੱਚ 30 ਬਿਲੀਅਨ ਡਾਲਰ ਖਰਚ ਕੇ ਦੇਸ਼ ਭਰ ਵਿੱਚ ਚਾਈਲਡਕੇਅਰ ਫੀਸ 10 ਡਾਲਰ ਪ੍ਰਤੀ ਦਿਨ ਤੱਕ ਲਿਆਉਣਾ ਚਾਹੁੰਦੀ ਹੈ। ਟਰੂਡੋ ਦਾ ਕਹਿਣਾ ਹੈ ਕਿ ਅਜਿਹਾ ਕਰਕੇ ਅਸੀਂ ਕੈਨੇਡੀਅਨਜ਼ ਦੀ ਜ਼ਿੰਦਗੀ ਹਰ ਸੁਖਾਲੀ ਬਣਾਉਣੀ ਚਾਹੁੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਇਸ ਸਕੀਮ ਦਾ ਫਾਇਦਾ ਉਠਾ ਕੇ ਵਧੇਰੇ ਮਾਂਵਾਂ ਵਰਕਫੋਰਸ ਵਿੱਚ ਮੁੜ ਹਿੱਸਾ ਪਾਉਣ। ਪਰ ਪ੍ਰੀਮੀਅਰ ਡੱਗ ਫੋਰਡ ਵੱਲੋਂ ਫੈਡਰਲ ਸਰਕਾਰ ਉੱਤੇ ਇਹ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਓਨਟਾਰੀਓ ਲਈ ਹੋਰ ਪੈਸੇ ਚਾਹੁੰਦੇ ਹਨ ਜੋ ਕਿ ਮੁੱਢਲੇ ਪੰਜ ਸਾਲਾਂ ਵਾਲੇ ਪਲੈਨ ਤੋਂ ਵੀ ਅਗਾਂਹ ਜਾਰੀ ਰਹਿ ਸਕਣ। ਟਰੂਡੋ ਨੇ ਆਖਿਆ ਕਿ ਸਰਕਾਰ ਅਜੇ ਵੀ ਓਨਟਾਰੀਓ ਵੱਲੋਂ ਆਪਣੀ ਮੰਗ ਲਈ ਸਾਫ ਅੰਕੜਿਆਂ ਨਾਲ ਐਕਸ਼ਨ ਪਲੈਨ ਜਮ੍ਹਾਂ ਕਰਵਾਉਣ ਦੀ ਉਡੀਕ ਕਰ ਰਹੀ ਹੈ। ਇਸ ਦੌਰਾਨ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਟਰੂਡੋ ਸਰਕਾਰ ਨਾਲ ਸਹੀ ਡੀਲ ਕਰਨ ਵਾਸਤੇ ਪ੍ਰੋਵਿੰਸ ਵਚਨਬੱਧ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਰਵੀਦਾਸੀਆ/ਰਾਮਦਾਸੀਆ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਕੈਨੀਡੀਅਨ ਸਿਟੀਜ਼ਨ, ਕੈਨੇਡਾ ਵਿਚ ਸਰਕਾਰੀ ਨੌਕਰੀ ਕਰ ਰਹੇ ਲੜਕੇ ਲਈ ਯੋਗ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ 21 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਪਿੱਛੋਂ ਪਰਿਵਾਰ ਲੁਧਿਆਣੇ ਤੋਂ ਹੈ। ਸੰਪਰਕ: 905-996-0127, 416-728-9390

## ਲੜਕੀ ਦੀ ਲੋੜ

ਸੁਨਿਆਰਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਵਾਸਤੇ ਪੰਜਾਬੀ ਲੜਕੀ ਦੀ ਲੋੜ ਹੈ ਲੜਕੇ ਦੀ ਉਮਰ 36 ਸਾਲ, ਕੱਦ 5' 11", MSc Computer Science, ਕੈਨੇਡੀਅਨ ਪੀ. ਆਰ. Web Developer ਦੀ ਚੰਗੀ ਜੋਬ ਕਰ ਰਿਹਾ ਹੈ। ਸੰਪਰਕ ਕਰੋ: ਮਨੋਹਰ ਸਿੰਘ ਵਿਰਦੀ 416-671-1214

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com





STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਈਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

You can Place Your Business Here
To Reach Wider Audience
(905)793-2202
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲ਼ੈਂਗਾ, ਅਤੇ ਕੋਈ ਵੀ ਡੀਜ਼ਾਈਨਰ ਸੂਟ ਸਵੌਣ ਲਈ ਸੰਪਰਕ ਕਰੋ:
01191-9779100149

# ਪੰਜਾਬ ਕਾਂਗਰਸ ਦੀ ਕੰਪੇਨ ਕਮੇਟੀ ਦੀ ਬੈਠਕ ਵਿੱਚ ਅਗਲੀ ਚੋਣ ਨੀਤੀ ਉੱਤੇ ਵਿਚਾਰਾਂ

## * ਸਿੱਧੂ ਨੇ ਕਈ ਗੱਲਾਂ ਉੱਤੇ ਨੁਕਤਾਚੀਨੀ ਕੀਤੀ



ਚੰਡੀਗੜ੍ਹ, 16 ਦਸੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੀ ਚੋਣ ਪ੍ਰਚਾਰ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਬੁੱਧਵਾਰ ਨੂੰ ਕੰਪੇਨ ਕਮੇਟੀ ਦੀ ਪਹਿਲੀ ਬੈਠਕ ਬੁਲਾਈ ਤਾਂ ਇਸਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਵੀ ਹਾਜ਼ਰ ਸਨ। ਇਸ ਬੈਠਕ ਵਿੱਚ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਆਲ ਇੰਡੀਆ ਕਾਂਗਰਸ ਕਮੇਟੀ ਦੇ ਸੈਕਟਰੀ ਤੇ ਵਿਧਾਇਕ ਰਮਿੰਦਰ ਆਂਵਲਾਸਮੇਤ ਕਈ ਨੇਤਾ ਸ਼ਾਮਲ ਹੋਏ ਤੇ ਇਸ ਦੌਰਾਨ ਅਗਲੇ ਸਾਲ ਹੋਣ ਵਾਲੀਆਂ ਵਿਧਾਨਸਭਾ ਚੋਣਾਂ ਦੀ ਰਣਨੀਤੀ ਉੱਤੇਵਿੱਚਾਰ ਕੀਤਾ ਗਿਆ।

ਪਤਾ ਲੱਗਾ ਹੈ ਕਿ ਮੀਟਿੰਗ ਵਿੱਚ ਕੁਝ ਗੱਲਾਂ ਉੱਤੇ ਮੱਤਭੇਦ ਵੀ ਸਨ ਅਤੇ ਨਵਜੋਤ ਸਿੰਘ ਸਿੱਧੂਵੱਲੋਂ ਆਪਣੀ ਹੀ ਸਰਕਾਰ ਦੇ ਐਲਾਨਾਂ ਉੱਤੇ ਚੁੱਕੇ ਜਾ ਰਹੇ ਸਵਾਲਾਂ ਬਾਰੇਵੀ ਕੁਝ ਨੇਤਾਵਾਂ ਨੇ ਗੱਲ ਛੇੜੀ।ਉਂਝ ਸਾਰੇ ਨੇਤਾਵਾਂ ਨੇ ਕਿਹਾ ਕਿ ਪਾਰਟੀ ਨੂੰ ਇਕੱਠੇ ਹੋ ਕੇ ਚੋਣ ਪ੍ਰਚਾਰ ਵਿੱਚਜਾਣਾ ਚਾਹੀਦਾ ਹੈ।ਕਿਹਾ ਗਿਆ ਹੈ ਕਿ ਅਗਲੀ ਬੈਠਕ ਛੇਤੀ ਹੋਵੇਗੀ, ਜਿਸ ਵਿੱਚ ਚੋਣ ਰਣਨੀਤੀ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।ਅੱਜ ਬੈਠਕ ਤੋਂ ਬਾਅਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਚਲੇ ਗਏ, ਪਰ ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਬੰਦ ਕਮਰੇ ਵਿੱਚ ਬੈਠਕ ਚੱਲਦੀ ਰਹੀ। ਬਾਅਦ ਵਿੱਚਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਅੱਜ ਦੀ ਬੈਠਕ ਬਹੁਤ ਮਹੱਤਵ ਪੂਰਨਸੀ। ਸੁਨੀਲ ਜਾਖੜ ਵੱਲੋਂ ਬੈਠਕ ਸੱਦਣ ਬਾਰੇ ਉਨ੍ਹਾ ਕਿਹਾ ਕਿ ਸੰਗਠਿਤ ਸ਼ਕਤੀ ਜਿੱਤ ਦਾ ਆਧਾਰ ਹੁੰਦੀ ਹੈ।ਸੁਨੀਲ ਜਾਖੜ ਨਾਲ ਆਪਣੇ ਸੰਬੰਧਾਂ ਬਾਰੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਜਦੋਂ ਮੇਰੇ ਪਿਤਾ ਦੀ ਬੁੱਕ ਰਿਲੀਜ਼ ਹੋਈ ਤਾਂ ਉਸ ਦੀ ਘੁੰਡ ਚੁਕਾਈ ਸੀਨੀਅਰ ਕਾਂਗਰਸ ਨੇਤਾ ਤੇ ਸੁਨੀਲ ਜਾਖੜ ਦੇ ਪਿਤਾ ਜੀ ਡਾ. ਬਲਰਾਮ ਜਾਖੜ ਨੇ ਕੀਤੀ ਸੀ।ਸਿੱਧੂ ਨੇ ਜਾਖੜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪ੍ਰਿਯੰਕਾ ਗਾਂਧੀ ਅਤੇ ਰਾਹੁਲ ਗਾਂਧੀ ਨੇ ਪ੍ਰਤਾਪ ਸਿੰਘ ਬਾਜਵਾ ਤੇ ਸੁਨੀਲ ਜਾਖੜ ਨੂੰ ਜੋੜ ਕੇ ਪੰਜਾਬ ਕਾਂਗਰਸ ਹੋਰ ਮਜ਼ਬੂਤ ਕੀਤੀ ਹੈ।ਉਨ੍ਹਾ ਨੇ ਪੰਜਾਬ ਵਿੱਚ ਪ੍ਰਦਰਸ਼ਨ ਕਰਦੇ ਸੰਗਠਨਾਂਬਾਰੇ ਕਿਹਾ ਕਿ ਉਨ੍ਹਾਂ ਦਾ ਲੋਕਤੰਤਰਿਕ ਅਧਿਕਾਰ ਹੈ, ਅਸੀਂ ਖੁਦ ਧਰਨੇ ਵਿੱਚ ਖੜ੍ਹੇ ਹੋ ਜਾਂਦੇ ਹਾਂ। ਸਰਕਾਰ ਦਾ ਦਰਜਾ ਮਾਂ-ਬਾਪ ਦਾ ਹੈ, ਵੱਧ ਤੋਂ ਵੱਧ ਲੋਕਾਂ ਨੂੰ ਖੁਸ਼ ਰੱਖਣਾ ਚਾਹੀਦਾ ਹੈ, ਲੋਕਾਂ ਦੀ ਗੱਲ ਸੁਣਨੀ ਚਾਹੀਦੀ ਹੈ।

ਦੂਸਰੇ ਪਾਸੇ ਚੋਣ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਿੱਧੂ ਨਾਲ ਮੱਤਭੇਦਾਂਬਾਰੇ ਕਿਹਾ ਕਿ ਉਨ੍ਹਾਂ ਦੇ ਕਿਸੇ ਨਾਲ ਕੋਈ ਮੱਤਭੇਦ ਨਹੀਂ, ਉਹ ਪਾਰਟੀ ਨਾਲ ਬੱਝੇ ਹੋਏ ਹਨ, ਕਿਸੇ ਵਿਅਕਤੀ ਵਿਸ਼ੇਸ਼ ਨਾਲ ਬੱਝੇ ਹੋਏ ਨਹੀਂ। ਹਰੀਸ਼ ਚੌਧਰੀ ਨੇ ਕਿਹਾ ਕਿ ਬੈਠਕ ਦੌਰਾਨ ਚੋਣ ਰਣਨੀਤੀਦੀ ਵਿਚਾਰ ਹੋਈ ਹੈ, ਚੋਣਾਂ ਵਿੱਚ ਪੰਜਾਬ ਕਾਂਗਰਸ ਚੰਗਾ ਪ੍ਰਦਰਸ਼ਨ ਕਰੇਗੀ ਅਤੇ ਪਿਛਲੀ ਵਾਰ ਤੋਂ ਵੱਧ ਸੀਟਾਂ ਉੱਤੇ ਜਿੱਤੇਗੀ।ਆਲ ਇੰਡੀਆ ਕਾਂਗਰਸ ਕਮੇਟੀ ਦੇ ਸੈਕਟਰੀ ਤੇ ਵਿਧਾਇਕ ਰਮਿੰਦਰ ਆਂਵਲਾ ਨੇ ਕਿਹਾ ਕਿ ਬੈਠਕ ਬੜੇ ਚੰਗੇ ਮਾਹੌਲ ਵਿੱਚ ਹੋਈ ਹੈ।

Other Realtors only Promise But JAG AUJLA SOLD YOUR HOME WITH GUARANTEE
Advertisement GUARANTEED Till SOLD
Call For a Quick & Free Home Evaluation
www.BramptonQuickHomeEvaluation.com
JAG AUJLA
REAL ESTATE BROKER
416-371-7777
j.aujla@rogers.com www.jagaujla.com
RE/MAX Realty Specialist Inc., Brokerage Off: 905-456-3232
www.BramptonTopRealtor.com
ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON
BRAND NEW HOUSE FOR SALE ON ASSIGNMENT (IN CALEDON)
ਕੈਨੇਡੀ / ਦੁੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁੱਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ। ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON
Queen St / West Drive $514,905
12 laurelcrest St. 411 Queen St./West Drive
ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON
Sold, $1,280,000
$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON
24 Youngstar Tr Hwy 50/Cottrelle
2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON
Sold, $ 1,130,000
34 Winterfold Dr
CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।

Sold, $ 2.3 M
Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

Chapel Ridge
FUNERAL HOME & CREMATION CENTRE
ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ
2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ
[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਿਯਮਿਤ ਫੀਸਾਂ ਸ਼ਾਮਲ ਹਨ ]
ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ ਡਾਇਰੈਕਟਰ (ਨਿਰਦੇਸ਼ਕ) :ਸ: ਹਰਜਿੰਦਰ ਸਿੰਘ ਬਿਲਖੂ
647-966-0093
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਾਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤੇ)
info@chapelridge fh.com • www.chapelridgefh.com

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਂਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS · JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 80 West Drive, Brampton
Apply In Person to complete application in the Shipping Department

# Booster dose for 50+ now available

Check details online
or call to book

peelregion.ca/covid19vaccine

1-833-943-3900

Region of Peel
working with you



ASIAN FOOD CENTRE

MERRY CHRISTMAS & HAPPY NEW YEAR SALE

www.AsianFoodCentre.com

16TH DEC TO 2ND JAN 2021

Fresh Fruits, Vegetables, Indian & Canadian Grocery

$11.99 20LB AASHIRVAAD ATTA

$9.99 EA GOLDEN TEMPLE (YELLOW BAG)

$1.79 1G SAFFRON

$3.99 500ML DABUR MUSTARD OIL

$3.99 EA MOTHER DAIRY PANEER

$8.99 8LB ASIAN BASMATI RICE

$6.99 8LB AFC SILVER RICE

$9.99 1L PARACHUTE COCONUT OIL

$4.99 500ML ALSHIFA HONEY

3 FOR $1 70GM MAGGI MASALA NOODLE

$1.99 5PC ASHOKA NAAN TANDOORI/GARLIC

$6.99 8LB TASTY BROWN SUGAR

$4.99 4LB CHANA DAL

$4.99 4LB BLACK CHANA

$3.99 500ML KTC COCONUT OIL

$3.79 4LB ASIAN BESAN

$7.99 20PC DEEP HOMESTYLE PRATHA

$4.99 800G POPULAR SOYA CHAAP

$4.99 200ML PATANJALI ASST SHAMPOO

$9.99 2LB WAGHBAKRI TEA

$4.99 400 GM RED LABEL MASALA TEA

$4.99 2.25LB TASTY ASST COOKIES

$2.79 900G MTR VERMICELLI

$7.99 EA BRAR RASMALAI

4 FOR $1 75GM YIPPEE MASALA NOODLES

$4.49 250GM MOTHER DAIRY MAKHANI

$3.49 800G INDIAN ROOHAFZA

$0.99 400G EMIRATES NEST PASTA

$2.99 550GM BRITANNIA MILK RUSK

$1.79 (505 GM)EA BRITANNIA MILK & WHEAT RUSK

$4.49 600GM BIKANO SUJI RUSK

$2.49 600GM CAVENDISH PATTIES

$21.99 3.3LB VERKA DESI GHEE

$19.99 1.8KG BRAR DESI GHEE

$1.99 400GM ASHOKA ASSORTED PARATHA

2 FOR $1 97GM BOURBON BISCUIT

2 FOR $1 76GM BRITANNIA GOOD DAY

$15.99 1L BIKANERI ALMOND OIL

$2.49 600GM BRITANNIA PUNJABI COOKIES

$3.29 EA BIKANERI GOLGAPPE

$1.99 1L APPY FIZZ

$2.29 EA DEEP KESAR MANGO PULP

$1.49 600G BRITTANIA TIGER GLUCOSE BISCUIT

$3.99 400G BIKANO DRY PETHA

$1.29 100GM MDH DAL MAKHANI, BAINGAN BHARTHA, FISH MASALA

$4.99 2.5LB GOLDEN COOKIES

$3.49 +TAX PALMOLIVE DISHWASHER (828ML)

$0.99 400G PRAN PUFFED RICE

$1.99 375G PRAN JAM

$13.99 24X250ML PRAN ASST JUICE

2 FOR $1 100GM BRITTANIA CREAM TREAT

$2.29 300G PRAN ASST CHUTNEY

$4.99 2.5LB BIKANERI COOKIES

$2.29 50GM LG HING POWDER

$2.69 EA SHANA PARATHA

$2.99 680G DEEP CUT OKRA

$5.99 25PC POPULAR PARATHA

$0.99 310GM ASHOKA CUT & WHOLE OKRA

$1.29 (340G) EA CIAN FRESH CUT VEGETABLES

$0.99 (340G) EA CIAN FRESH CUT VEGETABLES
CUT OKRA, WHOLE OKRA, SPINACH, GREEN PEAS, CARROT DICE

$1.29 250G PRAN FLATTENED RICE (POHA)

MERRY CHRISTMAS AND HAPPY NEW YEAR

ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109 MEAT SHOP AVAILABLE
BRAMPTON 10510 Torbram Rd. 905-790-0030
BRAMPTON 10 Pannahill Dr. 905-913-8017 MEAT SHOP AVAILABLE
TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media


cupw • sttp
CANADIAN UNION OF POSTAL WORKERS
GIG WORKERS UNITED
WE DESERVE
BETTER PAY
& WORKERS'
RIGHTS
JOIN GIG WORKERS UNITED!
GigWorkersUnited.ca
Text: JOIN to 647-499-2259
join@gigworkersunited.ca
@GigWorkersUnited @GigWorkersUnite
SCAN ME
CUPE-SCFP 1979